ਲਿਖਾਰੀ ਸਭਾ ਮੋਗਾ
ਨੂੰ
ਸਮਰਪਿਤ ਅੰਕ

ਨਵੰਬਰ 1972
November 1972 ਸਾਲਾਨਾ ਚੰਦਾ ਦੇਸ 9 ਰੁਪਏ ਪ੍ਰਦੇਸ 20 ਰੁਪਏ

## ਫੇਰ *1919* | ਹਮਦਰਦ ਵੀਰ

ਸ਼ਹਿਰ ਮਾਤਮੀ ਰੁਦਨ ਵਿਚ ਚੁੱਪ ਹੈ।
ਜਵਾਨੀ ਵੇਲੇ ਹੀ ਝੁਕੀ ਕਮਰ ਵਾਂਗ
ਦੁਪਹਿਰੀਂ ਹੀ ਝੁਕ ਗਏ ਨੇ ਦੁਕਾਨਾਂ ਦੇ ਸ਼ਟਰ।

'ਆਜ਼ਾਦ' ਸੜਕਾਂ ਦੇ ਪਿਘਲੇ ਕੋਲਤਾਰ ਵਿਚ
ਖੁਭੇ ਪਏ ਨੇ ਲੋਹੇ ਦੀ ਅੱਡੀ ਵਾਲੇ ਭਾਰੇ ਬੂਟ —
ਜਿਵੇਂ ਲਰਜ਼ਦੀ ਹਿੱਕ ਵਿਚੋਂ ਰਿਸਦੇ ਜ਼ਖ਼ਮ।

ਸ਼ਹਿਰੋਂ ਦੂਰ, ਦਰਿਆ ਦੀ ਢਲਾਨ ਵਿਚ,
ਅੱਧੀ ਰਾਤ ਤੋਂ ਬਲ ਰਿਹਾ ਹੈ ਇਕ ਸਮੂਹ ਸਿਵਾ।

ਸ਼ਹਿਰ ਮਾਤਮੀ ਰੁਦਨ ਵਿਚ ਚੁੱਪ ਹੈ।
ਹਾਲੀ ਹੁਣੇ ਹੁਣੇ ਹੀ ਇਕ ਵਾਰ ਫੇਰ (ਕਈ ਵਾਰ ਪਹਿਲਾਂ)
ਦੁਹਰਾਇਆ ਗਿਆ ਹੈ
ਸਾਕਾ ਜਲ੍ਹਿਆਂ ਵਾਲੇ ਬਾਗ਼ ਦਾ।

ਪਤਾ ਨਹੀਂ ਕਿੰਨਾ ਕੁ ਚਿਰ
ਮੁੜ ਮੁੜ ਚੜ੍ਹਦਾ ਰਹੇਗਾ
ਸਾਲ 1919 ਦਾ।



# "ਕਲਮ-ਤਲਵਾਰ"

—ਸਰਦਾਰਾ ਸਿੰਘ ਮਾਹਲ

[ ਨਾਨਕ ਨੂੰ ... ... ... ]

ਬਾਬਾ ਨਾਨਕ ਤੂੰ ਕਿਹਾ ਸੀ
'ਕੂੜ ਅਮਾਵਸ ਸੱਚ ਚੰਦ੍ਰਮਾ
ਦੀਸੈ ਨਾਹੀ ਚੜਿਆ'
ਪਰ ਬਾਬਾ ਤੇਰੇ ਪੈਰੋਕਾਰ
ਤੇਰੇ ਨਾਮ ਦੇ ਠਕੇਦਾਰ
ਕੂੜ ਅਮਾਵਸ ਕਹਿਣ ਤੇ
ਸਾਡੀ ਜੀਭ ਦੇ ਸੱਚ ਨੂੰ
ਕਿੱਲਾਂ ਨਾਲ ਵਿੰਨ ਦਿੰਦੇ ਨੇ ।

ਬਾਬਾ ! ਤੇਰੇ ਹਜ਼ੂਰ ਵਿਚ
ਤੈਨੂੰ ਭੋਗ ਲਵਾਉਣ ਦੇ ਲਈ
ਬਣੇ ਹੋਏ ਪ੍ਰਸ਼ਾਦ ਦੇ ਵਿਚੋਂ
ਭਾਗੋ ਦੇ ਪੂੜਿਆਂ ਵਾਲਾ
ਖ਼ੂਨ ਵੇਖ ਲੈ ਵੱਗ ਰਹਿਆ
ਤੇਰਾ ਲਾਲੋ ਤਾਂ ਵਿਚਾਰਾ
ਕੋਧਰੇ ਦੀ ਰੋਟੀ ਨੂੰ ਤਰਸੇ
ਦੁੱਧ ਦੀਆਂ ਧਾਰਾਂ ਕਿਸ 'ਚੋਂ ਵੱਗਣ ?
ਨਾਨਕ ਅੱਜ ਫਿਰ ਕੌਡਾ ਰਾਖਸ਼
ਅਹਿੰਸਾ ਦਾ ਸਬਕ ਸਿਖਾਵੇ
ਜਦੋਂ ਕੋਈ ਜੋਧਾ ਹੱਕ ਦੀ ਖਾਤਰ
ਫੜ ਭਗੌਤੀ ਰਣ 'ਚ ਨਿਤਰੇ
ਗੋਲੀ ਮਾਰੇ, ਮਾਰ ਮੁਕਾਵੇ ।
ਤੇਰੀ ਕਵਿਤਾ ਦੇ ਗਲ ਵਿਚ
ਕਵਿਤਾ ਜੋ ਇਕ ਜੋਧੇ ਦੀ ਹੈ
ਇਕ ਰੁਮਾਲਾ ਲੈ ਰੇਸ਼ਮੀ
ਫਾਹਾ ਪਾ ਕੇ ਹੈ ਲਟਕਾਇਆ ।
ਤੇਰੇ ਪੈਰ-ਚਿੰਨ੍ਹਾਂ ਤੇ ਤੁਰਨੋਂ
ਜੋ ਬੁਜ਼ਦਿਲ ਕੰਨੀ ਕਤਰਾ ਗਏ
ਤੇਰੀ ਹੋਸ਼ ਨੂੰ ਅਰਸ਼ਾਂ ਉਤੇ
ਚਮਕਦਾ ਇਕ ਸਿਤਾਰਾ ਦੱਸਦੇ ।
ਦਸ ਨਾਨਕ ! ਮੈਂ ਇਕ ਮਨੁੱਖ
ਤਾਰਾ ਕੀਕਣ ਮੰਨ ਲਵਾਂ ?
ਜਦੋਂ ਮੈਂ ਵਿਚ ਚੁਰਾਹੇ ਖੜ ਕੇ
ਉੱਚੀ ਉੱਚੀ ਇਹ ਕਹਿੰਦਾ ਹਾਂ
'ਨਾਨਕ ਇਕ ਸੰਗਰਾਮੀ ਬੰਦਾ'
ਉਹ ਸਭ ਮੈਨੂੰ ਮੂਰਖ ਆਖਣ ।
ਬਾਬਾ ! ਤੇਰੇ ਲਾਲੋ ਆਪਣੇ
ਮੁੜ੍ਹਕੇ ਤੇ ਹੰਝੂਆਂ 'ਚ ਨਹਾਉਂਦੇ
ਹੰਝੂਆਂ ਤੇ ਮੁੜ੍ਹਕੇ ਦੀ ਗਰਮੀ
ਨਾਲ ਖ਼ੂਨ ਗਰਮ ਹੋ ਜਾਂਦਾ
ਗਰਮੀ ਬਾਹਰ ਗਲੇ 'ਚੋਂ ਆਉਂਦੀ
'ਜੋਰੀ ਮੰਗੇ ਦਾਨ' ਦੀ 'ਵਾਜ਼
ਵਿਚ ਹਵਾ ਦੇ ਗੂੰਜਣ ਲੱਗਦੀ
ਤੇਰੇ ਨਾਮ ਦੇ ਬੁਰਕੇ ਹੇਠਾਂ
ਛੁਪੇ ਭਾਗੋਆਂ ਦੀ ਗੋਲੀ
ਇਸ 'ਵਾਜ਼ ਨੂੰ ਵਿੰਨ ਦਿੰਦੀ ਏ ।
ਕੂੜ ਦੇ ਤਨ ਤੇ ਤੇਰੇ ਨਾਮ
ਦੇ ਬਸਤਰ ਪੁਆਏ ਹਨ
ਦੱਸ ! ਕੀ ਇਸ ਕੂੜ ਨੂੰ
ਬੇ-ਪਰਦ ਨਾ ਕਰਾਂ ?
ਭਾਗੋਆਂ ਦਾ ਜ਼ੁਲਮ
ਚੁਪ-ਚਾਪ ਹੀ ਜਰਾਂ ?
ਬਾਬਰ ਦੀ ਕੈਦ ਵਿਚ
ਘੁੱਟ ਘੁੱਟ ਕੇ ਮਰਾਂ ?
ਨਹੀਂ... ਨਹੀਂ... ਨਹੀਂ...
ਨਾਨਕ ਮੈਂ ਤੇਰੀ ਕਲਮ ਦੀ
ਸੁਗੰਧ ਖਾਂਦਾ ਹਾਂ
ਤੇਰੇ ਵਾਰਸ ਗੋਬਿੰਦ ਦੀ
ਤੇਗ ਦੀ ਕਸਮ ਖਾਂਦਾ ਹਾਂ
ਮੈਂ ਕਲਮ ਤੇ ਤਲਵਾਰ ਨੂੰ—
ਇਕ ਸੁਰ ਕਰਾਂਗਾ ।

---

ਡਾਇਰੈਕਟਰ ਸਿਖਿਆ ਵਿਭਾਗ, ਪੰਜਾਬ ਦੀ ਚਿੱਠੀ ਨੰਬਰ 3/11/71 ਐ. ਪੰ. ਮਿਤੀ 13/5/71 ਅਨੁਸਾਰ ਕਾਲਜਾਂ, ਸਕੂਲਾਂ ਤੇ ਸਮਾਜਿਕ ਸਿਖਿਆ ਕੇਂਦਰਾਂ ਦੀਆਂ ਲਾਇਬਰੇਰੀਆਂ ਲਈ ਮਨਜ਼ੂਰ ਸ਼ੁਦਾ ।

ਇਹ ਹਮਾਰਾ ਜੀਵਣਾ

# ਕਾਨੂੰਨ, ਪੁਲਸ, ਗੋਲੀ ਤੇ ਲੋਕ

ਗੁਰਸ਼ਰਨ ਸਿੰਘ

—ਡਿਕਸ਼ਨਰੀ ਦੇ ਅਰਥਾਂ ਵਲ ਜਾਈਏ ਤਾਂ ਪੁਲਸ ਦੀ ਸੰਸਥਾ ਇਕ ਐਸੀ ਸੰਸਥਾ ਹੈ, ਜੋ ਰਿਆਸਤ (state) ਵਲੋਂ ਕਾਨੂੰਨ ਦੀ ਰਖਵਾਲੀ ਲਈ ਮੁੱਕਰਰ ਕੀਤੀ ਜਾਂਦੀ ਹੈ। ਮਾਰਕਸਵਾਦੀ ਫ਼ਲਸਫ਼ੇ ਦੇ ਅਨੁਸਾਰ ਰਿਆਸਤ ਦਾ ਕਾਨੂੰਨ ਕਿਉਂਕਿ ਹਕੂਮਤ ਕਰਦੀ ਜਮਾਤ ਦਾ ਕਾਨੂੰਨ ਹੁੰਦਾ ਹੈ, ਇਸ ਲਈ ਪੁਲਸ ਦੀ ਸੰਸਥਾ ਦਾ ਫਰਜ਼ ਉਸ ਹਕੂਮਤ ਕਰਦੀ ਜਮਾਤ ਦੇ ਕਾਨੂੰਨ ਜਾਂ ਇਹ ਕਹਿ ਲਵੋ ਉਸ ਜਮਾਤ ਦੀ ਰਖਵਾਲੀ ਹੁੰਦਾ ਹੈ। ਪੁਲਸ ਦਾ ਲੱਛਣ ਸਮਝਣ ਲਈ ਜ਼ਰੂਰੀ ਹੈ ਕਿ ਰਿਆਸਤ ਦਾ ਬੁਨਿਆਦੀ ਲੱਛਣ ਸਮਝਿਆ ਜਾਏ। ਉਪਰੋਂ ਉਪਰੋਂ ਹਕੂਮਤ ਦਾ ਕੋਈ ਵੀ ਚਿਹਰਾ ਮੋਹਰਾ ਹੋਵੇ ਪਰ ਜਿਸ ਰਿਆਸਤ ਵਿਚ ਅਸੀਂ ਰਹਿ ਰਹੇ ਹਾਂ, ਉਹਦਾ ਆਰਥਕ ਪ੍ਰਬੰਧ ਸਰਮਾਏਦਾਰੀ ਹੈ। ਇਸ ਪ੍ਰਬੰਧ ਵਿਚ ਸ਼ਰਮਾਇਆ ਪ੍ਰਧਾਨਗੀ ਰਖਦਾ ਹੈ, ਇਕ ਵਿਅਕਤੀ ਦਾ ਸਮਾਜ ਵਿਚ ਰੁੱਤਬਾ ਇਸ ਗੱਲ ਤੇ ਨਿਰਭਰ ਕਰਦਾ ਹੈ ਕਿ ਉਹ ਕਿਤਨੀ ਜਾਇਦਾਦ ਜਾਂ ਸੰਪਤੀ ਦਾ ਮਾਲਕ ਹੈ। ਜਾਇਦਾਦ ਦੀ ਬੁਨਿਆਦੀ ਗੱਲ ਮੰਨ ਕੇ ਰਿਆਸਤ ਵਲੋਂ ਲੋਕਾਂ ਦੀ (ਇਹ ਲੋਕ ਮੁਖ ਤੌਰ ਤੇ ਧਨਾਢ ਲੋਕ ਹੀ ਹੋਣਗੇ) ਜਾਇਦਾਦ ਦੀ ਪੂਰੀ ਰਖਵਾਲੀ ਇਸ ਦੇਸ਼ ਦੇ ਕਾਨੂੰਨ ਦੀ ਨੀਂਹ ਹੈ। ਇਸ ਲਈ ਪੁਲਸ ਦਾ ਇਹ ਕਰਤੱਵ ਹੈ ਕਿ ਉਹ ਜਾਇਦਾਦ ਮਤਲਬ ਕਿ ਉਹ ਦੇ ਮਾਲਕ ਧਨਾਢ ਜਮਾਤ ਦੀ ਪੂਰੀ ਰਖਵਾਲੀ ਕਰੇ। ਇਸ ਜਮਾਤ ਦੀ ਬਿਉਪਾਰ ਦੇ ਨਾਂ ਥੱਲੇ ਲੁੱਟ-ਖਸੁੱਟ ਵਿਚ ਕੋਈ ਦਖ਼ਲ ਨਾ ਦੇਵੇ ਸਗੋਂ ਉਹਨਾਂ ਨੂੰ ਲੋਕਾਂ ਦੀ ਕਰੋਪੀ ਕੋਲੋਂ ਹਰ ਹਾਲਤ ਵਿਚ ਬਚਾਏ। ਸਾਡੇ ਦੇਸ਼ ਦੀ ਕਾਨੂੰਨ ਅਤੇ ਪੁਲਸ ਦਾ ਇਹ ਇਕ ਬੁਨਿਆਦੀ ਲੱਛਣ ਹੈ।

ਕਾਲੇ ਬਿਉਪਾਰ ਨਾਲ ਮਹਿੰਗਾਈ ਕਰ ਕੇ ਜਿੰਦ ਜਾਨ ਮੁਸ਼ਕਿਲ ਕਰਨ ਵਾਲਾ ਇਕ ਬਿਉਪਾਰੀ ਪੁਲਸ ਵਲੋਂ ਹਰ ਇਕ ਰਖਵਾਲੀ ਦਾ ਹੱਕਦਾਰ ਹੈ, ਜੇਕਰ ਰੋਸ ਕਰਨ ਵਾਲੇ ਲੋਕ ਉਹਦਾ ਡਿਪੂ ਲੁਟਣ ਜਾਂ ਗੁਸੇ ਵਿਚ ਉਹਦੀ ਜਾਇਦਾਦ ਨੂੰ ਨੁਕਸਾਨ ਪੁਚਾਣ ਤਾਂ ਉਹ ਪੁਲਸ ਜਾਂ ਕਾਨੂੰਨ ਵਲੋਂ ਬਰਦਾਸ਼ਤ ਨਹੀਂ ਕੀਤਾ ਜਾ ਸਕਦਾ।

—ਕਥਿਤ ਜਮਹੂਰੀਅਤ ਪ੍ਰਬੰਧ ਵਿਚ, ਜਿਥੇ ਉਹ ਤਾਂ ਹਰ ਇਕ ਗਲ ਲੋਕਾਂ ਦੇ ਨਾਂ ਥਲੇ ਕੀਤੀ ਜਾਂਦੀ ਹੈ, ਬਰਟਰੈਂਡ ਰੱਸਲ ਦੇ ਕਹਿਣ ਅਨੁਸਾਰ ਪੁਲਸ ਦੀ ਸੰਸਥਾ ਇਕ ਐਸੀ ਸੰਸਥਾ ਹੈ, ਜਿਸ ਵਿਚ ਮੈਂਬਰਾਂ ਕੋਲ ਕਾਨੂੰਨ ਦੇ ਨਾਂ ਤੇ ਹਰ ਕਿਸਮ ਦੀ ਆਪ ਹੁਦਰੀ ਕਰਨ ਦਾ ਹੱਕ ਹੈ। ਪੁਲਸ ਸੰਸਥਾ ਦਾ ਮੈਂਬਰ ਜੇਕਰ ਕੋਈ ਗ਼ਲਤੀ ਕਰੇ ਤਾਂ ਦੇਸ਼ ਦਾ ਕਾਨੂੰਨ ਉਸ ਉਤੇ ਲਾਗੂ ਨਹੀਂ ਹੁੰਦਾ ਕਿਉਂਕਿ ਉਹਦੀ ਗ਼ਲਤੀ ਨੂੰ ਗ਼ਲਤੀ ਨਹੀਂ ਕਿਹਾ ਜਾ ਸਕਦਾ। ਇਹ ਗ਼ਲਤੀ ਕਿਉਂਕਿ ਉਸ ਨੇ ਕਾਨੂੰਨ ਲਾਗੂ ਕਰਨ ਲਈ ਕੀਤੀ ਹੈ, ਇਸ ਲਈ ਉਹ ਕਾਨੂੰਨ ਤੋਂ ਬਰੀ ਹੈ। ਇਕ ਸਾਧਾਰਨ ਵਿਜਕਤੀ ਆਪਣੀ ਸਵੈ-ਰਖਿਆ ਵਿਚ ਵੀ ਜੇਕਰ ਡਾਕੂਆਂ ਉਤੇ ਗੋਲੀ ਚਲਾਏ ਜਾਂ ਇਕ ਅੱਬਲਾ ਆਪਣੀ ਸਵੈ-ਰਖਿਆ ਵਿਚ ਵੀ ਕਿਸੇ ਦਾ ਖ਼ੂਨ ਕਰ ਦੇਵੇ ਤਾਂ ਵੀ ਦੇਸ਼ ਦੇ ਕਾਨੂੰਨ ਅਨੁਸਾਰ ਉਹ ਦੋਸ਼ੀ ਜ਼ਰੂਰ ਹੈ। ਉਸ ਨੂੰ ਪਕੜਿਆ ਜਾਂਦਾ ਹੈ, ਉਸ ਉਤੇ ਮੁੱਕਦਮਾ ਚਲਾਇਆ ਜਾਂਦਾ ਹੈ, ਭਾਵੇਂ ਬਾਅਦ ਵਿਚ ਉਹ ਮੁੱਕਦਮੇ ਤੋਂ ਬਰੀ ਵੀ ਹੋ ਜਾਏ ਪਰ ਇਕ ਵਾਰੀ ਉਸ ਨੂੰ ਕੱਤਲ ਦੇ ਜੁਰਮ ਵਿਚ ਕਾਨੂੰਨ ਅੱਗੇ ਜਵਾਬ-ਦੇਹ ਜ਼ਰੂਰ ਹੋਣਾ ਪੈਂਦਾ ਹੈ। ਪਰ ਪੁਲਸ ਸੰਸਥਾ ਉਤੇ ਇਹ ਕਾਨੂੰਨ ਲਾਗੂ ਨਹੀਂ ਹੁੰਦਾ। ਉਹ ਸਵੈ-ਰਖਿਆ ਦੇ ਠੀਕ ਜਾਂ ਗ਼ਲਤ ਪੱਜ ਨਾਲ ਸਰੇ ਬਾਜ਼ਾਰ ਸੈਂਕੜੇ ਲੋਕ ਗੋਲੀਆਂ ਨਾਲ ਭੰਨ ਸਕਦੇ ਹਨ ਪਰ ਉਹਨਾਂ ਨੂੰ ਕਾਤਲ ਨਹੀਂ ਕਰਾਰ ਦਿਤਾ ਜਾ ਸਕਦਾ ਕਿਉਂਕਿ ਉਹਨਾਂ ਦੇ ਕਹਿਣ ਅਨੁਸਾਰ ਇਹ ਸਭ ਕੁਝ ਉਹਨਾਂ ਨੇ ਕਾਨੂੰਨ ਅਤੇ ਅਮਨ ਕਾਇਮ ਕਰਨ ਲਈ ਕੀਤਾ ਹੁੰਦਾ ਹੈ। ਸੋ

ਇਹ ਸਿਧ ਹੋ ਗਿਆ ਕਿ ਪੁਲਸ ਦੀ ਸੰਸਥਾ ਸਰਮਾਏਦਾਰ ਧਨਾਢ ਜਮਾਤ ਦੇ ਹਿੱਤ ਵਿਚ ਕਾਨੂੰਨ ਲਾਗੂ ਕਰਦੀ ਇਕ ਐਸੀ ਲਾ-ਕਾਨੂੰਨੀ ਸੰਸਥਾ ਹੈ, ਜਿਸ ਉਤੇ ਦੇਸ਼ ਦਾ ਕੋਈ ਕਾਨੂੰਨ ਲਾਗੂ ਨਹੀਂ ਹੁੰਦਾ। ਇਸ ਨੇ ਧਨਾਢ ਜਮਾਤ ਦੀ ਜਾਨ ਅਤੇ ਜਾਇਦਾਦ ਦੀ ਰਖਵਾਲੀ ਕਾਨੂੰਨੀ ਤੇ ਲਾ-ਕਾਨੂੰਨੀ ਦੋਨੋਂ ਢੰਗ ਨਾਲ ਕਰਨੀ ਹੈ। ਇਹ ਇਸ ਦੀ ਮਿਥੀ ਹੋਈ ਡਿਊਟੀ ਹੈ।

—ਲੋਕਾਂ ਦੀ ਇਹ ਬਦ-ਕਿਸਮਤੀ ਹੈ ਕਿ ਧਨਾਢ ਜਮਾਤ ਦੀ ਰਖਵਾਲੀ ਕਰਦੀ ਹੋਈ ਇਸ ਜਥੇਬੰਦ ਸੰਸਥਾ ਦੀ ਪਰੰਪਰਾ ਅਤੇ ਸਾਰੀ ਸਿਖਲਾਈ ਇਸ ਤਰ੍ਹਾਂ, ਇਨਸਾਨ ਦੁਸ਼ਮਣ ਹੈ ਕਿ ਦੁਨੀਆਂ ਦੇ ਹੋਰ ਜਮਹੂਰੀਅਤ ਪ੍ਰਬੰਧ ਥੱਲੇ ਚਲਦੇ ਸਰਮਾਏਦਾਰੀ ਦੇਸ਼ਾਂ ਦੇ ਮੁਕਾਬਲੇ ਵਿਚ ਇਹਦਾ ਚਿਹਰਾ ਮੋਹਰਾ ਹਮੇਸ਼ਾ ਹੀ ਬਹੁਤ ਘਿਣਾਉਣਾ ਰਿਹਾ ਹੈ। ਇਸ ਬਾਰੇ ਹੋਰ ਕਿਸੇ ਦੇ ਨਹੀਂ ਸਗੋਂ ਪੰਡਿਤ ਜਵਾਹਰ ਲਾਲ ਨਹਿਰੂ ਦੇ ਬਿਆਨ ਵਿਚਾਰ ਲਈ ਦਿਤੇ ਜਾਂਦੇ ਹਨ। 1938 ਵਿਚ ਇਕ ਕਾਂਗਰਸ ਜਲਸੇ ਵਿਚ ਬੋਲਦਿਆਂ ਕਿਹਾ:—

"ਬਰਿਟਿਸ਼ ਸਾਮਰਾਜ ਨੇ ਹਿੰਦੁਸਤਾਨ ਵਿਚ ਆਪਣੀ ਸਾਇੰਸ, ਆਪਣੀ ਵਿਦਯਾ ਅਤੇ ਆਪਣੀ ਕਾਨੂੰਨ ਦੀ ਪਰਨਾਲੀ ਸਭ ਲਿਆਂਦੀ, ਪਰ ਉਸ ਨੇ ਇਸ ਗੱਲ ਦਾ ਖ਼ਿਆਲ ਰੱਖਿਆ ਕਿ ਉਹਦੀ ਪੁਲਸ ਦੀ ਪਰਨਾਲੀ ਹਿੰਦੁਸਤਾਨ ਵਿਚ ਨਾ ਆਏ। ਅੰਗਰੇਜ਼ ਦੇ ਆਪਣੇ ਦੇਸ਼ ਵਿਚ ਜਿਥੇ ਪੁਲਸ ਮੁਖ ਤੌਰ ਤੇ ਇਕ ਸੇਵਾ ਸੰਸਥਾ ਹੈ ਉਥੇ ਹਿੰਦੁਸਤਾਨ ਵਿਚ ਉਹਨੇ ਇਸ ਸੰਸਥਾ ਨੂੰ ਇਸ ਤਰ੍ਹਾਂ ਜਥੇਬੰਦ ਕੀਤਾ ਹੈ ਕਿ ਉਹ ਉਹਨਾਂ ਦੀ ਵਸਤੀਵਾਦੀ ਲੁੱਟ-ਖਸੁੱਟ ਵਿਚ ਪੂਰੀ ਸਹਾਇਤਾ ਕਰੇ, ਉਹ ਲੋਕਾਂ ਵਿਚ ਦਹਿਸ਼ਤ ਫੈਲਾਏ ਅਤੇ ਲੋਕਾਂ ਨੂੰ ਮਜਬੂਰ ਕਰੇ ਕਿ ਉਹ ਅੰਗਰੇਜ਼ਾਂ ਦੀ ਈਨ ਮੰਨੀ ਰੱਖਣ। ਇਸ ਸੰਸਥਾ ਦੀ ਸਾਰੀ ਸਿਖਲਾਈ ਇਸ ਕਿਸਮ ਦੀ ਹੈ ਕਿ ਉਹ ਲੋਕਾਂ ਦੀ ਨਜ਼ਰ ਵਿਚ ਭੈੜੀ ਤੋਂ ਭੈੜੀ ਨਜ਼ਰ ਆਵੇ। ਲੋਕਾਂ ਅਤੇ ਪੁਲਸ ਦੇ ਦਰਮਿਆਨ ਇਕ ਵਿੱਥ ਰਹੇ। ਲੋਕ ਪੁਲਸ ਵਾਲਿਆਂ ਤੋਂ ਡਰਨ, ਲੋਕ ਉਹਨਾਂ ਨੂੰ ਨਫ਼ਰਤ ਕਰਨ, ਉਹ ਹੋਰ ਵਹਿਸ਼ੀ ਬਣਨ। ਉਹਨਾਂ ਦੀ ਭਰਤੀ ਵੇਲੇ ਭਰਤੀ ਕਰਨ ਵਾਲਿਆਂ ਨੂੰ ਹਦਾਇਤਾਂ ਹਨ ਕਿ ਉਹ ਦੇਖਣ ਕਿ ਉਹ ਬੰਦਾ ਡੀਲ-ਡੌਲ ਵਿਚ ਆਮ ਸ਼ਹਿਰੀ ਮੁਕਾਬਲੇ ਦੈਂਤ ਵਾਂਗ ਲੱਗੇ। ਉਹ ਬੋਲੀ ਵਿਚ ਵੱਧ ਤੋਂ ਵੱਧ ਕੁਰਖ਼ਤ ਹੋਵੇ। ਭਰਤੀ ਵੇਲੇ ਉਹਦੇ ਕੋਲੋਂ ਇਹ ਇਮਤਿਹਾਨ ਲਿਆ ਜਾਂਦਾ ਹੈ ਕਿ ਉਹ ਕਿਤਨੀ ਲੰਬੀ ਤੋਂ ਲੰਬੀ ਅਤੇ ਗੰਦੀ ਤੋਂ ਗੰਦੀ ਗਾਲ੍ਹ ਕੱਢ ਸਕਦਾ ਹੈ (ਯਾਨੀ ਅੰਗਰੇਜ਼ ਦੀਆਂ ਨਜ਼ਰਾਂ ਵਿਚ ਇਕ ਆਦਮੀ ਇਨਸਾਨੀਅਤ ਤੋਂ ਜਿਤਨਾ ਦੂਰ ਹੋਵੇ, ਉਤਨਾ ਹੀ ਚੰਗਾ ਉਹ ਪੁਲੀਸਮੈਨ ਹੋ ਸਕਦਾ ਹੈ।"

ਇਕ ਹੋਰ ਥਾਂ ਜਵਾਹਰ ਲਾਲ ਨਹਿਰੂ ਲਿਖਦੇ ਹਨ "ਆਜ਼ਾਦ ਭਾਰਤ ਦਾ ਸਾਰਿਆਂ ਨਾਲੋਂ ਪਹਿਲਾ ਇਹ ਕੰਮ ਹੋਏਗਾ ਕਿ ਪੁਲਸ ਸੰਸਥਾ ਨੂੰ ਇਕ ਸਿਰੇ ਤੋਂ ਫੇਰ ਜਥੇਬੰਦ ਕੀਤਾ ਜਾਏ।"

ਪੰਡਿਤ ਨਹਿਰੂ ਇਹ ਸਭ ਕੁਝ ਨਾ ਕਰ ਸਕੇ ਕਿਉਂਕਿ ਜਿਸ ਰਿਆਸਤ ਦੇ ਉਹ ਸਰਦਾਰ ਬਣੇ, ਉਹਦਾ ਬਨਿਆਦੀ ਲੱਛਣ ਉਹੀ ਸੀ ਜੋ ਅੰਗਰੇਜ਼ ਦੇ ਥੱਲੇ ਰਿਆਸਤ ਦਾ ਸੀ। ਇਹਨਾਂ ਗੱਲਾਂ ਬਾਰੇ ਹੁਣ ਜ਼ਰਾ ਵੀ ਭੁਲੇਖਾ ਨਹੀਂ ਰਿਹਾ। ਸੋ ਇਹ ਵੀ ਸਪਸ਼ਟ ਹੋ ਗਿਆ ਕਿ ਧਨਾਢ ਜਮਾਤ ਦੇ ਹਿੱਤਾਂ ਦੀ ਰਖਵਾਲੀ ਕਰਦੀ ਪੁਲਸ ਦੀ ਇਹ ਸੰਸਥਾ ਆਪਣੀ ਪ੍ਰੰਪਰਾ ਅਤੇ ਸਿਖਲਾਈ ਦੇ ਕਾਰਨ ਮੋਟੇ ਤੌਰ ਤੇ ਇਨਸਾਨ ਦੁਸ਼ਮਣ ਵਿਸ਼ੇਸ਼ਤਾਈ ਦੀ ਹੈ।

—ਹੁਣ ਧਨਾਢ ਜਮਾਤ ਦਾ ਸਿਨਮੇ ਦਾ ਮਾਲਕ ਜੇਕਰ ਆਪਣੀ ਲੁੱਟ-ਖਸੁੱਟ ਟਿਕਟਾਂ ਦਾ ਰੇਟ ਵਧਾ ਕੇ ਬਹੁਤੀ ਕਰਦਾ ਹੈ ਜਾਂ ਬਨਾਵਟੀ ਤੌਰ ਤੇ ਗੁੰਡਿਆਂ ਰਾਹੀਂ ਭੀੜ ਵਿਖਾ ਕੇ ਇਸ ਤਰ੍ਹਾਂ ਟਿਕਟਾਂ ਦੀ ਕਿੱਲਤ ਸਿਧ ਕਰ ਕੇ ਸਾਧਾਰਨ ਰੇਟ ਤੋਂ ਵੀ ਵੱਧ ਬਲੈਕ ਵਿਚ ਟਿੱਕਟ ਵੇਚ ਕੇ ਆਪਣੇ ਮੁਨਾਫ਼ੇ ਜਾਂ ਲੁੱਟ-ਖਸੁੱਟ ਨੂੰ ਦੂਣਾ ਚੌਣਾ ਕਰਦਾ ਹੈ ਤਾਂ ਧਨਾਢ ਜਮਾਤ ਦੀ ਰਖਵਾਲੀ ਕਰਦੀ ਪੁਲਸ ਉਹਦੀ ਭਾਈਵਾਲ ਹੁੰਦੀ ਹੈ, ਜਦੋਂ ਕੋਈ ਵਿਦਿਆਰਥੀ ਜਾਂ ਉਹਨਾਂ ਦੀ ਜਥੇਬੰਦੀ ਉਹਦੇ ਖ਼ਿਲਾਫ਼ ਰੋਸ ਪ੍ਰਗਟ ਕਰਦੀ ਹੈ ਤਾਂ ਸਰਮਾਏਦਾਰੀ ਲੱਛਣ ਵਾਲੀ ਜਮਹੂਰੀਅਤ ਵਿਚ ਇਹ ਰੋਸ ਕੇਵਲ ਉਸ ਹੱਦ ਤਕ ਕਰਨ ਦੀ ਇਜਾਜ਼ਤ ਹੁੰਦੀ ਹੈ, ਜਿਹੜਾ ਪੁਰ-ਅਮਨ ਹੋਵੇ ਅਤੇ

ਬਹੁਤਾ ਅਸਰਦਾਇਕ ਸਾਬਤ ਨਾ ਹੋਏ । ਰੋਸ ਕਰਨ ਵਾਲੇ ਜਾਂ ਮੰਗ ਕਰਨ ਵਾਲੇ ਆਪਣੇ ਆਪ ਨੂੰ 'ਮੰਗਤੇ' ਤਕ ਹੀ ਸੀਮਤ ਰਖਣ । ਇਹ ਮੰਗਤੇ ਆਜਿਜ਼ ਮੰਗਤੇ ਵੀ ਹੋ ਸਕਦੇ ਹਨ ਜਿਹੜੇ ਸਿਰਫ਼ ਤਰਲਾ ਹੀ ਕਰਨ ਜਾਂ ਇਹ ਮੰਗਤੇ ਰੌਲਾ ਪਾ ਕੇ, ਭੁੱਖ-ਹੜਤਾਲ ਜਾਂ ਧਰਨੇ ਦੀ ਧਮਕੀ ਦੇ ਕੇ ਯਾਨੀ ਸੱਖੀ ਦੀ ਜਿੰਦ ਜਾਨ ਤੰਗ ਕਰ ਕੇ ਭੀਖ ਮੰਗਣ ਵਾਲੇ ਨਿਊਸੈਂਸ ਮੰਗਤੇ ਵੀ ਹੋ ਸਕਦੇ ਹਨ । ਪਰ ਇਹ ਰੋਸ ਜੇਕਰ ਕੁਝ ਖੋਹਣ ਤਕ ਦੀ ਸ਼ਕਲ ਇਖਤਿਆਰ ਕਰ ਲਏ ਜਾਂ ਜਿਸ ਨਾਲ ਧਨਾਢ ਦੀ ਜਾਇਦਾਦ ਨੂੰ ਖ਼ਤਰਾ ਹੋ ਜਾਏ ਤਾਂ ਰਿਆਸਤੀ ਪੁਲਸ ਨੂੰ ਪੂਰੀਆਂ ਹਦਾਇਤਾਂ ਹੁੰਦੀਆਂ ਹਨ ਕਿ ਇਹ ਰੋਸ ਬੰਦ ਕੀਤਾ ਜਾਏ ਕਿਉਂਕਿ ਇਹ ਸਥਾਪਤ ਕਾਨੂੰਨ ਨੂੰ ਚਣੌਤੀ ਹੈ ਤੇ ਇਹਨਾਂ ਹਦਾਇਤਾਂ ਤੇ ਕਿਸੇ ਵੀ ਤਰੀਕੇ ਨਾਲ ਅਮਲ ਕੀਤਾ ਜਾ ਸਕਦਾ ਹੈ । ਮੋਗਾ ਕਾਂਡ ਇਸ ਦੀ ਮਿਸਾਲ ਹੈ । ਧਨਾਢ ਲੋਕਾਂ ਦੀ ਜਾਇਦਾਦ ਰੋਸ ਕਰਦੇ ਆਮ ਲੋਕਾਂ ਦੀ ਜਾਨ ਤੋਂ ਬਹੁਤੀ ਕੀਮਤੀ ਹੈ, ਇਹ ਸਾਡੀ ਰਿਆਸਤ ਦਾ ਲੱਛਣ ਹੈ, ਜਿਸ ਨੂੰ ਕਦੀ ਵੀ ਨਹੀਂ ਭੁਲਾਣਾ ਚਾਹੀਦਾ ।

—ਇਹ ਸਭ ਕੁਝ ਹੁੰਦਿਆਂ ਹੋਇਆਂ ਵੀ ਕਥਿੱਤ ਜਮਹੂਰੀਅਤ ਦੀ ਇਹ ਵਿਸ਼ੇਸ਼ਤਾਈ ਹੈ ਕਿ ਉਹ ਲੋਕਾਂ ਨੂੰ ਭੰਬਲ-ਭੂਸਿਆਂ ਵਿਚ ਪਾਈ ਰਖੇ, ਉਹਦੇ ਆਪਣੇ ਪਰਚਾਰ ਸਾਧਨਾਂ ਰਾਹੀਂ ਦਿਨੇ ਰਾਤ ਲੋਕਾਂ ਦੇ ਹੱਕਾਂ ਬਾਰੇ ਬੜੀਆਂ ਜ਼ੋਰਦਾਰ ਗੱਲਾਂ ਕੀਤੀਆਂ ਜਾਂਦੀਆਂ ਹਨ ਜਿਸ ਨਾਲ ਇਕ ਅਨਜਾਣ ਸਾਧਾਰਨ ਸ਼ਹਿਰੀ ਇਸ ਦੰਭ ਵਿਚ ਆ ਜਾਂਦਾ ਹੈ ਕਿ ਵਾਕਈ ਇਸ ਕਥਿੱਤ ਜਮਹੂਰੀਅਤ ਵਿਚ ਉਹਦੇ ਬੜੇ ਹੱਕ ਹਨ । ਉਹ ਕਿਸੇ ਹੋ ਰਹੀ ਜ਼ਿਆਦਤੀ ਵਿਰੁਧ ਆਪਣੀ ਆਵਾਜ਼ ਉਠਾਂਦਾ ਹੈ । ਉਹ ਇਸ ਜਮਹੂਰੀਅਤ ਦੇ ਜਮਾਤੀ ਲੱਛਣ ਤੋਂ ਨਾਵਾਕਫ਼ ਹੁੰਦਾ ਹੈ ਤੇ ਆਪਣੇ ਫੋਕੇ ਹੱਕਾਂ ਬਾਰੇ ਨਸ਼ਿਆਇਆ ਹੋਇਆ ਧਨਾਢਾਂ ਦੀ ਜ਼ਿਆਦਤੀ ਦੇ ਵਿਰੁਧ ਟੱਕਰ ਲੈਂਦਾ ਹੈ । ਟੱਕਰ ਵਿਚ ਹਿੰਸਕ ਕਾਰਵਾਈਆਂ ਦਾ ਹੋਣਾ ਬੜਾ ਸੁਭਾਵਿਕ ਹੈ । ਉਹਦੀ ਇਹ ਟੱਕਰ ਇਕਦਮ ਇਹਨਾਂ ਧਨਾਢਾਂ ਦੀ ਰਖਵਾਲੀ ਕਰਦੀ ਹੋਈ ਪੁਲਸ ਨਾਲ ਟੱਕਰ ਵਿਚ ਬਦਲ ਜਾਂਦੀ ਹੈ ਤੇ ਉਹ ਫੇਰ ਗੋਲੀਆਂ ਨਾਲ ਭੁੰਨ ਦਿਤਾ ਜਾਂਦਾ ਹੈ । ਇਹ ਗੋਲੀਆਂ ਨਾਲ ਮਾਰੇ ਜਾਣ ਵਾਲੇ ਕਿਸੇ ਧਨਾਢ ਸਿਨਮਾ ਮਾਲਕ ਦੀ ਲੁੱਟ-ਖਸੁੱਟ ਵਿਰੁਧ ਰੋਸ ਕਰਦੇ ਹੋਏ ਵਿਦਿਆਰਥੀ ਹੋਣ, ਮਿਲ ਮਾਲਕ ਦੇ ਵਿਰੁਧ ਸੰਘਰਸ਼ ਕਰਦੇ ਹੋਏ ਮਜ਼ਦੂਰ ਹੋਣ, ਜ਼ਿਮੀਂਦਾਰ ਦੇ ਵਿਰੁਧ ਸੰਘਰਸ਼ ਕਰਦੇ ਮੁਜ਼ਾਰੇ ਹੋਣ, ਸਭ ਨਾਲ ਇਕੋ ਜਿਹਾ ਸਲੂਕ ਹੁੰਦਾ ਹੈ ।

—ਰਿਆਸਤ ਦੀ ਜਮਹੂਰੀਅਤ ਦਾ ਦੰਭ ਪੂਰੀ ਤਰ੍ਹਾਂ ਨੰਗਾ ਨਾ ਹੋ ਜਾਏ, ਇਸ ਕਰਕੇ ਰਿਆਸਤ ਵਲੋਂ ਇਹੋ ਜਹੀ ਵਾਰਦਾਤ ਜੇਕਰ ਹੋ ਜਾਵੇ ਤਾਂ 'ਇਨਕੁਆਰੀ' ਦਾ ਨਾਟਕ ਖੇਡਿਆ ਜਾਣਾ ਜ਼ਰੂਰੀ ਹੁੰਦਾ ਹੈ । ਇਸ ਨਾਟਕ ਦਾ ਜ਼ਰੂਰੀ ਭਾਗ ਇਹ ਹੁੰਦਾ ਕਿ 'ੳ' ਡਿਪਟੀ ਕਮਿਸ਼ਨਰ ਜਾਂ ਪੁਲਸ ਸੁਪ੍ਰਿੰਟੈਂਡੈਂਟ ਨੂੰ ਬਦਲ ਕੇ 'ਅ' ਡਿਪਟੀ ਕਮਿਸ਼ਨਰ ਜਾਂ ਪੁਲਸ ਸੁਪ੍ਰਿੰਟੈਂਡੈਂਟ ਲਾ ਦਿਤਾ ਜਾਵੇ ਪਰ ਰਿਆਸਤ ਬਾਰੇ ਸੂਝ ਰੱਖਣ ਵਾਲੇ ਲੋਕ ਜਾਣਦੇ ਹਨ ਕਿ 'ੳ' ਹੋਵੇ ਜਾਂ 'ਅ' ਹੋਵੇ, ਉਹਨਾਂ ਨੇ ਉਹੀ ਫ਼ਰਜ਼ ਨਿਭਾਉਣਾ ਹੈ ਜਿਹੜਾ ਰਿਆਸਤ ਵਲੋਂ ਉਹਨਾਂ ਨੂੰ ਸੌਂਪਿਆ ਗਿਆ ਹੈ ਅਤੇ ਇਹ ਫ਼ਰਜ਼ ਉੱਪਰ ਸਪੱਸ਼ਟ ਕਰ ਦਿਤਾ ਗਿਆ ਹੈ ।

—ਲੋਕਾਂ ਤੇ ਜਦੋਂ ਗੋਲੀ ਚਲਦੀ ਹੈ ਤਾਂ ਉਹਨਾਂ ਦਾ ਰੋਹ ਸਿਖਰਾਂ ਛੋਂਹਦਾ ਹੈ । ਉਹ ਪੱਲ ਦੇ ਪੱਲ ਰਿਆਸਤ ਨੂੰ ਆਪਣਾ ਦੁਸ਼ਮਨ ਸਮਝਦੇ ਹਨ । ਉਹ ਉਸ ਦੀਆਂ ਬੱਸਾਂ ਨੂੰ ਸਾੜਦੇ ਹਨ । ਉਹ ਉਹਦੇ ਕਾਨੂੰਨ ਦੇ ਰਖਵਾਲਿਆਂ ਨੂੰ ਗਾਲ੍ਹਾਂ ਵਰਗੇ ਨਾਂ ਦਿੰਦੇ ਹਨ ਪਰ ਉਹ ਰਿਆਸਤ ਦੇ ਬੁਨਿਆਦੀ ਲੱਛਣਾਂ ਨੂੰ ਕਿਉਂਕਿ ਨਹੀਂ ਸਮਝਦੇ ਇਸ ਕਰਕੇ ਉਹਨਾਂ ਦਾ ਰੋਹ ਰਿਆਸਤ ਦੀਆਂ ਜੜ੍ਹਾਂ ਵਲ ਨਹੀਂ ਜਾਂਦਾ ਸਗੋਂ ਬੇਮੁਹਾਰਾ ਹੋ ਜਾਂਦਾ ਹੈ । ਇਸ ਨੂੰ ਬੇਮੁਹਾਰਾ ਕਰਨ ਵਿਚ ਸਰਮਾਏਦਾਰ ਜਮਾਤ ਦੀਆਂ ਪਾਲੀਆਂ ਹੋਈਆਂ ਗੁੰਡਾ-ਜਥੇਬੰਦੀਆਂ ਦਾ ਵੀ ਪੂਰਾ ਹੱਥ ਹੁੰਦਾ ਹੈ । ਇਹ ਰੋਹ ਰਿਆਸਤ ਦੇ ਦੱਬਦੱਬੇ ਨਾਲ ਜਾਂ ਵਕਤ ਨਾਲ ਆਪ ਹੀ ਠੰਡਾ ਪੈ ਜਾਂਦਾ ਹੈ—ਹਕੂਮਤ ਕਰਦੀ ਜਮਾਤ ਇਸ ਸਾਰੇ ਕਰਮ ਬਾਰੇ ਪੂਰੀ ਤਰ੍ਹਾਂ ਵਾਕਫ਼ ਹੈ ।

—ਇਹ ਸਭ ਕੁਝ ਜਾਨਣ ਦੇ ਬਾਅਦ ਇਹ ਸਾਫ਼ ਹੈ

ਕਿ ਜੋ ਕੁਝ ਅਕਤੂਬਰ ਦੇ ਮਹੀਨੇ ਪੰਜਾਬ ਵਿਚ ਹੋਇਆ ਹੈ ਇਹ ਇਸ ਰਿਆਸਤ ਦਾ ਪੂਰੀ ਤਰ੍ਹਾਂ ਲੱਛਣ ਹੈ। ਪਿਛਲੇ ਸਾਲ ਮੁਕਤਸਰ ਦਾ ਹਾਦਸਾ ਹੋਇਆ ਸੀ, ਇਸ ਸਾਲ ਮੋਗੇ ਦਾ ਹੋ ਗਿਆ ਹੈ। ਅਗਲੇ ਸਾਲ ਕਿਸੇ ਹੋਰ ਥਾਂ ਹੋ ਜਾਏਗਾ। ਇਹ ਹਾਦਸੇ ਤਾਂ ਹੀ ਮੁੱਕ ਸਕਦੇ ਹਨ ਜੇਕਰ ਰਿਆਸਤ ਦੇ ਬੁਨਿਆਦੀ ਲੱਛਣ ਨੂੰ ਸੰਘਰਸ਼ ਕਰ ਕੇ ਨੱਬੇ ਫੀ ਸਦੀ ਲੋਕਾਂ ਦੇ ਹਿੱਤ ਵਿਚ ਬਦਲਿਆ ਜਾਏ।

—ਇਥੇ ਇਹ ਵੀ ਗਲ ਸਪੱਸ਼ਟ ਹੋ ਜਾਣੀ ਚਾਹੀਦੀ ਹੈ ਕਿ ਜਿੰਨਾ ਚਿਰ ਇਸ ਰਿਆਸਤ ਦਾ ਬੁਨਿਆਦੀ ਲੱਛਣ ਇਹੀ ਰਹਿੰਦਾ ਹੈ, ਇਸ ਨਾਲ ਕੋਈ ਫ਼ਰਕ ਨਹੀਂ ਪੈਂਦਾ ਕਿ ਇਸ ਰਿਆਸਤ ਦੀ ਕੁਰਸੀ ਉਤੇ ਗਿਆਨੀ ਜ਼ੈਲ ਸਿੰਘ ਬੈਠਾ ਹੋਇਆ ਹੈ ਜਾਂ ਪ੍ਰਕਾਸ਼ ਸਿੰਘ ਬਾਦਲ ਬੈਠਾ ਹੋਇਆ ਜਾਂ ਕੋਈ ਹੋਰ ਬੈਠਾ ਹੋਇਆ ਹੈ। ਇਸ ਰਿਆਸਤ ਦੀ ਆਰਥਕਤਾ ਦੀ ਕੁੰਜੀ ਜਿੰਨਾ ਚਿਰ ਧਨਾਢ ਜਮਾਤ ਦੇ ਹੱਥਾਂ ਵਿਚ ਹੈ, ਰਿਆਸਤ ਦੀ ਪੁਲਸ ਬੁਨਿਆਦੀ ਕਾਨੂੰਨ ਅਨੁਸਾਰ ਉਹਨਾਂ ਦੀ ਰਖਵਾਲੀ ਕਰਦੀ ਰਹੇਗੀ, ਜੇਕਰ ਦੇਸ਼ ਦੇ ਕਿਸੇ ਹਿੱਸੇ ਵਿਚ ਇਕ ਐਸੀ ਵਜ਼ਾਰਤ ਹੋਂਦ ਵਿਚ ਆ ਜਾਏ ਜੋ ਪੁਲਸ ਨੂੰ ਇਸ ਬੁਨਿਆਦੀ ਡਿਊਟੀ ਤੋਂ ਵਰਜੇਗੀ ਤਾਂ ਉਹ ਵਜ਼ਾਰਤ ਨਹੀਂ ਰਹੇਗੀ। ਜੇ ਕਿਸੇ ਨੂੰ ਇਸ ਬਾਰੇ ਕੋਈ ਭੁਲੇਖਾ ਹੈ ਤਾਂ ਬੰਗਾਲ ਤੇ ਕੇਰਾਲਾ ਦੀਆਂ ਮਿਸਾਲਾਂ ਉਹਨਾਂ ਦੇ ਸਾਹਮਣੇ ਹਨ। ਜੁਰਮ ਨਾਲ ਨਿਪਟਦੀ ਇਸ ਪੁਲਸ ਦੀ ਸੰਸਥਾ ਨੇ ਗੁੰਡਿਆਂ ਦੀ ਹਰ ਇਕ ਸੰਸਥਾ ਨੂੰ ਆਪਣੀ ਮੁੱਠ ਵਿਚ ਰਖਿਆ ਹੁੰਦਾ ਹੈ ਅਤੇ ਉਹ ਜਾਣਦੀ ਹੈ ਕਿ ਕਿਸ ਨੂੰ ਕਿਹੜੇ ਵਕਤ, ਕਿਹੜੇ ਥਾਂ ਵਰਤਨਾ ਹੈ, ਜੇ ਲੋਕਾਂ ਦੇ ਹੱਕ ਵਿਚ ਦੇਸ਼ ਦੇ ਕਿਸੇ ਹਿੱਸੇ ਵਿਚ ਕੋਈ ਵਜ਼ਾਰਤ ਪੁਲਸ ਦੇ ਹੱਕਾਂ ਨੂੰ ਸੀਮਤ ਰਖਣ ਦਾ ਯਤਨ ਕਰੇਗੀ ਤਾਂ ਉਹ ਪੁੱਠੀ ਹੋ ਜਾਏਗੀ। ਇਸ ਸੰਸਥਾ ਵਲੋਂ ਗੁੰਡਿਆਂ ਨੂੰ ਸ਼ਹਿ ਦੇ ਕੇ ਇਸ ਕਿਸਮ ਦੀ ਗੜਬੜ ਕਰਾਈ ਜਾਏਗੀ ਕਿ ਵਜ਼ਾਰਤ ਨੂੰ ਕੁਰਸੀ ਸੰਭਾਲਣੀ ਔਖੀ ਹੋ ਜਾਏਗੀ। ਕੇਂਦਰ ਵਿਚ ਰਿਆਸਤ ਦਾ ਬੁਨਿਯਾਦੀ ਲੱਛਣ ਬਦਲੇ ਬਗ਼ੈਰ ਲੋਕਾਂ ਨੂੰ ਇਸ ਇਨਸਾਨ ਦੁਸ਼ਮਣ ਸੰਸਥਾ ਦੀ ਚੁੰਘਲ ਕੋਲੋਂ ਨਹੀਂ ਬਚਾਇਆ ਜਾ ਸਕਦਾ।

—ਅੰਤ ਵਿਚ ਇੰਨਾ ਹੀ ਕਹਿਣਾ ਜ਼ਰੂਰੀ ਹੈ ਕਿ ਹੁਣ ਵਕਤ ਆ ਗਿਆ ਹੈ ਕਿ ਹੁਣ ਨਿੱਕੇ ਮੋਟੇ ਨਿਸ਼ਾਨੇ ਨਹੀਂ ਸਗੋਂ ਇਸ ਰਿਆਸਤ ਦੇ ਬੁਨਿਯਾਦੀ ਲੱਛਣ ਨੂੰ ਬਦਲਨ ਦਾ ਟੀਚਾ ਸਪਸ਼ਟ ਆਪਣੇ ਸਾਹਮਣੇ ਰਖਿਆ ਜਾਏ। ਇਹ ਟੀਚਾ ਹੋਰ ਕੁਝ ਨਹੀਂ ਸਿਰਫ 'ਇਨਕਲਾਬ' ਦਾ ਟੀਚਾ ਹੈ, ਇਨਕਲਾਬ ਸੁਧਾਰ ਤੋਂ ਬਿਲਕੁਲ ਉੱਲਟ ਹੈ। ਸੁਧਾਰ ਨਾਸੂਰ ਤੇ ਆਰਜ਼ੀ ਫਾਹਾ ਲਾਣਾ ਹੈ, ਇਨਕਲਾਬ ਨਾਸੂਰ ਦੀਅ ਜੜ੍ਹਾਂ ਪੁਟਨੀਆਂ ਹਨ। ਸੰਘਰਸ਼ ਕਰਦੇ ਲੋਕਾਂ ਨੂੰ ਆਪਣੇ ਆਪ ਨੂੰ ਇਨਕਲਾਬ ਦੇ ਫ਼ਲਸਫ਼ੇ ਨਾਲ ਪੂਰੀ ਤਰ੍ਹਾਂ ਲੈਸ ਕਰਨਾ ਚਾਹੀਦਾ ਹੈ ਅਤੇ ਇਸ ਟੀਚੇ ਨੂੰ ਹਾਸਲ ਕਰਨ ਲਈ ਆਪਣੇ ਆਪ ਨੂੰ ਲਾਮਬੰਦ ਕਰਨਾ ਚਾਹੀਦਾ ਹੈ। ਆਰਜ਼ੀ ਸੰਘਰਸ਼ ਲੋਕਾਂ ਦੀਆਂ ਫੌਰੀ ਮੰਗਾਂ ਬਾਰੇ ਹੋ ਸਕਦੇ ਹਨ, ਜਿਨ੍ਹਾਂ ਦਾ ਮੰਤਵ ਇਸ ਪ੍ਰਬੰਧ ਦੀਆਂ ਖਾਮੀਆਂ ਲੋਕਾਂ ਅਗੇ ਲਿਆਂਦੀਆਂ ਹਨ ਪਰ ਆਖ਼ਰੀ ਟੀਚਾ ਹਰ ਹਾਲਤ ਵਿਚ ਇਸ ਪ੍ਰਬੰਧ ਦਾ ਬਦਲਨਾ ਹੈ। ਨੌਜਵਾਨ ਜਿਹੜੇ ਚਾਹੁੰਦੇ ਹਨ ਕਿ ਮੋਗਾ, ਮੁਖਤਸਰ, ਵਰਗੇ ਕਾਂਡ ਇਸ ਦੇਸ਼ ਵਿਚ ਨਾਂ ਵਾਪਰਨ, ਉਹ ਆਪਣੀ ਸਾਰੀ ਤਾਕਤ ਇਸ ਟੀਚੇ ਨੂੰ ਪ੍ਰਾਪਤ ਕਰਨ ਵਾਲੇ ਲੋਕਾਂ ਨਾਲ ਰਲਾਉਣ ਤਾਂ ਜੋ ਉਹਨਾਂ ਲਾਅਣਤਾਂ ਨੂੰ ਜਿਨ੍ਹਾਂ ਨੇ ਸੋਹਣੀ ਜ਼ਿੰਦਗੀ ਨੂੰ ਪਲੀਤ ਕੀਤਾ ਹੋਇਆ ਹੈ, ਹਮੇਸ਼ਾ ਹਮੇਸ਼ਾ ਲਈ ਮੁਕਾਇਆ ਜਾ ਸਕੇ। ਇਨਕਲਾਬ ਦੀ ਦਿਸ਼ਾ ਵਲ ਵੱਧਣਾ ਹੀ ਉਹਨਾਂ ਸ਼ਹੀਦਾਂ ਨੂੰ ਸਹੀ ਸ਼ਰਧਾਂਜਲੀ ਹੈ, ਜਿਹੜੇ ਇਸ ਘਟੀਆ ਪ੍ਰਬੰਧ ਅਤੇ ਉਹਦੇ ਜ਼ੁਲਮ ਥਲੇ ਆਪਣਾ ਲਹੂ ਡੋਲ ਕੇ ਇਸ ਧਰਤੀ ਨੂੰ ਰਾਂਗਲਾ ਕਰ ਗਏ ਹਨ।

ਕਹਾਣੀ

# ਖ਼ਬਰਾਂ–ਮੈਂ–ਤੇ ਸਾਧਾਰਨ ਆਦਮੀ

ਗੁਰਭਜਨ ਗਿੱਲ

(ਮੋਗਾ ਗੋਲੀ ਕਾਂਡ ਨੂੰ ਸਮਰਪਣ)

ਸਾਰਾ ਸ਼ਹਿਰ ਚੁੱਪ ਨਹੀਂ, ਉਦਾਸ ਖੜਾ ਹੈ — ਹਰ ਆਦਮੀ ਸਿਰ ਸੁੱਟੀ ਪਤਾ ਨਹੀਂ ਕਾਹਦੀ ਉਡੀਕ ਕਰ ਰਿਹਾ ਹੈ ? ਜਲਸਾ ਕਰਨ ਜਾਂ ਜਲੂਸ ਕੱਢਣ ਦੀ ਪੂਰਨ ਮਨਾਹੀ ਹੈ । ਇੰਜ ਕਰਨ ਦੇ ਦੋਸ਼ੀ ਨੂੰ ਬਿਨਾ ਵਾਰੰਟ — — ਗ੍ਰਿਫ਼ਤਾਰ ਕੀਤਾ ਜਾ ਸਕਦਾ ਹੈ। ਲੋਕ ਸੰਪਰਕ ਵਿਭਾਗ ਦੀ ਸਰਕਾਰੀ ਵੈਨ – ਹੁਣੇ ਹੀ ਕਹਿ ਕੇ ਗਈ ਹੈ ।

"ਸਭ ਲੋਕ ਆਮ ਦਿਨਾਂ ਵਾਂਗ ਜ਼ਿੰਦਗੀ ਜੀਓ ।

"ਕੋਈ ਵੀ ਬਾਗੀਆਨਾ ਹਰਕਤ ਸਹਾਰੀ ਨਹੀਂ ਜਾਵੇਗੀ ।"

ਸੜਕਾਂ ਤੋਂ ਬਾਦ ਉਹ ਵੈਨ ਸ਼ਹਿਰ ਦੀਆਂ ਗਲੀਆਂ ਵਿਚ ਵੀ ਘੁੰਮ ਰਹੀ ਹੈ— ਹਰ ਬੱਚੇ, ਜੁਆਨ ਤੇ ਬੁੱਢੇ ਦੇ ਦਿਲ ਤੇ ਸ਼ਹਿਮ ਹੈ — ਤੀਜੇ ਮਹਾਂ ਯੁੱਧ ਤੋਂ ਵੀ ਵੱਡਾ ਸਹਿਮ – —।

ਮੇਰੇ ਦੋਸਤ ਦੀ ਮਾਂ ਆਪਣੇ ਆਖਰੀ ਦਮਾ ਤੇ ਹੈ। ਮੈਂ ਬਜ਼ਾਰ ਵਿਚੋਂ ਦੁਆਈ ਲਿਆਉਣ ਲਈ ਜਾਂਦਾ ਹਾਂ – – ਬਜ਼ਾਰ ਬੰਦ ਹੈ -- ਹਰ ਘਰ ਦੁਕਾਨ ਤੇ ਵੱਡੀ ਇਮਾਰਤ ਲਾਲ ਇਸ਼ਤਿਹਾਰਾਂ ਨਾਲ ਚਿਪਕੀ ਹੋਈ ਹੈ। ਪਤਾ ਨਹੀਂ ਰੰਗੀਨ ਬਹਾਰ ਕਿਸ ਬੇਦਰਦ ਦੀ ਜੇਬ ਵਿਚ ਜਾ ਟਿਕੀ ਹੈ ।

ਚੌਂਕ ਵਿਚੋਂ ਅਖ਼ਬਾਰ ਦਾ ਵਿਸ਼ੇਸ਼ ਸਪਲੀਮੈਂਟ ਖ਼ਰੀਦਦਾ ਹਾਂ — ਕਾਲੇ ਹਾਸ਼ੀਏ ਖਿੱਚੇ ਹੋਏ ਹਨ — ਸਰਕਾਰੀ ਸੂਚਨਾ ਮੁਤਾਬਿਕ ਸਿਰਫ ਤਿੰਨ ਮੌਤਾਂ ਹਨ ਪ੍ਰੰਤੂ ਉਸੇ ਹੀ ਅਖ਼ਬਾਰ ਵਿਚ ਗੈਰ-ਸਰਕਾਰੀ ਸੂਤਰਾਂ ਮੁਤਾਬਿਕ ਮੌਤਾਂ ਦੀ ਗਿਣਤੀ ਦਸ ਦੇ ਕਰੀਬ ਹੈ — ਦਿਨ-ਦਿਹਾੜੇ ਸ਼ਰੇ-ਆਮ ਗੋਲੀਆਂ ਦਾ ਮੀਂਹ —ਹਾਲਾਤ ਬੇ-ਕਾਬੂ — — ਪ੍ਰਮੁੱਖ ਸ਼ਹਿਰਾਂ ਵਿਚ ਫੌਜ ਮੰਗਵਾਈ ਗਈ – ਫਲੈਗ ਮਾਰਚ — ਰੇਲਵੇ ਸਟੇਸ਼ਨ ਨੂੰ ਅੱਗ — ਪੋਲੀਸ ਸਟੇਸ਼ਨ ਤੇ ਹਮਲਾ — ਰਾਸ਼ਟਰੀ ਝੰਡੇ ਦਾ ਅਪਮਾਨ — ਹੋਰ ਵੀ ਖਬਰਾਂ ਹਨ !

ਅਜੇ ਵੀ ਚੌਂਕ 'ਚ ਹੀ ਖੜਾ ਹਾਂ — ਉਹੀ ਲੋਕ ਸੰਪਰਕ ਵਿਭਾਗ ਦੀ ਵੈਨ ਆਈ ਹੈ - ਬਿਲਕੁੱਲ ਉਹੀ ਐਲਾਨ ਹੋ ਰਿਹਾ ਹੈ — ਜੋ ਮੈਂ ਘਰੋਂ ਤੁਰਨ ਵੇਲੇ ਸੁਣਿਆ ਸੀ । ਮੈਂ ਫਿਰ ਵੀ ਚੁੱਪ ਹਾਂ — ਭਾਵੇਂ ਮੈਂ ਘਰ ਤੋਂ — — ਚੌਂਕ ਤੀਕ ਆਣ ਪੁੱਜਾ ਹਾਂ – ਚੌਂਕ ਵਿਚ ਵੀ ਭੀੜ ਹੈ — ਹਰ ਚਿਹਰਾ ਚੁੱਪ ਨਹੀਂ, ਉਦਾਸ ਝਾਕਦਾ ਹੈ। ਮੈਂ ਵੀ ਹੋਰ ਲੋਕਾਂ ਦੇ ਚਿਹਰੇ ਪੜ੍ਹੀ ਜਾ ਰਿਹਾ ਹਾਂ ।

ਅਖਬਾਰ ਵਾਲਿਆਂ ਦੀ ਅੱਜ ਕਲ੍ਹ ਚਾਂਦੀ ਹੈ – ਮੈਨੂੰ ਚੌਂਕ 'ਚ ਖਲੋਤਿਆਂ ਕੋਈ ਦੋ ਕੁ ਘੰਟੇ ਹੋ ਚੁਕੇ ਹਨ — ਅਖਬਾਰ ਫ਼ਰੋਸ਼ ਹੋਕਾ ਦੇਂਦਾ ਹੈ — ਗੋਲੀ — ਕਾਂਡ ਬਾਰੇ ਤਾਜ਼ਾ ਜਾਣਕਾਰੀ — ਨੇਤਾਵਾਂ ਦੇ ਬਿਆਨ— ਅਖਬਾਰ ਦੇ ਸੰਪਾਦਕ ਦਾ ਘਟਨਾ-ਸਥਲ ਤੇ ਹੰਗਾਮੀ ਦੌਰਾ — ਸਭ ਕੁਝ ਪੜ੍ਹਨ ਲਈ ਇਸ ਅਖਬਾਰ ਦਾ ਦੁਪਹਿਰ-ਅੰਕ ਪੜ੍ਹੋ ! ਕੇਵਲ ਅੱਜ ਹੀ ਕੱਢਿਆ ਜਾ ਰਿਹਾ ਹੈ — ਫਿਰ ਕਿਹੜਾ ਮੌਕਾ ਮਿਲਣਾ ਹੈ — ਮੈਂ ਉਹ ਅਖਬਾਰ ਵੀ ਖਰੀਦਦਾ ਹਾਂ ।

ਉਹੀ ਖਬਰਾਂ ਹਨ — ਕੁਝ ਹੋਰ ਘਟਨਾਵਾਂ — ਬੇਕਾਬੂ ਭੀੜ ਤੇ ਲਾਠੀਚਾਰਜ ਕਰਨਾ ਪਿਆ । ਅੱਥਰੂ ਗੈਸ ਦੇ ਗੋਲੇ ਛੱਡੇ ਗਏ — "ਅਦਾਲਤੀ ਜਾਂਚ ਨਹੀਂ ਕਾਤਲਾਂ ਦਾ ਕਤਲ ਕੀਤਾ ਜਾਵੇ — ਫਿਰ ਹੀ ਅਸੀਂ ਸ਼ਾਂਤ ਹੋ ਸਕਦੇ ਹਾਂ" — ਵਿਦਿਆਰਥੀ ਨੇਤਾ ਦਾ ਬਿਆਨ — ਇਕ ਸ਼ਹਿਰ ਵਿਚ ਕੁਝ ਨੌਜਵਾਨਾਂ ਨੇ ਮੋਮਬੱਤੀ ਦੀ ਲਾਟ ਤੇ ਹੱਥ ਰਖ ਕੇ ਸਹੁੰ ਖਾਧੀ ਹੈ ਕਿ ਉਹ ਤਦ ਤੀਕ ਚੈਨ ਨਹੀਂ ਲੈਣਗੇ – ਜਦ ਤੀਕ ਖ਼ੂਨ ਦਾ ਬਦਲਾ ਖ਼ੂਨ ਵਿਚ ਨਹੀਂ ਲੈਂਦੇ – ਮੁੱਖ ਮੰਤਰੀ ਨੂੰ ਦਿਤੇ ਗਏ ਮੈਮੋਰੰਡਮ ਉਤੇ ਕੀਤੇ ਦਸਤਖ਼ਤ ਵੀ ਨੌਜਵਾਨਾਂ ਨੇ ਆਪਣੇ ਖ਼ੂਨ ਨਾਲ ਕੀਤੇ —

ਮੈਂ ਚੌਂਕ ਵਿਚੋਂ ਵਾਪਸ ਤੁਰ ਪੈਂਦਾ ਹਾਂ — ਸਭ

ਖ਼ਿਆਲ ਮੇਰੇ ਮਨ ਵਿਚ ਗੁੱਥਮ-ਗੁੱਥਾ ਹੋ ਰਹੇ ਹਨ — ਉਨ੍ਹਾਂ ਤੋਂ ਖਲਾਸੀ ਕਰਵਾਉਣ ਲਈ ਮੈਂ ਚਾਹ ਦੀ ਮਦਦ ਲੈਂਦਾ ਹਾਂ—

ਚਾਹ ਵਾਲੀ ਦੁਕਾਨ ਉਤੇ ਵੀ ਉਹੀ ਚਰਚਾ ਹੈ— ਮੋਗਾ ਗੋਲੀ ਕਾਂਡ "ਮਰਨ ਵਾਲਿਆਂ ਦੀ ਗਿਣਤੀ ੩੦ ਹੋ ਗਈ ਹੈ" — ਉਥੇ ਘੁਸਰ-ਮੁਸਰ ਵਿਚੋਂ ਕੇਵਲ ਏਨਾ ਹੀ ਸੁਣ ਸਕਿਆ ਹਾਂ—

ਹੈਂ ! ਏਨੀਆਂ ਮੌਤਾਂ ਨਹੀਂ ਹੋ ਸਕਦੀਆਂ — ਮੇਰੇ ਮੰਨਣ ਵਿਚ ਨਹੀਂ ਆਉਂਦਾ । ਹੁਣ ਤਾਂ ਆਪਣਾ ਰਾਜ ਹੈ — ਗਾਂਧੀ ਦੇ ਸੁਪਨਿਆਂ ਦਾ ਭਾਰਤ — ਪਰ ਗਾਂਧੀ ਤਾਂ ਕਹਿੰਦੇ ਐ — ਕੀੜੀ ਮਰੀ ਵੇਖ ਕੇ ਵੀ ਹਫ਼ਤਾ ਭਰ ਰੋਟੀ ਨਹੀਂ ਸੀ ਖਾਂਦਾ । ਨਹੀਂ ਨਹੀਂ ਇਹ ਗਲਤ ਹੈ ! ਇਕ ਟਰੱਕ ਆ ਕੇ ਸੜਕ ਤੇ ਰੁਕਦਾ ਹੈ — ਉਹ ਮੋਗੇ ਤੋਂ ਆਇਆ ਹੈ — ਮੈਂ ਉਸ ਤੋਂ ਸੱਚ ਪੁੱਛਦਾ ਹਾਂ । — ਉਹ ਵੀ ਤੀਹ ਮੌਤਾਂ ਹੀ ਦੱਸਦਾ ਹੈ — ਵੀਹ ਪੱਚੀ ਸਹਿਕ ਰਹੇ ਹਨ । ਮੈਂ ਕੁਝ ਕੁ ਮੰਨ ਲੈਂਦਾ ਹਾਂ ।

ਅਖਬਾਰ ਹੱਥ ਵਿਚ ਫੜੀ ਵੇਖ ਕੇ ਸਧਾਰਨ ਆਦਮੀ ਝੱਕਦਾ ਹੋਇਆ ਮੇਰੇ ਕੋਲ ਆ ਖਲੋਂਦਾ ਹੈ— ਮੈਨੂੰ ਪੁੱਛਦਾ ਹੈ ?

"ਕਿਮੇਂ ਐਂ ਪੜਾਕੂਆ — ਸੁਣਿਐਂ ਮੋਗੇ ਕੰਨੀ ਬਾਹਵਾ ਮੁੰਡੇ ਬਿਚਾਰੇ ਮਾਰ'ਤੇ — ਖਨੀਂ ਸੱਚੀਂ ਐਂ ਹੋਇਐਂ, ਕੁਸ 'ਕਬਾਰ ਕਬੂਰ ਦੱਸਦੈ ਜਾਂ ਨੀ" । ਮੈਂ ਵੀ ਬੌਂਦਲਿਆ ਜਿਹਾ ਉਹਦੇ ਵਲ ਬਿਟ ਬਿਟ ਤੱਕੀ ਜਾ ਰਿਹਾ ਹਾਂ — ਕੁਝ ਵੀ ਦੱਸਣ ਦੀ ਹਿੰਮਤ ਨਹੀਂ — ਕੀ ਦੱਸਾਂ ਤੇ ਕੀ ਨਾਂਹ — — ਉਹ ਝਾਕੀ ਜਾਂਦਾ ਹੈ — ਮੇਰੇ ਕੋਲੋਂ ਅਖਬਾਰ ਖਿੱਚ ਕੇ ਉਹ ਕਿਸੇ ਹੋਰ ਨੂੰ ਪੜ੍ਹਨ ਲਈ ਦੇਂਦਾ ਹੈ — ਮੇਰੇ ਵੱਲ ਉਂਗਲ ਕਰ ਕੇ ਉਸ ਆਦਮੀ ਨੂੰ ਆਖ ਰਿਹਾ ਹੈ — ਸਾ-ਅਲਾ – ਪਥਰਾ ਗਿਆ, ਦੱਸ ਬੀ ਨੀਂ ਸਕਿਆ । ਮਾਵਾਂ ਦੇ ਪੁੱਤ ਮਰ'ਗੇ ।

ਮੈਂ ਉਸੇ ਚਾਹ ਦੀ ਦੁਕਾਨ ਤੇ ਬੈਠਾ ਹਾਂ— ਦੋਸਤ ਦੀ ਮਰ ਰਹੀ ਮਾਂ ਦਾ ਚੇਤਾ ਭੁੱਲ ਚੁਕਾ ਹੈ । ਲੋਕ ਸੰਪਰਕ ਵਿਭਾਗ ਦੀ ਵੈਨ ਫਿਰ ਚੀਕੀ ਹੈ :

"ਚਤਾਲੀ ਤੋੜਨ ਵਾਲੇ ਨੂੰ ਮਾਫ਼ ਨਹੀਂ ਕੀਤਾ ਜਾਵੇਗਾ —" ਸਭ ਲੋਕ ਰੋਜ਼ਾਨਾ ਵਾਂਗ ਜੀਣ ਦੀ ਕੋਸ਼ਸ਼ ਕਰਨ । ਫਿਰ ਨਾ ਕਹਿਣਾ ਜੱਗੋਂ ਬਾਹਰੀ ਹੋ ਗਈ — ਵਰਨਾ ... ... ਵਰਨਾ ... ... ਵਰਨਾ ... ... ... ।

---

## ਇਕ ਸੂਚਨਾ

ਲਿਖਾਰੀ ਸਭਾ ਮੋਗਾ ਦਾ ਸਮਾਗਮ ਜੋ 12 ਨਵੰਬਰ ਨੂੰ ਹੋਣਾ ਮਿਥਿਆ ਸੀ, ਹੁਣ 19 ਨਵੰਬਰ ਨੂੰ ਹੋਵੇਗਾ ।

—ਤੇਜਾ ਸਿੰਘ ਰੌਤਾ, ਜ. ਸਕੱਤਰ

○

## ਗ਼ਜ਼ਲ

—ਕੁਲਦੀਪ ਸਿੰਘ ਪੁਰੇਵਾਲ

ਆਓ ਹੁਣ ਛੇੜ ਦੇਈਏ, ਸੰਗਰਾਮ ਜ਼ਿੰਦਗੀ ਦਾ ।
ਜ਼ੱਰੇ ਜ਼ੱਰੇ 'ਤੇ ਹੋ ਜਾਏ, ਇਲਹਾਮ ਜ਼ਿੰਦਗੀ ਦਾ ।

ਹੱਕਾਂ ਲਈ ਜੋ ਭੀ ਲੜਦਾ, ਬਾਗੀ ਨੇ ਉਸ ਨੂੰ ਕਹਿੰਦੇ,
ਸੱਚੇ ਨੂੰ, ਏਹੋ ਮਿਲਦੈ, ਇਨਾਮ ਜ਼ਿੰਦਗੀ ਦਾ ।

ਤਲੀ 'ਤੇ ਸੀਸ ਰੱਖ ਕੇ, ਯਾਰ ਦੀ ਗਲੀ ਜਾਈਏ,
ਉਥੋਂ ਹੀ ਯਾਰੋ ਮਿਲਦੈ, ਜਾਮ ਜ਼ਿੰਦਗੀ ਦਾ ।

'ਹਿੰਮਤ' ਦਾ ਝੰਡਾ ਚੁੱਕ ਕੇ, ਅੱਗੇ ਹੀ ਅੱਗੇ ਵਧੀਏ;
ਨਹੀਂ ਤਾਂ ਜਨਾਜ਼ਾ ਨਿਕਲੂ, ਨਾਕਾਮ ਜ਼ਿੰਦਗੀ ਦਾ ।

ਸਮੇਂ ਦੀ ਮਮਟੀ ਉਤੇ, ਸਾਹਸ ਦਾ ਦੀਪ ਧਰੀਏ,
ਹਵਾ 'ਚ ਭੇਜ ਦੇਈਏ, ਪੈਗਾਮ ਜ਼ਿੰਦਗੀ ਦਾ ।

○

# ਸ਼ਰਧਾਂਜਲੀ

ਓਮ ਪ੍ਰਕਾਸ਼ ਸ਼ਰਮਾ

(ਮੋਗੇ ਦੇ ਵਿਦਿਆਰਥੀ ਸ਼ਹੀਦਾਂ ਨੂੰ)

ਜਿਸ ਦਿਨ ਡਾਇਰ ਨੇ
ਹੈਟ ਲਾਹਿਆ ਸੀ,
ਟੋਪੀ ਪਹਿਨੀ ਸੀ,
ਮੇਰੀ ਨਿਗਾਹ ਧੋਖਾ ਖਾ ਗਈ ਸੀ ।
ਪਰ ਦੋਸਤੋ,
ਜੋ ਸੁਨੇਹਾ ਤੁਸੀਂ ਜਾਂਦੇ ਦੇ ਗਏ
ਮੈਨੂੰ ਮਿਲ ਗਿਆ ਏ
ਤੇ ਇਸੇ ਲਈ ਇਤਿਹਾਸ ਦੇ ਪੱਤਰੇ
ਫਿਰ ਫੋਲਣ ਲਈ ਮਜਬੂਰ ਹੋਇਆ ਹਾਂ
ਤੇ ਮੇਰੀ ਇਸ ਪੜ੍ਹਤ ਵਿਚ
ਸੰਨਤਾਲੀ ਕੋਈ ਘਟਨਾ ਨਹੀਂ ਹੈ ।
ਬਸ, ਡਾਇਰ ਨੇ ਹੈਟ ਲਾਹਿਆ ਸੀ
ਤੇ ਟੋਪੀ ਪਹਿਨੀ ਸੀ ।
ਪਰ ਡਾਇਰ ਦੇ ਮੂੰਹ 'ਚੋਂ'
'ਸ਼ਾਂਤੀ' ਸੁਣ ਕੇ,
ਮੱਥੇ ਤੇ ਲਿਖਿਆ 'ਅਹਿੰਸਾ' ਤੱਕ ਕੇ
ਮੈਂ ਧੋਖਾ ਖਾ ਸਕਦਾ ਸਾਂ
ਤੇ ਖਾਂਦਾ ਰਿਹਾ ਹਾਂ ।
ਪਰ ਦੋਸਤੋ,
ਤੁਸਾਂ ਡਾਇਰ ਨੂੰ ਛਾਤੀ ਤੇ ਪਰਖ ਕੇ
ਇਸ ਦਾ ਬੁਰਕਾ ਲਾਹ ਦਿਤਾ ਹੈ
ਤੇ ਸ਼ੱਕ ਮਿਟਾ ਦਿਤਾ ਹੈ ।
ਪਰ 'ਜਲ੍ਹਿਆਂ ਵਾਲਾ ਬਾਗ' ਅੱਜ
ਦੂਰ ਤਕ ਵਿਛ ਗਿਆ ਹੈ ।
ਅੱਜ ਆਂਧਰਾ, ਬੰਗਾਲ ਸਭ
ਇਸੇ ਬਾਗ ਵਿਚ ਨੇ ।
ਕੁਲ ਸੱਚੇ ਜਵਾਨ ਦਿਲ,
ਅੱਜ ਇਸੇ ਬਾਗ ਵਿਚ ਨੇ ।
ਕੁਲ ਸੱਚੇ ਕਵੀ ਲੇਖਕ
ਅੱਜ ਇਸੇ ਬਾਗ ਵਿਚ ਨੇ ।
ਅੰਮ੍ਰਿਤਸਰ ਦੀਆਂ ਕੰਧਾਂ ਤੋਂ ਵਧ ਕੇ
ਮੋਗੇ ਦੀਆਂ ਕੰਧਾਂ
ਕੁਝ ਉਚੇਰਾ ਬੋਲਦੀਆਂ ਨੇ ।
'ਵਤਨ ਦੇ ਹੀਰੇ' ਤੇ 'ਕੌਮ ਦੇ ਭਵਿੱਖ'
ਸਭ ਡਾਇਰ ਦੀ ਰੇਂਜ ਵਿਚ ਨੇ ।
ਮੈਂ ਹੈਰਾਨ ਹਾਂ ਕਿ ਹੁਣ
ਕੀਹਦਾ ਇੰਤਜ਼ਾਰ ਹੈ ।
ਮੈਂ ਖ਼ੁਦ 'ਚੋਂ ਸਮੇਂ ਦਾ 'ਊਧਮ' ਲੱਭਦਾ ਹਾਂ ।

O

# ਇਕ ਗ਼ਜ਼ਲ

ਸੁਰਜੀਤ ਸਿੰਘ

( ਮੋਗਾ ਕਾਂਡ ਦੇ ਨਾਂ )

ਕਹਿਣ ਨੂੰ ਤਾਂ ਅਸੀਂ ਨੌਜਵਾਂ,
ਇਸ ਦੇਸ਼ ਦੀ ਬੁਨਿਆਦ ਹਾਂ ।

ਦੇਸ਼ – ਮਿੱਤਰਾਂ ਲਈ ਫੁੱਲ ਹਾਂ,
ਦੇਸ਼ – ਦੁਸ਼ਮਣਾਂ ਲਈ ਫ਼ੌਲਾਦ ਹਾਂ ।

ਪਰ ਧੱਕੇ ਸ਼ਾਹੀ ਨੇ ਸਾਨੂੰ ਵੰਗਾਰਿਐ,
ਅਸੀਂ ਮੰਗਦੇ ਹੱਕ ਬਰਬਾਦ ਹਾਂ ।

ਕਹਿਣ ਨੂੰ ਹਾਂ ਦੇਸ਼ ਦੇ ਉਸਰਈਏ,
ਧੱਕੇਸ਼ਾਹੀ ਤੋਂ ਨਾ ਪਰ ਆਜ਼ਾਦ ਹਾਂ ।

ਦੇਸ਼ ਦੀ ਕਮਾਨ ਹੋ ਕੇ ਵੀ ਅਸੀਂ,
ਪੁਲਿਸੀ ਗੋਲੀਆਂ ਦਾ ਬਣਦੇ ਸੁਆਦ ਹਾਂ ।

ਦੁਸ਼ਮਣ ਨਹੀਂ, ਅਸੀਂ ਦੋਸਤ ਦੇਸ਼ ਦ,
ਦੇਸ਼ ਵਧੇ, ਕਰਦੇ ਇਹੀ ਫਰਿਆਦ ਹਾਂ ।

ਧੱਕੇਸ਼ਾਹੀ ਦੇ ਪੈਰ ਬੇੜੀਆਂ ਪਾਓ
ਪੂਰੀ ਚਾਹੁੰਦੇ ਹੁਣ ਇਹੀ ਮੁਰਾਦ ਹਾਂ ।

O

## ਗਾਂ

—ਦਲਜੀਤ

ਅੰਗਰੇਜ਼ਾਂ ਦੀ ਜੰਮੀ ਤੇ ਪਾਲੀ
ਸਾਡੀ ਜਿਉਂ ਦੀ ਤਿਉਂ ਸੰਭਾਲੀ
ਭੂਤਰੀ ਹੋਈ ਫਿੱਟੀ ਹੋਈ
ਗਾਂ ਨੋਕੀਲੇ ਸਿੰਗਾਂ ਵਾਲੀ
ਜਿਸ ਨੂੰ ਜੀਅ ਚਾਹੇ
ਢੁੱਡ ਮਾਰੇ ਜਾਂ ਸਿੰਗ ਮਾਰੇ
ਪਰ ਆਮ ਤੌਰ ਤੇ
ਡਾਢਿਆਂ ਤੋਂ ਥਰ ਥਰ ਕੰਬੇ
ਮਾੜਿਆਂ ਨੂੰ ਦਰੜਦੀ ਜਾਵੇ
ਵਿਦਿਆ ਦੇ
ਜਾਂ ਰੱਬ ਦੇ ਮੰਦਰਾਂ ਵਿਚ
ਜਦੋਂ ਚਾਹੇ ਘੁਸ ਜਾਵੇ
ਬੱਚਿਆਂ ਨੂੰ ਲਿਤਾੜੇ
ਜਾਂ ਸਿੰਗਾਂ ਨਾਲ ਪਾੜੇ
ਸੜਕਾਂ ਨੂੰ ਮੱਲੇ
ਭਾਵੇਂ ਘਰਾਂ ਨੂੰ ਢਾਹੇ
ਨਹੀਂ ਸੁਣਦੀ ਕਿਸੇ ਦੀ
ਲੱਖ ਕੱਢੋ ਪਏ ਹਾੜੇ
ਨਜ਼ਰ ਇਸ ਦੀ ਕੈਰੀ
ਅਤੇ ਕੰਨ ਇਸ ਦੇ ਤਿੱਖੇ
ਕੋਈ ਇਸ ਨੂੰ ਭੁੱਲ ਭੁਲੇਖੇ
ਗਾਲ੍ਹ ਤਾਂ ਕੱਢ ਕੇ ਵੇਖੇ !
ਇਹ ਝੱਟ ਲਵੇ ਬਦਲਾ
ਚੁਕਾਵੇ ਸਿਲਸਲੇਵਾਰ ਲੇਖੇ
ਹੋਰਨਾਂ ਦੇਸਾਂ ਵਿਚ
ਐਸੀ ਗਾਂ ਦੀ ਹੱਤਿਆ ਹੋਵੇ
ਪਰ ਏਥੇ ?
ਏਥੇ ਹਾਕਮ ਪੂਜਣ ਇਸਨੂੰ
ਅਤੇ ਗਾਂ
ਲੋਕਾਂ ਨੂੰ ਰੱਜ ਰੱਜ ਕੋਹੇ

o

## ਗ਼ਜ਼ਲ

ਦਰਸ਼ਨ 'ਖਟਕੜ'

ਆਪਾ ਮਿਟਾ ਕੇ ਸ਼ਾਇਦ ਕੁਝ ਤਾਂ ਉਸਾਰ ਸਕਦਾਂ ।
ਸੂਲੀ ਦਾ ਦਰਦ ਆਪਣੀ ਜਿੰਦ ਤੇ ਸਹਾਰ ਸਕਦਾਂ ।
ਤੂਫ਼ਾਨ ਕੋਲੋਂ ਡਰ ਕੇ ਹਰ ਬੇੜੀ ਕੰਢੀਂ ਪਰਤੀ,
ਦਾਅਵਾ ਹੈ ਵਿੱਚ ਤੂਫ਼ਾਨਾਂ ਇਸ ਨੂੰ ਮੈਂ ਤਾਰ ਸਕਦਾਂ ।
ਢਾਹੁਣੇ ਲਈ ਖੱਦਾ ਢਾਂਚਾ ਹਿੱਸਾ ਹੋ ਮੇਰਾ ਪੁਛਦੇ,
ਮੈਂ ਮਾਰ ਬਿਜਲੀਆਂ ਦੀ ਇਸਨੂੰ ਵੀ ਮਾਰ ਸਕਦਾਂ ।
ਮੇਰੇ ਇਸ਼ਕ ਦੀ ਮੰਡੀ ਦੇ ਮੁੱਲ ਉੱਚੇ ਹੋਏ,
ਮੁੱਲ ਦੋਸਤੀ ਦਾ ਆਪਣੇ ਸਿਰ ਨਾਲ ਤਾਰ ਸਕਦਾਂ ।
ਹਰ ਨਵੇਂ ਕਦਮ ਤਾਂਈ ਬੰਧਨ ਜੋ ਪਿੱਛੇ ਖਿੱਚਣ,
ਹਰ ਲੀਕ ਨੂੰ ਮੈਂ ਸਾਹਵੇਂ ਸੱਭ ਦੇ ਵੰਗਾਰ ਸਕਦਾਂ ।
ਭਰੇ ਧੂੜ ਨਾਲ ਚਿਹਰੇ ਧੋ ਦੇਣ ਦੇ ਲਈ ਹੁਣ,
ਮੈਂ ਸਾਗਰਾਂ ਦੀ ਹਿੱਕ 'ਚੋਂ ਲਹਿਰਾਂ ਉਭਾਰ ਸਕਦਾਂ ।
ਸਾਗਰ ਦੀ ਹਿੱਕ 'ਚੋਂ ਨਿਕਲਿਆ ਅੰਮ੍ਰਿਤ ਪਚੇ ਨਾ ਮੈਨੂੰ,
ਫੈਲੇ ਨਾ ਧਰਤ ਉਪਰ ਵਿਸ਼ ਨੂੰ ਡਕਾਰ ਸਕਦਾਂ ।

o

## ਗ਼ਜ਼ਲ

— ਸ਼ਮਸ਼ੇਰ ਸਿੰਘ 'ਸਾਜ਼'

ਦੇਸ਼ ਖ਼ਾਤਰ ਮਿਟਣ ਦੀ ਕਸਮ ਤਾਂ ਚੱਲੇ ।
ਸਰ ਫ਼ਰੋਸ਼ੀ ਦਾ ਪਿਛਲਾ ਧਰਮ ਤਾਂ ਚੱਲੇ ।
ਕੋਈ ਨਿਤਰੇ ਹਥੇਲੀ ਤੇ ਸਿਰ ਰਖ ਕੇ,
ਆਸ਼ਕੀ ਦੀ ਪੁਰਾਣੀ ਰਸਮ ਤਾਂ ਚੱਲੇ ।
ਜੇ ਚੱਲੇ ਨਾਲ ਕੋਈ ਤਾਂ ਕਹਿਣਾ ਹੀ ਕੀ !
ਅਸੀਂ ਫੱਕਰ ਇਕੱਲੇ ਹੀ ਦਮ ਤਾਂ ਚੱਲੇ ।
ਜ਼ੁਲਮ ਅੱਗੇ ਕਦੋਂ ਤਕ ਨਿਭੂ ਇਸ ਤਰਾਂ ?
ਜੀਭ ਚੁੱਪ ਹੀ ਸਹੀ, ਪਰ ਕਲਮ ਤਾਂ ਚੱਲੇ ।
ਹਰ ਸਿਤਮ ਅੱਗੇ ਡਟ ਕੇ ਖਲੋਵੇਗੀ ਹੁਣ,
ਸਾਜ਼ ! ਜਨਤਾ ਦੇ ਕੁੱਝ ਪੈਰ ਜਮ ਤਾਂ ਚੱਲੇ ।

o

## ਪੱਤਰੇ/ਜੋਗਾ

ਮੇਰੇ ਮਿਤਰਾ
ਅਸੀਂ ਉਹ ਬਦਕਿਸਮਤ
ਪੱਤਰੇ ਹਾਂ
ਜਿਨ੍ਹਾਂ ਨੂੰ;
ਯੁਗ ਰਹਿਬਰਾਂ ਨੇ
ਯੁਗ ਇਤਿਹਾਸ ਵਿਚੋਂ
ਪਾੜ ਸੁਟਿਆ ਹੈ
ਕਿਉਂਕਿ ;
ਅਸਾਂ 'ਤੇ
ਲਾਲ ਅੱਖਰਾਂ ਸੰਗ
'ਸੱਚ' ਲਿਖਿਆ ਹੈ ।

—o—

## ਅਹਿਸਾਸ/ਹ.ਸ. 'ਤਰਸਪਾਲ'

ਹੋਰ ਜਦ ਸੁੱਤੇ ਪਏ ਸਨ ਰਾਤ ਦੀ ਗੋਦੀ
ਮੂੰਹ ਹਨੇਰੇ ਉਠਿਆ ਉਹ ਜਾਗਿਆ,
ਸਵੇਰ ਤੋਂ ਪਹਿਲਾਂ ਹੀ ਅੱਗੇ ਤੁਰ ਪਿਆ,
ਉਗਮਦੇ ਸੂਰਜ ਨੂੰ ਅਗੋਂ ਮਿਲਣ ਲਈ:
ਉਸਦੀ ਧੁੱਪ ਵਿਚ ਉਗਿਆ
ਇਕ ਸੁਪਨਾ ਉੱਜਲੇ ਦਿਨਾਂ ਦਾ ।
ਆਪਣੇ ਮਨ ਦੀ ਧਰਤ ਤੇ
ਡਿੱਠਾ ਜਾਂ ਉਸਨੇ ਪਰਤ ਕੇ
ਅਹਿਸਾਸ ਉਹਦੇ ਨਾਲ ਸੀ
ਹੁਣ ਦੇ ਪਲਾਂ ਦਾ
ਬੀਤੇ ਛਿਣਾਂ ਦਾ ।
'ਤੇ ਉਹ ਅੱਗੇ ਤੁਰ ਪਿਆ

—o—

## ਵਕਤ/ਲਖੇਸਰ

ਮੈਨੂੰ ਰਾਹ ਜਾਂਦੇ ਨੂੰ
ਕੁਝ ਆਜੜੀ ਵਕਤ ਪੁਛਦੇ ਹਨ,
ਸ਼ਾਇਦ ਭੁਖ ਲਗੀ ਹੋਵੇ ।
ਨਾਲੇ ਮੇਰੀ ਘੜੀ ਮੁਤਾਬਕ
ਵਕਤ ਵੀ ਹੋ ਹੀ ਚੁੱਕਾ

—o—

## ਅੰਤਲੀ ਗੋਹਲ/ਅਮਰਜੀਤ 'ਸੰਮਲ'

ਪਿੱਪਲ ਦੀ ਟੀਸੀ ਉਤੇ
ਚਿਪਕੀ ਕਾਟੋ
ਨਿਸਚਿੰਤ ਗੋਹਲਾਂ ਟੁੱਕ ਰਹੀ ਏ ॥
ਉਮਰਾਂ ਤੋਂ.......
ਉਹ ਏਸ ਕਰਮ ਦੀ ਭਾਗਣ ਹੈ
ਉਮਰਾਂ ਤੋਂ...........
ਉਹ ਏਸ ਪਿੱਪਲ ਦੀ ਭੋਗਣ ਹੈ ॥
ਜਿਸ ਦੀ ਟਹਿਣੀ ਉਤੇ
ਉਹ ਚਾਹੇ,
ਜਾ ਸਕਦੀ ਹੈ
ਤੇ...........
ਜਿਸ ਗੋਹਲ ਨੂੰ ਚਾਹੇ
ਉਹ ਟੁੱਕ ਕੇ ਹੇਠਾਂ ਸੁਟ ਸਕਦੀ ਹੈ
ਪਰ.........ਭੁੱਖੜ ਕਾਟੋ
ਕੀ ਪਈ ਜਾਣੇ ?
ਕਿ ਏਸ ਬ੍ਰਿਖ ਦੀ
ਨਸ ਨਸ ਅੰਦਰ
ਘੁਣ ਨੇ ਰਾਸ ਰਚਾ ਲਈ ਏ ॥
ਤੇ........
ਉਹ ਅੰਤਲੀ ਗੋਹਲ ਹੀ
ਖਾ ਰਹੀ ਏ !!
ਅੰਤਲੀ ਗੋਹਲ.........!!!

—o—

## ਉਹ ਆਦਮੀ/ਗੁਰਭਜਨ ਗਿੱਲ

ਉਹ ਸਭ ਚੱਕਰਾਂ ਚੋਂ ਟੁੱਟ ਕੇ
ਆਪਣਾ ਵਜੂਦ, ਅਣ ਵੇਖੇ ਖੋਲਿਆਂ
ਵਿਚ ਗੁਆ ਦੇਣਾ ਲੋਚਦਾ ਹੈ ।
ਨੀਮ-ਪਾਗਲ ਜਾਪਦਾ ਹੈ
ਦਿਨ ਰਾਤ ਪੈਦਲ ਯਾਤਰਾ ਨੂੰ
ਤੁਰਿਆ ਰਹਿੰਦਾ ਹੈ ।
ਉਹ ਅਕਸਰ ਆਖਦੈ
ਕੋਈ ਵੀ ਕੰਧ, ਮੈਨੂੰ 'ਕਿਉਂ' ਦਾ ਉਤਰ ਨਹੀਂ ਦੇਂਦੀ ।'
ਉਹ ਸੋਚਦੈ ਕੰਧਾਂ ਚੁੱਪ ਕਿਉਂ ਨੇ
ਇਨ੍ਹਾਂ 'ਚ ਤਾਂ ਆਦਮ ਦਾ ਇਤਿਹਾਸ ਹੈ ।

—o—

## ਉਸ ਦਿਨ/ਸਵਿੰਦਰ

ਮੈਂ ਭਾਰਤ 'ਚ ਜੰਮਿਆ ਹਾਂ
ਤੇ ਭਾਰਤ 'ਚ ਰਹਿੰਦਾ ਹਾਂ
ਇਹ ਸੱਚ ਹੈ : ਤੇ ਇਹ ਵੀ ਸੱਚ ਹੈ
ਭਾਰਤ ਮੇਰਾ ਪਿਆਰਾ ਦੇਸ਼ ਹੈ
ਮੈਂ ਤਾਂ ਚਾਹਾਂ ਇਹਦਾ ਨਾਂ
ਵਿਸ਼ਵ ਦੀ ਤਲੀ 'ਤੇ ਸੁਨਹਿਰੀ ਚੰਨ ਵਾਂਗ ਚਮਕੇ
ਪਰ ਯਾਰੋ :
ਕੋਈ ਕਾਹਦੇ ਲਈ ਸੜਦਾ ਹੈ ਚਿਮਨੀਆਂ 'ਚ
ਤੇ ਘੁਲਦਾ ਹੈ ਮਸ਼ੀਨਾਂ ਨਾਲ
ਤੇ ਕਾਹਦੇ ਲਈ ਖੇਤਾਂ 'ਚ ਬੀਜਦਾ ਹੈ—
ਆਪਣਾ ਪਸੀਨਾ ਹਰ ਰੁੱਤੇ
ਕੋਈ ਸਹਿਬਾਨ ਇਹ ਤਾਂ ਦਸੇ
ਤੇ ਇਹ ਵੀ ਦਸੇ
ਜਿਸ ਦਿਨ ਮੈਂ ਭੁੱਖਾ ਸੌਂ ਜਾਂਦਾ ਹਾਂ—
ਪਰਾਲੀ ਦੇ ਢੇਰ ਤੇ
ਕੀ ਉਸ ਦਿਨ ਮੈਂ ਭਾਰਤ ਦਾ ਨਹੀਂ ਹੁੰਦਾ......?
ਜੇ ਹੁੰਦਾ ਵਾਂ ਤਾਂ ਕਿਸ ਭਾਰਤ ਦਾ......

—o—

## ਘੋਖਵੀਆਂ ਨਜ਼ਰਾਂ/ਅਮਲਤਾਸ਼

ਹਰ ਮਹੀਨੇ ਦੀ
ਪਹਿਲੀ ਤਰੀਕ ਨੂੰ
ਜਦੋਂ ਵੀ ਮੈਂ
ਨਿਊਜ਼ ਏਜੰਸੀ ਜਾਂਦਾ ਹਾਂ
ਤਦ ਇਕ ਹੰਢਿਆ ਨੌਕਰ
(ਜਾਣੂੰ ਚਿਹਰਾ ਤੱਕ ਕੇ)
ਮੇਰੇ ਚਿਹਰੇ ਦੀਆਂ ਰੇਖਾਵਾਂ
ਵਿੱਚੋਂ ਸੁਆਲ ਗਿਣਦਾ ਹੈ:
ਰੋਹਲੇ ਬਾਣ—ਲਕੀਰ—ਸਰਦਲ
ਸਿਆੜ—ਕਿੰਤੂ
ਬੱਸ ਅੱਡੇ 'ਚ ਖੜਾ ਸਿਪਾਹੀ
ਜੇਬ ਚੋਂ ਡਾਇਰੀ ਕੱਢ ਕੇ
ਮੇਰੇ ਤੇ ਘੋਖਵੀਆਂ ਨਜ਼ਰਾਂ ਸੁੱਟਦਾ ਹੈ
ਤੇ ਮੈਂ 'ਉੱਚੀ ਸਾਰੀ' ਕਹਿੰਦਾ ਹਾਂ :
'ਇਕ ਅਕਾਲੀ ਪੱਤਰਕਾ'

—o—

## ਵੈਦ ਤੇ ਰੋਗੀ/ਦਲਜੀਤ ਸਿੰਘ

ਪੰਝੀ ਵਰ੍ਹਿਆਂ ਤੋਂ ਇਕ ਰੋਗੀ
ਚੜ੍ਹਿਆ ਕਚਘਰੜਾਂ ਦੇ ਅੱੜੇ
ਦਿਨੋ ਦਿਨ ਹਾਲਤ ਪਤਲੀ ਹੋਈ
ਅੱਜ ਮੌਤ ਦਾ ਘੋਰੜੂ ਵੱਜੇ
ਮੁੜ ਮੁੜ ਹੱਥ ਛੁਡਾ ਕੇ ਰੋਗੀ
ਅਸਲ ਵੈਦ ਵਲ ਭੱਜੇ
ਪਰ, ਕੀਹ ਜਾਣੇ ਭੋਲਾ ਰੋਗੀ—
ਅਜ
ਅਸਲ ਵੈਦ, ਛੱਡ ਦਿੱਤੀ ਹਿਕਮਤ
ਬੈਠਾ, ਕਚਘਰੜਾਂ ਦੇ ਗੱਭੇ

—o—

## ਫੈਸ਼ਨ/ਲਖੇਸਰ

ਉਹ ਮੇਰੇ 'ਬਾਪੂਓ',
ਅਸੀਂ ਨਹੀਂ ਪਾਉਣੇ ਹੁਣ !
ਬੰਦ ਗਲਮੇ ਦੇ ਕੁੜਤੇ,
ਅਸੀਂ ਬਦਲਵੇਂ ਸਮੇਂ 'ਚ
ਬਦਲਵੇਂ ਸਮੇਂ ਦਾ
ਬਦਲਵਾਂ ਫੈਸ਼ਨ ਅਪਨਾ ਲਿਆ ।

—o—

## ਸੰਕੇਤ/ਗੁਰਦਿਆਲ ਪਲਾ

ਵਕਤ ਦੀ ਟਾਈਗਰ ਹਿਲ ਤੇ ਖੜਾ
ਘੜੀ ਦੀ ਸੂਈ ਦਾ ਸੰਕੇਤ
—ਸੂਰਜ ਦਾ ਚੜਾਅ—
ਦੇਖ ਰਿਹਾ ਹਾਂ ।
ਦੁਸ਼ਟ ਬੱਦਲ
ਰੌਸ਼ਨੀ ਦੇ ਦੁਸ਼ਮਣ
ਉਸ ਤੇ ਜਾਬਰ ਹਨ ।
ਤੇ———,
ਹਜ਼ਮ ਕਰ ਜਾਣਾ ਚਾਹੁੰਦੇ ਹਨ
ਪਰ,
ਠਰੂੰ ਠਰੂੰ ਕਰਦੇ
ਸਿਆਲੇ ਜੀਵਨ ਨੂੰ
ਨਿੱਘ ਦੀ ਲੋੜ ਹੈ ।

—o—

## ਲਾਸ਼ ਨੰਗੀ ਰਹੇਗੀ/ਕੁਲਵਾ

ਜਦੋਂ ਦੋਸਤੀ ਜ਼ਿੰਦਾ ਸੀ
ਤੂੰ ਇਸ ਨੂੰ ਭੰਡਿਆ ਸੀ
ਭੰਡਿਆ ਵੀ ਅਜੇਹਾ
ਕਿ ਉਸ ਖ਼ੁਦਕਸ਼ੀ ਕਰ ਲਈ
ਹੁਣ ਜੇ ਮੈਂ ਇਸ ਦੀ ਉਸਤਤ
ਜਾਂ ਨਿੰਦਿਆ ਕਰਾਂ ਤੈਨੂੰ ਕੀ ?
ਇਸ ਮਰੀ ਦੋਸਤੀ ਤੇ ਕੋਈ ਗੰਦੀ ਦਰੀ
ਕੋਈ ਜ਼ਰੀ ਦਾ ਕਫ਼ਨ ਨਹੀਂ ਹੋਵੇਗਾ
ਕਿਆਮਤ ਦਾ ਦਿਨ ਹਮੇਸ਼ਾ ਰਹੇਗਾ
ਕਿਉਂਕਿ —
ਕਬਰ 'ਚ ਬੰਦ ਹੋਣ ਦੀ ਬਜਾਏ
ਪੱਧਰੇ ਪਈ ਦੋਸਤੀ ਦੀ ਲਾਸ਼
ਦਾ ਨੰਗੇਜ਼ ਹਰ ਰਾਹੀ ਵੇਖੇਗਾ ।

—o—

## ਸਫਰ/ਅਮਰ ਯਾਦਵ

ਜ਼ਿੰਦਗੀ ਤੋਂ ਮੌਤ ਤਕ ਦ ਸਫਰ
ਬਹੁਤ ਛੋਟਾ ਹੈ
ਛੇਤੀ ਕਰੋ
ਭੁਖੇ ਪੇਟ ਤੋਂ ਰੋਟੀ ਤਕ ਦਾ ਸਫਰ
ਤਾਂ ਤਹਿ ਕਰ ਲਈਏ ।

—o—

## ਰਸਤੇ ਦੇ ਪੱਥਰ/ਅਮਰ ਯਾਦਵ

ਅਜ ਤੀਕ
ਸੜਕ ਤੇ ਪਏ ਪੱਥਰਾਂ ਨਾਲ
ਠੋਕਰਾਂ ਖਾ ਖਾ ਕੇ
ਡਿਗਦੇ ਆਏ ਹਾਂ
ਵਕਤ ਆ ਗਿਆ ਹੈ
ਆਓ ਪੱਥਰਾਂ ਨੂੰ
ਰਸਤੇ 'ਚੋਂ ਹਟਾ ਦੇਈਏ ।

—o—

## ਅੱਗ/ਅਮਰ ਯਾਦਵ

ਆਓ ਸ਼ਮਸ਼ਾਨ ਘਾਟ ਜਾ ਕੇ
ਆਪਣੀਆਂ ਮੁਰਦਾ ਲਾਸ਼ਾਂ ਨੂੰ
ਸਾੜ ਆਈਏ ।
ਅਜ ਦੇ ਇਸ ਯੁਗ ਵਿਚ
ਲਾਸ਼ਾਂ ਦੀ ਨਹੀਂ
ਅਗ ਦੀ ਲੋੜ ਹੈ ।

—o—

## ਐਲਾਨ ਨਾਮਾ/ਯਕਮ

ਤੁਸਾਂ ਜੋ ਮੇਰੇ
ਸੂਰਜਾਂ ਨੂੰ ਕਤਲ ਕੀਤਾ ਹੈ
ਬੜਾ ਹੌਸਲਾ ਕੀਤਾ ਹੈ
ਜ਼ਹਿਰ ਦਾ ਪਿਆਲਾ ਪੀਤਾ ਹੈ
ਪਰ ਮੇਰੇ ਦੋਸਤੋ ! (ਦੁਸ਼ਮਣੋ)
ਕਿਉਂ ਭੁਲ ਗਏ
ਮੇਰੇ (ਅਨਲਿਖੇ) ਸਫਰ ਨੂੰ ।
ਮੈਂ ਅਜ ਵੀ ਤੁਹਾਡੇ ਡਰਾਉਣੇ
ਤੁਹਾਡੇ ਹੀ ਮੂੰਹ 'ਚ ਵਾੜ ਸਕਦਾ ਹਾਂ
ਤੁਹਾਡੇ ਸ਼ਰਾਬੀ ਠਹਾਕਿਆਂ ਨੂੰ
ਰੂਹ—ਜਿਸਮ ਸਮੇਤ ਸਾੜ ਸਕਦਾ ਹਾਂ
'ਤੇ ਆਪਣੇ ਸੁਪਨਿਆਂ ਦੇ ਸੂਰਜ ਨੂੰ
ਮੁੜ ਦੂਧੀਆ ਆਕਾਸ਼ 'ਚ ਚਾੜ੍ਹ ਸਕਦਾ ਹਾਂ
ਕਿਉਂ ਭੁੱਲ ਗਏ
ਮੇਰੇ (ਅਨਲਿਖੇ) ਸਫਰਨਾਮੇ ਨੂੰ......!

—o—

## ਅਵੱਸ਼ਕਤਾ/ਸੁਰਿੰਦਰ ਕਾਹਲੋਂ

ਮੁਸ਼ੱਕਤ ਦੀ ਨੀਂਹ ਤੇ
ਜੋ ਡੰਡਾ ਡੰਡਾ ਕਰਕੇ
ਉਪਰ ਚੜ੍ਹਨਾ ਸੋਚਦੇ ਹਨ ।
ਇੱਟ ਇੱਟ ਕਰਕੇ
ਉਸਾਰੀ ਕਰਨਾ ਲੋੜਦੇ ਹਨ ।
ਬੜੀ ਬੇ ਮੌਕਾ ਸੋਚ ਹੈ ।
ਨਿਯੰਤਰਨ ਤਾਂ ਅਜੇ
ਉਹ ਕਰਦੇ ਹਨ
ਜੋ ਇਕੋ ਵਾਰ
ਪੌੜੀ ਖਿਚ ਲੈਂਦੇ ਹਨ ।
ਜੋ ਇਕੋ ਵਾਰ
ਢਾਹ ਦੇਂਦੇ ਨੇ
ਕੀਤੀ ਸਾਰੀ ਉਸਾਰੀ
ਸੋਚਨ ਦੇ ਤਰੀਕੇ ਨੂੰ
ਬਦਲਣ ਦੀ ਛੇਤੀ ਲੋੜ ਹੈ ਹੁਣ
ਅੰਦਰੇ ਅੰਦਰ ਸੋਚੀ ਜਾਣ ਵਾਲਿਓ !

—o—

# ਲਿਖਾਰੀ-ਸਭਾ ਮੋਗਾ ਵਲੋਂ ਕਹਾਣੀ-ਦਰਬਾਰ ਲਈ ਖੁਲ੍ਹਾ ਸੱਦਾ

ਲਿਖਾਰੀ-ਸਭਾ ਮੋਗਾ ਆਪਣੀ ਪਰੰਪਰਾ ਅਨੁਸਾਰ 12 ਨਵੰਬਰ 1972 ਨੂੰ ਮੋਗਾ ਵਿਖੇ ਇਕ ਕਹਾਣੀ-ਦਰਬਾਰ ਕਰਵਾ ਰਹੀ ਹੈ। ਜਿਵੇਂ ਕਿ ਸਭਾ ਦਾ ਆਸ਼ਾ ਹੈ ਅਸੀਂ ਚਾਹੁੰਦੇ ਹਾਂ ਕਿ ਸਾਰੇ ਲੇਖਕ, ਅਲੋਚਕ ਤੇ ਵਿਚਵਾਨ ਇਸ ਸਮਾਗਮ ਵਿਚ ਜ਼ਰੂਰ ਪੁੱਜਣ। ਤੇ ਜਿਵੇਂ ਅਸੀਂ ਦੋ ਕੇਂਦਰੀ ਸਭਾਵਾਂ ਬਨਣ ਸਮੇਂ ਹੀ ਆਖਿਆ ਸੀ ਕਿ ਜਿੰਨੀ ਦੇਰ ਦੋਵੇਂ ਸਭਾਵਾਂ ਮਿਲਕੇ ਇਕ ਥਾਂ ਇਕੱਠੀਆਂ ਨਹੀਂ ਹੁੰਦੀਆਂ ਲਿਖਾਰੀ-ਸਭਾ ਮੋਗਾ ਕਿਸੇ ਸਭਾ ਨਾਲ ਸਬੰਧਤ ਨਹੀਂ ਹੋਵੇਗੀ ਲਿਖਾਰੀ-ਸਭਾ ਮੋਗਾ ਅਜੇ ਤਕ ਆਪਣੇ ਇਸ ਫੈਸਲੇ ਤੇ ਕਾਇਮ ਹੈ।

ਕਿਉਂਕਿ ਅਸੀਂ ਜਾਣਦੇ ਹਾਂ ਕਿ ਦੋ ਸਭਾਵਾਂ ਦੇ ਹੋਂਦ ਵਿਚ ਆਉਣ ਨਾਲ ਜੋ ਨੁਕਸਾਨ ਪੰਜਾਬੀ ਸਾਹਿਤ ਦਾ ਹੋ ਰਿਹਾ ਹੈ—ਉਹ ਅਫਸੋਸ-ਨਾਕ ਹੈ ਕਿਸੇ ਇਕ ਧੜੇ ਦੇ ਸਮਾਗਮ ਨੂੰ ਦੂਜੇ ਧੜੇ ਨਾਲ ਸਬੰਧਤ ਮੈਂਬਰ ਜਿਸ ਢੰਗ ਨਾਲ ਫਿਹਲ ਕਰਨ ਦੇ ਜਤਣ ਕਰਦੇ ਹਨ। ਉਹ ਇਕ ਨਿੰਦਣ ਯੋਗ ਕਦਮ ਹੈ ਅਸੀਂ ਚਾਹੁੰਦੇ ਹਾਂ ਦੋਹਾਂ ਸਭਾਵਾਂ ਦੇ ਲੇਖਕ ਇਕੋ ਪਲੇਟਫਾਰਮ ਤੇ ਇਕੱਠੇ ਹੋਕੇ ਕੰਮ ਕਰਨ।

ਤੇ ਇਸੇ ਆਸ਼ੇ ਨੂੰ ਮੁੱਖ ਰੱਖਕੇ ਲਿਖਾਰੀ-ਸਭਾ ਮੋਗਾ ਇਹ ਕਹਾਣੀ-ਦਰਬਾਰ ਕਰਾ ਰਹੀ ਹੈ। ਕਹਾਣੀਆਂ ਦੀ ਚੋਣ ਕਰਨ ਲਗਿਆਂ ਅਸੀਂ ਇਹ ਨਹੀਂ ਦੇਖਿਆ ਕਿ ਲੇਖਕ ਕਿਸ ਗੁੱਟ ਜਾਂ ਸਭਾ ਨਾਲ ਸਬੰਧ ਰਖਦਾ ਹੈ, ਸਗੋਂ ਸਭਾ ਦੀ ਇਕ ਖੁੱਲ੍ਹੀ ਬੈਠਕ ਵਿਚ ਸਾਰੀਆਂ ਕਹਾਣੀਆਂ ਨੂੰ ਪੜ੍ਹਕੇ ਹੀ ਚੋਣ ਕੀਤੀ ਗਈ ਹੈ। ਇਹ ਚੋਣ ਕਿਸੇ ਇਕੱਲੇ ਇਕਹਿਰੇ ਲੇਖਕ ਤੇ ਨਹੀਂ ਛੱਡੀ ਗਈ।

ਤੇ ਜਿਵੇਂ ਅਸੀਂ ਪਹਿਲਾਂ ਐਲਾਨ ਕੀਤਾ ਹੋਇਆ ਹੈ। ਕਹਾਣੀ-ਦਰਬਾਰ ਵਿਚ ਸ਼ਾਮਲ ਕਹਾਣੀ ਲੇਖਕ ਨੂੰ ਆਪ ਸਮਾਗਮ ਵਿਚ ਆਕੇ ਪੜ੍ਹਨੀ ਪਵੇਗੀ ਅਤੇ ਉਸ ਬਾਰੇ ਜੁਆਬ-ਦਿਹ ਹੋਵੇਗਾ, ਅਤੇ ਜਿਨ੍ਹਾਂ ਦੀਆਂ ਕਹਾਣੀਆਂ ਤਾਂ ਸਾਡੇ ਕੋਲ ਪੁੱਜ ਗਈਆਂ ਸਨ, ਪਰ ਆਉਣ ਬਾਰੇ ਮਜਬੂਰੀ ਜ਼ਾਹਰ ਕੀਤੀ ਸੀ ਉਨ੍ਹਾਂ ਲੇਖਕਾਂ ਦੀਆਂ ਕਹਾਣੀਆਂ ਦੀ ਚੋਣ ਕਰਨ ਤੋਂ ਅਸੀਂ ਅਸੱਮਰਥ ਸਾਂ। ਲਿਖਾਰੀ-ਸਭਾ ਮੋਗਾ ਸਮੂਹ ਲੇਖਕਾਂ ਅਲੋਚਕਾਂ ਤੇ ਵਿਦਵਾਨਾਂ ਨੂੰ ਇਸ ਸਮਾਗਮ ਵਿਚ ਪੁੱਜਣ ਦੀ ਇਕ ਵਾਰ ਫੇਰ ਜ਼ੋਰਦਾਰ ਅਪੀਲ ਕਰਦੀ ਹੈ।

ਪ੍ਰਧਾਨ
ਮਨਜੀਤ ਢਿੱਲੋਂ

ਹਿੱਤੂ—
(1) ਪ੍ਰੀਤਮ ਬਰਾੜ ਲੰਡੇ
(2) ਅਜੀਤ ਸਿੰਘ ਪੱਤੋ
(3) ਬਲਬੀਰ ਸਿੰਘ ਚਾਹਲ
(ਮੈਂਬਰ ਸਲਾਹਕਾਰ ਕਮੇਟੀ)
ਲਿਖਾਰੀ ਸਭਾ ਮੋਗਾ

ਕਹਾਣੀ/**ਔੜ**/ਜਸਵੰਤ ਸਿੰਘ ਵਿਰਦੀ

ਵਰਖਾ ਦੇ ਦਿਨ ਸਨ ਤੇ ਸਾਰੇ ਸ਼ਹਿਰ ਤੇ ਕਿਣਮਿਣ ਹੋ ਰਹੀ ਸੀ। ਲਗਾਤਾਰ ਆਕਾਸ਼ ਭਰ ਦੀ ਉਚਾਈ ਤੋਂ ਬੱਦਲ ਕੱਠੇ ਹੋ ਕੇ ਆਉਂਦੇ ਤੇ ਸ਼ਹਿਰ 'ਤੇ ਫੈਲ ਜਾਂਦੇ ਤੇ ਫੇਰ ਕਣੀਆਂ ਦੀਆਂ ਸੂਕਦੀਆਂ ਧਾਰਾਂ। ਪਰ, ਸ਼ਹਿਰ ਤੋਂ ਬਾਹਰਲੇ ਸਾਰੇ ਇਲਾਕੇ ਤੇ ਔੜ ਲਗੀ ਹੋਈ ਸੀ। ਧਰਤੀ ਨੂੰ ਝੁਲਸਦੀ, ਤਪਦੀ ਖਪਦੀ।

'ਕਦੀ ਅਜਿਹੇ ਦਿਨ ਨਹੀਂ ਸਨ ਵੇਖੇ' ਬਾਪੂ ਹੈਰਾਨ ਹੋ ਕੇ ਕਹਿੰਦਾ।

'ਤੇ ਤੁਸੀਂ ਵਰਖਾ 'ਚੋਂ ਲੈਣਾ ਹੀ ਕੀ ਹੈ?' ਮੇਰਾ ਜਵਾਬ ਹੁੰਦਾ, ਸਹਿਜ ਸੁਭਾ।

'ਪਾਂਡਵਾਂ ਨੇ ਵੀ ਬਾਰਾਂ ਵਰ੍ਹਿਆਂ ਦੀ ਔੜ ਮੰਨ ਲਈ ਸੀ ਪਰ ਅੱਠਾਂ ਪਹਿਰਾਂ ਦੀ ਵਰਖਾ ਨਹੀਂ ਸੀ ਕਬੂਲੀ' ਮਾਂ ਦਾ ਉਤਰ ਹੁੰਦਾ। ਉਹ ਫੁਲਕੇ ਵੀ ਰਾੜ੍ਹੀ ਜਾਂਦੀ ਤੇ ਗੱਲਾਂ ਵੀ।

'ਬਹੁਤੀ ਵਰਖਾ 'ਚੋਂ ਅਸੀਂ ਕੁਝ ਨਹੀਂ ਲੈਣਾ, ਪਰ ਫਸਲਾਂ ਦਾ ਸੋਕੜਾ ਦੂਰ ਕਰਨ ਜੋਗੀ ਤਾਂ ਹੋਵੇ।' ਬਾਪੂ ਹਿਰਖ ਨਾਲ ਕਹਿੰਦਾ ਤੇ ਆਪਣੀ ਇਕ ਕਮਾਨੀ ਵਾਲੀ ਐਨਕ ਲਭ ਕੇ ਕਈ ਦਿਨ ਪੁਰਾਣੀ ਅਖਬਾਰ ਚੁਕ ਲੈਂਦਾ—

'ਸ਼ਹਿਰ ਭਰ ਦੇ ਵਪਾਰੀਆਂ ਨੇ ਸਾਰੇ ਮੌਸਮ ਦੇ ਬੱਦਲਾਂ ਦਾ ਮੁੱਲ ਸਰਕਾਰ ਨੂੰ ਤਾਰ ਕੇ ਮੌਸਮ ਭਰ ਦਾ ਠੇਕਾ ਲੈ ਲਿਆ ਹੈ ਤੇ ਉਹ ਮਨ ਮਰਜ਼ੀ ਦੇ ਇਲਾਕਿਆਂ ਤੇ ਵਰਖਾ ਕਰਿਆ ਕਰਨਗੇ।' ਬਾਪੂ ਖਬਰ ਪੜ੍ਹਦਾ ਤੇ ਫੇਰ ਹੈਰਾਨੀ ਨਾਲ ਸਭ ਕਾਸੇ ਨੂੰ ਘੂਰਦਾ। ਫੇਰ ਪੜ੍ਹਦਾ— 'ਵਪਾਰੀਆਂ ਨੇ ਫੈਸਲਾ ਕੀਤਾ ਹੈ ਕਿ ਵਰਖਾ ਸਿਰਫ ਸ਼ਹਿਰ ਤੇ ਕਰਿਆ ਕਰਨਗੇ ਤਾਂਕਿ ਰਾਜਧਾਨੀ ਠੰਢੀ ਵੀ ਰਹੇ, ਗੰਦ ਵੀ ਸਾਫ ਹੁੰਦਾ ਜਾਵੇ......ਤੇ ਇਹ ਗੰਦਾ ਪਾਣੀ ਹੋਰ ਵੀ ਮਹਿੰਗੇ ਮੁੱਲ ਤੇ ਪਿੰਡਾਂ ਵਾਲਿਆਂ ਨੂੰ ਵੇਚਿਆ ਜਾ ਸਕੇ।'

ਫੇਰ ਉਹ ਰੁਕ ਕੇ ਕਹਿੰਦਾ — 'ਇਹ ਲੋਕ ਹੁਣ ਕੁਦਰਤ ਦੀਆਂ ਮਿਹਰਾਂ ਦਾ ਵੀ ਵਪਾਰ ਕਰਨ ਲਗੇ ਨੇ।'

ਅਤੇ ਹੋਰ ਪਤਾ ਨਹੀਂ ਕੀ ਕੁਝ।... ਮਾਂ ਰੋਟੀ ਪਰੋਸ ਰਹੀ ਕਾਫੀ ਪਰੇਸ਼ਾਨ ਨਜ਼ਰ ਆਉਂਦੀ, ਬਾਪੂ ਵਾਂਗ ਹੀ। ਪਰ ਬਾਪੂ ਉਸ ਨੂੰ ਤਕਣ ਦੀ ਬਜਾਏ ਕੰਧਾਂ ਨੂੰ ਘੂਰਦਾ, ਜਿਥੇ ਮਿੱਟੀ ਦੇ ਖੜੇ ਪੜ ਉਖੜਨ ਕਾਰਨ ਸਖਣਾ-ਪਣ ਝਾਕ ਰਿਹਾ ਹੁੰਦਾ। ਸੁੰਨੇ ਆਕਾਸ਼ ਵਾਂਗ ਹੀ।

ਮੈਂ ਹੁਣ ਨੌਵੀਂ ਵਿਚ ਹੋ ਗਿਆ ਤੇ ਹਿਸਾਬ ਨੂੰ ਵੀ ਸਮਝਣ ਲਗ ਪਿਆ ਸਾਂ ਪਰ ਬਾਪੂ ਦੀਆਂ ਇਹ ਗੱਲਾਂ ਮੇਰੀ ਸਮਝ ਵਿਚ ਨਾ ਆਉਂਦੀਆਂ। ਹਾਂ, ਸ਼ਹਿਰ ਪ੍ਰਤਿ ਮੇਰੇ ਵਿਚਾਰ ਜ਼ਰੂਰ ਕੌੜ ਨਾਲ ਭਰ ਜਾਂਦੇ। ਇਸ ਕੁੜੱਤਣ ਦਾ ਇਕ ਕਾਰਨ ਇਹ ਵੀ ਸੀ ਕਿ ਸਵੇਰ ਵੇਲੇ ਜਦੋਂ ਮੈਂ ਉਠਦਾ ਤਾਂ ਝਿਊਰਾਂ ਦਾ ਬੰਤਾ ਸਾਡੇ ਬੂਹੇ ਅਗੇ ਖਲੋਤਾ ਹੁੰਦਾ। ਉਹ ਸਾਡੀ ਸੱਜਰ ਸੂਈ ਮੱਝ ਦਾ ਸਾਰਾ ਦੁੱਧ ਆਪਣੇ ਡਰੱਮ ਵਿਚ ਭਰ ਲੈ ਜਾਂਦਾ। ਮੇਰੇ ਪੁਛਣ ਤੇ ਮਾਂ ਕਹਿੰਦੀ ਕਿ ਇਹ ਸਾਰਾ ਦੁੱਧ ਸ਼ਹਿਰ ਜਾ ਰਿਹਾ ਹੈ—

'ਕਿਉਂ?'

'ਪਿੰਡ ਦੇ ਸਾਰੇ ਘਰਾਂ ਦਾ ਦੁੱਧ ਸ਼ਹਿਰ ਜਾਂਦਾ ਹੈ।'

'ਪਰ ਕਿਉਂ ਮਾਂ?'

'ਸਾਨੂੰ ਇਹਦੇ ਬਦਲੇ ਪੈਸੇ ਜੁ ਮਿਲਦੇ ਨੇ।'

'ਤੇ ਸ਼ਹਿਰੀਏ ਏਨੇ ਦੁੱਧ ਨੂੰ ਕੀ ਕਰਦੇ ਨੇ?'

'ਕੁਝ ਵੀ ਕਰਨ, ਅਸੀਂ ਕੀ ਲੈਣਾ?' ਮਾਂ ਦਾ ਚਿਹਰਾ ਨਿਰਵਿਕਾਰ ਹੁੰਦਾ ਤੇ ਉਹ ਛੋਟੇ ਮੋਟੇ ਕੰਮ ਵਿਚ ਰੁਝੀ ਰਹਿੰਦੀ।

ਮੈਂ ਕਾਹਲੀ ਕਾਹਲੀ 'ਚ ਅਚਾਰ ਤੇ ਲੱਸੀ ਨਾਲ ਰੋਟੀ ਖਾ ਕੇ ਸਕੂਲ ਚਲਾ ਜਾਂਦਾ। ਕਿਸੇ ਕਿਸੇ ਦਿਨ ਜਦੋਂ ਖੇਤਾਂ ਨੂੰ ਪਾਣੀ ਲਾਉਣਾ ਹੁੰਦਾ ਜਾਂ ਗੋਡੀ ਕਰਨੀ ਪੈਂਦੀ ਤਾਂ ਬਾਪੂ ਮੈਨੂੰ ਨਾਲ ਹੀ ਲੈ ਜਾਂਦਾ। ਉੱਥੇ ਵੀ ਮਾਂ ਲੱਸੀ ਤੇ ਅਚਾਰ ਨਾਲ ਛਾਹ-ਵੇਲਾ ਲੈ ਕੇ ਆਉਂਦੀ। ਮੇਰੇ ਰੁੱਸਣ ਤੇ ਉਹ ਕਹਿੰਦੀ—

'ਖਾ ਲੈ ਪੁਤਰ! ਤੂੰ ਵੱਡਾ ਹੋਏਂਗਾ ਤਾਂ ਚਾਰ ਕਿੱਲੇ ਹੋਰ ਖਰੀਦਾਂਗੇ।'

'ਮੈਂ ਅਚਾਰ ਲੱਸੀ ਨਾਲ ਰੋਟੀ ਕਿਉਂ ਖਾਵਾਂ?'

'ਥੋੜ੍ਹੀ ਭੋਇੰ ਵਾਲੇ ਸਭ ਅਚਾਰ ਲੱਸੀ ਨਾਲ ਈ ਖਾਂਦੇ ਨੇ ਪੁਤਰ।' ਤੇ ਫੇਰ ਆਪ ਹੀ ਰੋਣਹਾਕੀ ਹੋ ਕੇ

ਬੁੜ-ਬੁੜਾਂਦੀ 'ਕੀ ਜ਼ਮਾਨਾ ਆ ਗਿਆ, ਦੁੱਧ ਨੂੰ ਪੁੱਤ ਬਰਾਬਰ ਸਮਝੀਦਾ ਸੀ, ਪਰ ਹੁਣ ਉਹ ਵੀ ਵੇਚਣਾ ਪਿਆ ਤੇ ਪੱਲੇ ਰਹਿ ਗਈ ਛਿੱਡੀ...' 'ਤੂੰ ਦੁੱਧ ਦੀਆਂ ਗੱਲਾਂ ਕਰਦੀ ਏਂ...ਹੁਣ ਵਰਖਾ ਦੀ ਬੂੰਦ ਵੀ ਨਹੀਂ ਮਿਲਣੀ ਭੋਇੰ ਨੂੰ' ਬਾਪੂ ਕਹਿੰਦਾ 'ਮੇਰਾ ਜੀ ਕਰਦਾ ਚਾਰੇ ਕਿੱਲੇ ਵੇਚ ਕੇ ਸ਼ਹਿਰ ਨੌਕਰੀ ਕਰ ਲਵਾਂ...' 'ਫੇਰ ਸ਼ਹਿਰ ਸ਼ਹਿਰ! ਤੁਹਾਨੂੰ ਕਈ ਵਾਰ ਕਿਹਾ ਸ਼ਹਿਰ ਦੀ ਕੋਈ ਗੱਲ ਨਾ ਕਰਿਆ ਕਰੋ...ਸ਼ਹਿਰ ਵਾਲੇ ਦੁੱਧ ਨਾਲ ਨਹਾਉਂਦੇ ਨੇ' ਮਾਂ ਡੁਸਕਦੀ।

'ਬਾਪੂ ਸ਼ਹਿਰ ਦੇ ਲੋਕ ਬਹੁਤ ਸੌਖੇ ਨੇ?' ਮੈਂ ਪੁਛਦਾ।

'ਹਾਂ ਪੁਤਰ, ਸ਼ਹਿਰ ਰਾਜਧਾਨੀ ਜੁ ਹੋਇਆ। ਉਥੇ ਦੇਸ਼ ਤੇ ਰਾਜ ਕਰਨ ਵਾਲੇ ਲੋਕ ਕਹਿੰਦੇ ਨੇ!'

'ਤੇ ਬਾਪੂ ਦੇਸ਼ ਤੇ ਸਾਡਾ ਰਾਜ ਨਹੀਂ?'

'ਰਾਜ ਤਾਂ ਸਾਡਾ ਈ ਐ ਪੁਤਰ! ਪਰ ਰਾਜੇ ਕੋਈ ਹੋਰ ਨੇ!'

ਮਾਂ ਕਹਿੰਦੀ—'ਪਿੰਡਾਂ 'ਚ ਕਹੌਤ ਹੁੰਦੀ ਸੀ ਕਿ ਜ਼ਮੀਨ ਦੇ ਹੁੰਦਿਆਂ ਜੱਟੀ ਕਦੀ ਵਿਧਵਾ ਨਹੀਂ ਹੁੰਦੀ ...ਪਰ ਹੁਣ ਜੱਟੀ ਵਿਧਵਾ ਹੋ ਗਈ ਐ!'

'ਨਹੀਂ, ਹਾਲੇ ਨਹੀਂ।' ਬਾਪੂ ਨੇ ਮੇਰੇ ਵਲ ਵੇਖਕੇ ਕਿਹਾ...ਪਰ ਉਹ ਵੀ ਉਦਾਸ ਸੀ।

× × ×

ਤਬੀਅਤ ਠੀਕ ਨਾ ਹੋਣ ਕਾਰਨ ਜਦੋਂ ਸ਼ਾਮ ਵੇਲੇ ਮੈਨੂੰ ਦਵਾਈ ਵਾਂਗ ਮਿੱਠੇ ਦੁੱਧ ਦਾ ਅੱਧਾ ਗਲਾਸ ਮਿਲਿਆ ਤਾਂ ਮੈਂ ਕੌੜੇ ਘੁੱਟ ਕਰਕੇ ਪੀ ਗਿਆ। ਮੈਂ ਸੋਚ ਰਿਹਾ ਸਾਂ ਕਿ ਹੁਣ ਸ਼ਹਿਰ ਬਾਰੇ ਕੋਈ ਗੱਲ ਨਹੀਂ ਕਰਿਆ ਕਰਾਂਗਾ। ਪਰ, ਰਾਤ ਵੇਲੇ ਜਦੋਂ ਪਿੰਡ ਵਿਚ ਹਨੇਰਾ ਹੋ ਜਾਂਦਾ ਤਾਂ ਇਸ ਗੂੜੇ ਹਨੇਰੇ ਵਿਚ ਦੂਰ ਅਸਮਾਨ ਨੇੜੇ ਕਿੰਨੀ ਸਾਰੀ ਰੌਸ਼ਨੀ ਚਮਕਦੀ। ਮਾਂ ਕਹਿੰਦੀ—'ਬਸ ਉਹੋ ਹੀ ਹੈ ਸ਼ਹਿਰ!' ਦਿਨੇ ਜਦੋਂ ਸੂਰਜ ਚਮਕਦਾ ਤਾਂ ਉਸੇ ਰੌਸ਼ਨੀ ਵਾਲੀ ਥਾਵੇਂ ਵਰਖਾ ਦੀਆਂ ਧਾਰਾਂ ਡਿਗ ਰਹੀਆਂ ਹੁੰਦੀਆਂ। ਮੈਂ ਸਮਝ ਜਾਂਦਾ ਕਿ ਸ਼ਹਿਰ ਉਥੇ ਹੀ ਹੈ। ਮੈਂ ਆਪਣੀ ਨਜ਼ਰ ਨਾਲ ਹੀ ਵਰਖਾ ਦੀਆਂ ਬੂੰਦਾਂ ਆਪਣੇ ਔੜ ਮਾਰੇ ਇਲਾਕੇ ਲਈ ਖਿਚਣ ਦੀ ਕੋਸ਼ਿਸ਼ ਕਰਦਾ, ਪਰ ਅਸਫਲ। ਕਈ ਵਾਰ ਮੈਂ ਸੋਚਦਾ ਕਿ ਸਾਰੇ ਦੇਸ਼ ਵਿਚ ਐਸਾ ਤੂਫਾਨ ਝੁੱਲੇ ਜਿਸ ਨਾਲ ਵਰਖਾ ਦੀਆਂ ਇਹ ਕਣੀਆਂ ਸਾਡੇ ਵਲ ਵੀ ਦੌੜੀਆਂ ਆਉਣ...ਤੇ ਕਿਤੇ ਵੀ ਔੜ ਨਾ ਰਹੇ।

ਬਾਪੂ ਕਿਸੇ ਕਿਸੇ ਦਿਨ ਆਪਣੇ ਸੁਪਨਿਆਂ ਦਾ ਜ਼ਿਕਰ ਕਰਦਾ ਜਿਨ੍ਹਾਂ ਵਿਚ ਉਹ ਵਰਖਾ ਨਾਲ ਤਰ-ਬਤਰ ਹੋ ਜਾਂਦਾ ਸੀ ਤੇ ਫੇਰ ਪੈਲੀਆਂ ਵਿਚ ਹਰੀਆਂ ਝੂਲਦੀਆਂ ਫਸਲਾਂ ਨਜ਼ਰ ਆਉਂਦੀਆਂ ਸਨ...ਪਰ ਸਿਰਫ਼ ਸੁਪਨਿਆਂ ਵਿਚ ਹੀ...। ਉਹ ਅਖਬਾਰ ਜਿਸ ਵਿਚ ਵਰਖਾ ਨੂੰ ਕਾਬੂ ਕਰਨ ਵਾਲੇ ਸ਼ਹਿਰ ਦੇ ਵਪਾਰੀਆਂ ਦਾ ਜ਼ਿਕਰ ਸੀ, ਉਸਨੂੰ ਪਿੰਡ ਦੇ ਲੋਕ ਵਾਰ ਵਾਰ ਪੜ੍ਹਦੇ ...ਤੇ ਫੇਰ ਪਤਾ ਨਹੀਂ ਉਹ ਵਰਕੇ ਕਿਥੇ ਚਲੇ ਗਏ। ਫਟ ਗਏ ਜਾਂ ਕਿਸੇ ਪਸ਼ੂ ਨੇ ਖਾ ਲਏ। ਅਜੀਬ ਅਜੀਬ ਵਾਰਦਾਤਾਂ ਵੇਖਣ ਸੁਨਣ ਵਿਚ ਆ ਰਹੀਆਂ ਸਨ। ਮੈਂ ਹਰ ਰੋਜ਼ ਹੈਰਾਨ ਹੁੰਦਾ। ਲੋਕ ਕਹਿ ਰਹੇ ਸਨ ਕਿ ਜਦੋਂ ਵੀ ਦੇਸ਼ ਵਿਚ ਔੜ ਲਗਦੀ ਸੀ ਤਾਂ ਰੋਟੀ ਪਾਣੀ ਤੇ ਨਿਰਭਰ ਬਹੁਤੇ ਲੋਕ ਤਬਾਹ ਹੋ ਜਾਂਦੇ ਸਨ। ਰਿਸ਼ਤੇ ਨਾਤੇ ਟੁੱਟ ਜਾਂਦੇ ਸਨ ਤੇ ਮਨੁਖੀ ਭਾਵਾਂ ਦਾ ਵਿਨਾਸ਼ ਹੁੰਦਾ ਸੀ। ਕੀ ਇਹ ਸੱਚ ਸੀ?

ਸੌਣੀ ਦੀ ਸਾਰੀ ਫਸਲ ਮਾਰੀ ਗਈ ਤੇ ਅਗਲੇ ਕੁਝ ਦਿਨਾਂ ਵਿਚ ਬਾਪੂ ਕਾਫੀ ਪਰੇਸ਼ਾਨ ਹੋ ਗਿਆ ਸੀ। ਉਹ ਖੇਤਾਂ ਵਲ ਜਾਣ ਤੋਂ ਝਿਜਕਦਾ ਸੀ। ਬਲਕਿ ਜ਼ਿਮੀਦਾਰੀ ਦੇ ਕਿੱਤੇ 'ਚੋਂ ਉਹਦਾ ਵਿਸ਼ਵਾਸ ਉਠ ਗਿਆ ਸੀ। ਉਹ ਸਾਰਾ ਦਿਨ ਘਰ ਪਿਆ ਰਹਿੰਦਾ। ਉਦਾਸ! ਉਹਦਾ ਸਰੀਰ ਨਿਘਰਦਾ ਜਾ ਰਿਹਾ ਸੀ। ਉਹ ਵਾਰ ਵਾਰ ਕਹਿੰਦਾ—'ਹੁਣ ਤਾਂ ਮਿੱਟੀ ਨਾਲ ਮਿੱਟੀ ਹੋਕੇ ਵੀ ਮਿੱਟੀ ਹੀ ਪੱਲੇ ਰਹਿੰਦੀ ਐ!'

ਸ਼ਹਿਰ ਵਿਚ ਕੰਮ ਕਰਦਾ ਮੇਰਾ ਮਾਮਾ ਮਿਲਣ ਆਇਆ ਤਾਂ ਸਾਡੇ ਖੇਤਾਂ ਦੀ ਹਾਲਤ ਦੇਖ ਕੇ ਹੈਰਾਨ ਰਹਿ ਗਿਆ। ਸ਼ਹਿਰ ਦੇ ਵੱਡੇ ਲੋਕ ਤਾਂ ਰਾਜਧਾਨੀ ਉਤੇ ਇਕ ਰਿਫਲੈਕਟਰ ਵੀ ਲੁਆ ਰਹੇ ਹਨ।

'ਉਹ ਕੀ ਹੁੰਦਾ ਹੈ?' ਬਾਪੂ ਨੇ ਪੁਛਿਆ, ਮਾਂ ਧੰਦਾ ਛਡਕੇ ਸੁਨਣ ਲਗੀ।

'ਇਕ ਕਿਸਮ ਦਾ ਪਲਾਸਟਕ ਦਾ ਛੱਜਾ' ਮਾਮੇ ਨੇ ਦਸਿਆ 'ਰਿਫਲੈਕਟਰ ਲਗਣ ਨਾਲ ਚੰਨ ਦੀਆਂ

ਰਿਸ਼ਮਾਂ ਸਾਰੇ ਸ਼ਹਿਰ ਤੇ ਦੂਣੇ ਤੀਣੇ ਤਪ-ਤੇਜ ਨਾਲ ਆਪਣਾ ਪ੍ਰਭਾਵ ਪਾਉਣਗੀਆਂ ਤੇ ਸ਼ਹਿਰ ਤੇ ਕਦੀ ਹਨੇਰਾ ਨਹੀਂ ਹੋਵੇਗਾ।'

'ਸਭ ਨਿਆਮਤਾਂ ਸਿਰਫ ਸ਼ਹਿਰੀਆਂ ਲਈ ਨੇ !' ਮਾਂ ਨੇ ਕਿਹਾ। ਮੱਥੇ ਤਿਊੜੀ ਪਾਕੇ।

'ਨਹੀਂ', ਸਭ ਸ਼ਹਿਰੀਆਂ ਲਈ ਨਹੀਂ। ਸਿਰਫ ਰਾਜਧਾਨੀ ਵਾਲਿਆਂ ਲਈ।'

'ਚਲੋ ਮੌਜਾਂ ਮਾਨਣ ਰਾਜਧਾਨੀਆਂ ਵਾਲੇ...... ਸਾਡੀਆਂ ਫਸਲਾਂ ਲਈ ਵੀ ਚਾਰ ਬੂੰਦਾਂ......'

'ਉਹ ਮੁੱਲ ਮਿਲਣਗੀਆਂ ਘੰਟਿਆਂ ਦੇ ਹਿਸਾਬ ਨਾਲ......'

ਮਾਮੇ ਨੇ ਇਹ ਵੀ ਦਸਿਆ ਸੀ ਕਿ ਇਲਾਕੇ ਦੇ ਲੋਕ ਵਰਖਾ ਨੂੰ ਏਨਾ ਤਰਸ ਗਏ ਸਨ ਕਿ ਉਹ ਸ਼ਹਿਰ ਦੀ ਹੱਦ ਕੋਲ ਖਲੋ ਕੇ ਵਰਖਾ ਹੁੰਦੀ ਵੇਖਣ ਲਈ ਦੂਰੋਂ ਦੂਰੋਂ ਭੱਜੇ ਜਾਂਦੇ ਸਨ......ਤੇ ਹੈਰਾਨ ਹੁੰਦੇ ਸਨ ਕਿ ਸ਼ਹਿਰ ਦੀ ਹੱਦ ਤੋਂ ਬਾਹਰ ਇਕ ਬੂੰਦ ਵੀ ਕਿਉਂ ਨਹੀਂ ਸੀ ਡਿਗਦੀ ? ਵਰਖਾ ਦਾ ਪਾਣੀ ਰਾਜਧਾਨੀ ਦੇ ਘਰਾਂ ਨੂੰ ਸਾਫ ਸੁਥਰਾ ਕਰਦਾ ਹੋਇਆ ਛੋਟੇ ਛੋਟੇ ਨਾਲਿਆਂ ਰਾਹੀਂ ਵੱਡੇ ਵੱਡੇ ਜ਼ਿਮੀਦਾਰਾਂ ਦਿਆਂ ਖੇਤਾਂ ਵਲ ਵਧ ਜਾਂਦਾ ਸੀ......। ਇਸ ਗੰਦੇ ਪਾਣੀ ਦੇ ਬਦਲੇ 'ਚ ਜ਼ਿਮੀਦਾਰ ਲੋਕ ਸ਼ਹਿਰ ਦੇ ਵਪਾਰੀਆਂ ਨੂੰ ਸ਼ੁੱਧ ਪਵਿਤਰ ਕਣਕ ਦੇਂਦੇ ਸਨ।

ਮਾਮੇ ਨੇ ਅਜਿਹੀਆਂ ਹੋਰ ਵੀ ਕਿੰਨੀਆਂ ਹੀ ਗੱਲਾਂ ਦਸੀਆਂ ਪਰ ਮੈਨੂੰ ਯਾਦ ਨਹੀਂ ਰਹੀਆਂ। ਮਾਮੇ ਦੇ ਜਾਣ ਤੋਂ ਬਾਦ ਬਾਪੂ ਹੋਰ ਵੀ ਨਿਰਾਸ਼ ਹੋ ਗਿਆ। ਪਿੰਡ 'ਚੋਂ ਸਾਡੇ ਘਰਾਂ ਦੇ ਤਿੰਨ ਟੱਬਰ ਜ਼ਮੀਨ ਲੰਬੜਾਂ ਕੋਲ ਵੇਚ ਕੇ ਰੁਜ਼ਗਾਰ ਲਈ ਸ਼ਹਿਰ ਚਲੇ ਗਏ ਸਨ ਤੇ ਬਾਪੂ ਵੀ ਉਸੇ ਰਾਹ ਜਾਣ ਬਾਰੇ ਸੋਚ ਰਿਹਾ ਸੀ। ਘਰ ਵਿਚ ਹਰ ਰੋਜ਼ ਝਗੜਾ ਹੁੰਦਾ।

'ਮੈਂ ਜ਼ਮੀਨ ਦੇ ਇਲਾਵਾ ਕੀ ਵੇਚ ਕੇ ਲੁਆਵਾਂ ਟੂਵੈਲ ?'

'ਫੇਰ ਜ਼ਮੀਨ ਨਹੀਂ ਵਿਕੇਗੀ ! ਮੇਰੀ ਤਾਂ ਰਾਖ ਵੀ ਇਥੇ ਈ ਖਿਲਰਨੀ ਐਂ।'

'ਮਾਰੂ ਜ਼ਮੀਨ ਨੂੰ ਕੀ ਕਰੇਂਗੀ ਤੂੰ ?.........

ਜ਼ੈਲਦਾਰਾਂ ਦਾ ਪੁਤਰ ਮੈਨੂੰ ਸੌਦਾ ਕਰਨ ਲਈ ਕਹਿ ਗਿਆ !'

'ਫੇਰ ਸਾਡਾ ਸੌਦਾ ਵੀ ਨਾਲ ਈ ਕਰਦੇ।' (ਮਾਂ ਨੇ ਠੀਕ ਕਿਹਾ ਸੀ।)

ਗੱਲ ਬਾਤ ਖਤਮ ਹੋ ਗਈ। ਖਤਮ ਹੋ ਹੀ ਜਾਣੀ ਸੀ। ਸਵੇਰੇ ਸ਼ਾਮ ਮਾਂ ਝਿਊਰਾਂ ਦੇ ਬੰਤੇ ਨੂੰ ਦੁੱਧ ਚੁਕਾ ਦੇਂਦੀ, ਤੇ ਬਸ ! ਸਾਰਾ ਦਿਨ ਆਰਾਮ ਨਾਲ ਲੰਘ ਜਾਂਦਾ। ਇਕ ਅਜਿਹਾ ਆਰਾਮ ਜਿਸ ਵਿਚ ਆਰਾਮ ਵਾਲੀ ਕੋਈ ਗੱਲ ਨਹੀਂ ਹੁੰਦੀ।

ਜਦੋਂ ਮੈਂ ਸਵੇਰੇ ਸਕੂਲ ਜਾਂਦਾ ਤਾਂ ਬਾਪੂ ਮੰਜੀ ਤੇ ਪਿਆ ਸੁੱਕੇ ਸਖਣੇ ਆਕਾਸ਼ ਨੂੰ ਘੂਰ ਰਿਹਾ ਹੁੰਦਾ। ਜਦੋਂ ਮੈਂ ਦੂਏ ਵੇਲੇ ਪਰਤ ਕੇ ਆਉਂਦਾ ਤਾਂ ਵੀ ਉਹ ਵਿਹੜੇ ਵਿਚ ਗੋਡਿਆਂ ਪਰਨੇ ਬੈਠਾ ਦੂਰ ਉਡਦੇ ਬਦੱਲਾਂ ਦੇ ਪਰਛਾਵਿਆਂ ਵਲ ਟਿਕ-ਟਿਕੀ ਲਾਈ ਬੇਚੈਨੀ ਦੀ ਸਮਾਧੀ ਵਿਚ ਗਲਤਾਨ ਹੁੰਦਾ। ਕਦੀ ਕਦੀ ਉਹ ਕਹਿੰਦਾ—'ਮੇਰਾ ਜੀ ਕਰਦਾ ਖੇਤਾਂ ਵਲ ਜਾਵਾਂ, ਝੂਲਦੀਆਂ ਫਸਲਾਂ ਵੇਖਾਂ......ਛਟਾਲੇ ਤੇ ਸਰ੍ਹੋਂ ਦੇ ਫੁੱਲਾਂ ਦੀ ਮਹਿਕ ਪਤਾ ਨਹੀਂ ਐਤਕੀਂ ਨਸੀਬ ਹੋਵੇ ਕਿ ਨਾ।'

'ਪਿਛਲੀ ਫਸਲ ਤਾਂ ਮਾਰੀ ਗਈ, ਹੁਣ ਅਗਲੀ ਦਾ ਕੁਝ ਖਿਆਲ ਕਰੋ। ਹੱਥ ਤੇ ਹੱਥ ਧਰ ਕੇ ਬੈਠਣ ਨਾਲ ਕੁਝ ਨਹੀਂ ਬਣਨਾ !' ਮਾਂ ਵਾਰ ਵਾਰ ਕਹਿੰਦੀ ਪਰ ਹੁਣ ਬਾਪੂ ਕੋਈ ਜਵਾਬ ਨਾ ਦਿੰਦਾ। ਉਹਨੇ ਬਸ ਇਕੋ ਚੁਪ ਸਾਧ ਲਈ ਸੀ। ਉਹ ਸਿਰਫ ਅੱਖਾਂ ਨਾਲ ਹੀ ਗੱਲਾਂ ਕਰਦਾ, ਪਰ ਮੈਨੂੰ ਉਨ੍ਹਾਂ ਦੀ ਸਮਝ ਨਾ ਆਉਂਦੀ। ਕਈ ਵਾਰ ਉਹਦੀਆਂ ਅੱਖਾਂ 'ਚ ਕੋਈ ਗੱਲ ਨਾ ਹੁੰਦੀ।

ਇਕ ਦਿਨ ਮੈਂ ਸਕੂਲੋਂ ਪਰਤਿਆ ਤਾਂ ਮਾਂ ਘਰ ਨਹੀਂ ਸੀ। ਬਾਪੂ ਨਵੇਂ ਨਿਖਰੇ ਕਪੜਿਆਂ ਵਾਲੇ ਤਿੰਨ ਬੰਦਿਆਂ ਨਾਲ ਘੁਸਰ-ਮੁਸਰ ਕਰ ਰਿਹਾ ਸੀ। ਮੇਰਾ ਦਿਲ ਕੰਬ ਗਿਆ। ਬਾਪੂ ਜ਼ਰੂਰ ਜ਼ਮੀਨ ਵੇਚਣ ਦੀ ਗੱਲ ਕਰ ਰਿਹਾ ਹੋਵੇਗਾ। ਪਤਾ ਨਹੀਂ ਉਹਨੂੰ ਕੀ ਝੱਲ ਸਵਾਰ ਹੋ ਗਿਆ ਸੀ। ਔੜਾਂ ਵੀ ਤਾਂ ਧਰਤੀ ਤੇ ਹੀ ਲਗਦੀਆਂ ਨੇ......ਤੇ ਇਹ ਬਾਪੂ ਇੰਨਾ ਪਰੇਸ਼ਾਨ ਕਿਉਂ ਹੋ ਗਿਆ ਸੀ ?......ਮੈਂ ਬਸਤਾ ਸੁਟਕੇ ਕਾਹਲੀ

ਨਾਲ ਮਾਂ ਨੂੰ ਲਭਣ ਲਈ ਖੇਤਾਂ ਵਲ ਦੌੜ ਗਿਆ। ਮਾਂ ਮੇਰੇ ਲਈ ਵਿਸ਼ਵਾਸ ਦਾ ਚਿੰਨ੍ਹ ਸੀ।......ਰਾਹ ਵਿਚ ਮੈਂ ਸੋਚ ਰਿਹਾ ਸਾਂ ਕਿ ਜੇ ਮੈਂ ਜੀਂਦਾ ਰਿਹਾ ਤਾਂ ਧਰਤੀ ਦੀ ਇਹ ਔੜ ਨਹੀਂ ਰਹਿਣ ਦਿਆਂ ਗਾ। ਹਾਲੇ ਮੈਨੂੰ ਇਸ ਗੱਲ ਦੀ ਸੋਝੀ ਨਹੀਂ ਸੀ ਕਿ ਇਹ ਵਰਖਾ ਨੂੰ ਕਾਬੂ ਕਰਨ ਵਾਲੇ ਕੌਣ ਲੋਕ ਸਨ।

... ... ...

ਕਤਕ ਆ ਗਿਆ ਸੀ। ਠੰਡੀ ਹਵਾ ਚਲਦੀ, ਸਰੀਰ ਠਾਰਨ ਵਾਲੀ, ਪਰ ਸੋਹਣੀ। ਅਗਲੇ ਕਈ ਦਿਨ ਮੈਂ ਸਕੂਲ ਨਹੀਂ ਗਿਆ। ਮਾਂ ਦੇ ਜ਼ੋਰ ਪਾਉਣ ਤੇ ਬਾਪੂ ਨੇ ਭੋਇੰ ਨੂੰ ਵੱਤਰ ਕੀਤਾ, ਸਿਆੜ ਕੱਢੇ ਤੇ ਹਾੜੀ ਦੀ ਫਸਲ ਬੀਜ ਦਿਤੀ। ਉਹ ਜ਼ਮੀਨ ਦੇ ਮਾਲਕ ਵਾਂਗ ਨਹੀਂ—ਬਲ ਕਿ ਇਕ ਕਾਮੇ ਵਾਂਗ ਕੰਮ ਕਰ ਰਿਹਾ ਸੀ ਤੇ ਵਾਰ ਵਾਰ ਕਹਿੰਦਾ—'ਪਤਾ ਨਹੀਂ ਅਗਲੀ ਫਸਲ ਤਕ ਜ਼ਮੀਨ ਮੇਰੇ ਕੋਲ ਰਹਿਣੀ ਹੈ ਕਿ ਨਹੀਂ !'

ਉਹਦੀ ਲੰਮੀ ਝੂਲਦੀ ਦਾੜ੍ਹੀ ਹੋਰ ਚਿੱਟੀ ਹੋ ਗਈ ਸੀ ਤੇ ਚਿਹਰਾ ਹੋਰ ਸਾਂਵਲਾ। ਉਹ ਤਪਦੀ ਜ਼ਮੀਨ ਤੋਂ ਇਉਂ ਵਾਪਸ ਮੁੜ ਰਿਹਾ ਸੀ, ਜਿਵੇਂ ਲੋਕ ਉਜਾੜ 'ਚੋਂ ਪਰਤਦੇ ਨੇ। ਉਹਦਾ ਕੁੱਬ ਨਿਕਲ ਆਇਆ ਸੀ। ਅੱਖਾਂ ਤੇ ਜਿਵੇਂ ਕੋਈ ਪਰਦਾ ਪੈ ਗਿਆ ਹੋਵੇ।

ਅਗਲੇ ਦਿਨ ਜਦੋਂ ਮੈਂ ਸਕੂਲੋਂ ਪਰਤਿਆ ਤਾਂ ਮੇਰੇ ਹੱਥ ਵਿਚ ਦੋ ਦਿਨ ਪੁਰਾਣੀ ਅਖਬਾਰ ਦੀ ਇਕ ਕਾਤਰ ਸੀ, ਜਿਸ ਵਿਚਲੀ ਖਬਰ ਮੈਂ ਬਾਪੂ ਨੂੰ ਪੜ੍ਹਨ ਲਈ ਕਿਹਾ। ਉਹਨੇ ਆਪਣੀ ਇਕੋ ਕਮਾਣੀ ਵਾਲੀ ਐਨਕ ਲੱਭਣ ਦੀ ਕੋਸ਼ਿਸ਼ ਕੀਤੀ ਪਰ ਅਸਫਲ। ਉਹਨੇ ਕਾਹਲੀ ਨਾਲ ਮੈਨੂੰ ਹੀ ਪੜ੍ਹਕੇ ਸੁਣਾਉਣ ਲਈ ਕਿਹਾ। ਪੜ੍ਹਕੇ ਮੈਂ ਉਹਨੂੰ ਦਸਿਆ—'ਬਾਪੂ ! ਆਪਣੇ ਦੇਸ਼ ਵਿਚ, ਮਜ਼ਦੂਰਾਂ ਕਿਸਾਨਾਂ ਦੀ ਸਰਕਾਰ ਵਾਲੇ ਇਕ ਪ੍ਰਾਂਤ ਨੇ ਅਜਿਹੀ ਮਸ਼ੀਨ ਬਣਾਈ ਹੈ, ਜਿਸ ਨਾਲ ਦੇਸ਼ ਭਰ ਦੇ ਔੜਾਂ ਮਾਰੇ ਇਲਾਕਿਆਂ ਵਿਚ ਵਰਖਾ ਕੀਤੀ ਜਾ ਸਕੇਗੀ।'

ਬਾਪੂ ਨੇ ਇਕ ਪਲ ਮੈਨੂੰ ਘੂਰਿਆ, ਸਿੱਧਾ ਤਣ ਕੇ ਬੈਠ ਗਿਆ ਤੇ ਫੇਰ ਲਿਸ਼ਕਦੀਆਂ ਅੱਖਾਂ ਨਾਲ ਕਾਹਲੀ 'ਚ ਬੋਲਿਆ 'ਪੁਤਰ ! ਕੀ ਕੋਈ ਸਾਡੀ ਮਦਦ ਲਈ ਵੀ ਆਵੇਗਾ ?'

... ... ...

## ਕਹਾਣੀ/ ਐਕਸੀਡੈਂਟ ਜੋਗਿੰਦਰ ਸਿੰਘ ਨਿਰਾਲਾ

ਉਸਦੇ ਦਿਲ ਵਿਚ ਪਤਾ ਨਹੀਂ ਕੀ ਆਇਆ ਕਿ ਉਹ ਇਕਦਮ ਸੜਕ ਛੱਡ ਕੇ ਫੁੱਟਪਾਥ ਉਪਰ ਹੋ ਲਿਆ ਸ਼ਾਇਦ ਇਹ ਐਕੱਸੀਡੈਂਟ ਹੋ ਜਾਣ ਦਾ ਹੀ ਡਰ ਸੀ। ਪਰ ਕਿਸੇ ਪਾਸਿਉਂ ਕੋਈ ਮੋਟਰ ਕਾਰ ਜਾਂ ਟਰੱਕ ਵੀ ਤਾਂ ਨਹੀਂ ਸੀ ਆ ਰਿਹਾ। ਉਹ ਐਵੇਂ ਹੀ ਘਬਰਾ ਗਿਆ ਸੀ। ਉਸ ਨੇ ਇਕ ਵਾਰ ਸਾਹਮਣੇ ਲਿਖਿਆ ਬੋਰਡ ਪੜ੍ਹਿਆ, "ਦੁਰਘਟਨਾ ਬਚਾਈਏ, ਘਰ ਮੇਂ ਬੱਚੇ ਆਪਕਾ ਇੰਤਜ਼ਾਰ ਕਰ ਰਹੇ ਹੈਂ।" ਸ਼ਾਇਦ ਇਹੀ ਸ਼ਬਦ ਸਨ ਜਿਨ੍ਹਾਂ ਨੂੰ ਪੜ੍ਹ ਕੇ ਉਹ ਇਕਦਮ ਸੜਕ ਖਾਲੀ ਛੱਡ ਕੇ ਫੁੱਟਪਾਥ 'ਤੇ ਹੋ ਗਿਆ ਸੀ। ਸਾਹਮਣੇ ਲਿਖਿਆ ਸਾਰਾ ਵਾਕ ਤਾਂ ਉਸ ਲਈ ਨਹੀਂ ਸੀ। ਇਹ ਠੀਕ ਹੈ ਕਿ ਉਸਨੂੰ ਦੁਰਘਟਨਾ ਤੋਂ ਬਚਣਾ ਚਾਹੀਦਾ ਹੈ ਪਰ ਘਰ ਵਿਚ ਬੱਚੇ ਇੰਤਜ਼ਾਰ ਕਰਨ ਵਾਲੀ ਗਲ ਤਾਂ ਫ਼ਜ਼ੂਲ ਹੈ। ਜਦ ਉਸਦਾ ਵਿਆਹ ਹੀ ਨਹੀਂ ਹੋਇਆ ਤਾਂ ਬੱਚੇ ਕਿਸ ਤਰ੍ਹਾਂ ਹੋਏ ?

ਇਸ 'ਤੇ ਉਸਨੂੰ ਹਰਪਾਲ ਦੇ ਸ਼ਬਦ ਯਾਦ ਆਏ, "ਕਿਉਂ ਨਾ ਆਪਾਂ ਵਿਆਹ ਕਰਵਾ ਲਈਏ ਤੇ ਜ਼ਿੰਦਗੀ 'ਚ ਸੈਟਲ ਹੋ ਜਾਈਏ।" ਹਰਪਾਲ—ਕਿੰਨੀ ਚੰਗੀ ਕੁੜੀ ਸੀ ਜਿਹੜੀ ਉਸਦੇ ਘਰ ਦੀ ਹਾਲਤ ਜਾਣਦੀ ਹੋਈ ਵੀ ਇਹ ਕਹਿਣ ਦੀ ਦਲੇਰੀ ਰੱਖਦੀ ਸੀ। ਉਦੋਂ ਤਾਂ ਨਹੀਂ ਪਰ ਹੁਣ ਉਸਨੂੰ ਹਰਪਾਲ ਦੀ ਆਖੀ ਇਸ ਗਲ ਉੱਪਰ ਬੜਾ ਹੀ ਹਾਸਾ ਆਉਂਦਾ ਹੈ। ਉਹ ਸੋਚਦਾ ਹੈ, ਹਰਪਾਲ ਜੇ ਉਸ ਨਾਲ ਵਿਆਹ ਕਰਵਾ ਲੈਂਦੀ ਤਾਂ ਉਸ ਵਿਚਾਰੀ ਨੂੰ ਕੀ ਮਿਲਣਾ ਸੀ ? ਅੱਵਲ ਤਾਂ ਉਸਦੇ ਡਾਕਟਰ ਪਿਓ ਨੇ ਉਹਨਾਂ ਦਾ ਵਿਆਹ ਹੋਣ ਹੀ ਨਹੀਂ ਸੀ ਦੇਣਾ ਪਰ ਜੇ ਉਹ ਬਗਾਵਤ ਵੀ ਕਰਦੇ ਤਾਂ ਕੁੱਝ ਮਹੀਨਿਆਂ ਵਿਚ ਹੀ ਹਰਪਾਲ ਨੇ ਖੁਦ ਉਸ ਕੋਲੋਂ ਤੰਗ ਪੈ ਜਾਣਾ ਸੀ। ਉਹ ਕੋਈ ਬੇਵਕੂਫ਼ ਨਹੀਂ ਸੀ, ਇਸ ਲਈ ਉਸਨੇ ਹਰਪਾਲ ਤੋਂ 'ਬੇਵਫ਼ਾ' ਕਹਾ ਕੇ ਹੀ ਖਹਿੜਾ ਛੁਡਵਾ ਲਿਆ, ਨਹੀਂ ਤਾਂ ਵਿਆਹ ਤੋਂ ਪਿਛੋਂ ਉਹ ਪਤਾ ਨਹੀਂ ਕੀ ਕੁੱਝ ਕਹਿੰਦੀ।

ਫੁੱਟਪਾਥ ਤੇ ਤੁਰਿਆ ਜਾਂਦਾ ਉਹ ਸੋਚ ਰਿਹਾ ਸੀ,

ਜ਼ਿੰਦਗੀ ਵਿਚ ਵੀ ਤਾਂ ਉਹ ਵਧੇਰੇ ਫੁੱਟਪਾਥ ਉੱਪਰ ਹੀ ਤੁਰਿਆ ਹੈ, ਸਿਰਫ਼ ਐੱਕਸੀਡੈਂਟ ਤੋਂ ਬਚਣ ਲਈ।

ਉਸਨੂੰ ਯਾਦ ਆਏ, ਕਾਲਜ ਦੇ ਉਹ ਦਿਨ ਜਦ ਉਸਦੇ ਕਾਲਜ ਵਿਚ ਹੜਤਾਲ ਚੱਲ ਰਹੀ ਸੀ। ਉਹ ਕਾਲਜ ਦੀ ਇਸ ਹੜਤਾਲ ਵਿਚ ਇਕ ਨੇਤਾ ਦੇ ਰੂਪ ਵਿਚ ਉੱਭਰ ਕੇ ਸਾਹਮਣੇ ਆ ਰਿਹਾ ਸੀ। ਸਾਰੇ ਵਿਦਿਆਰਥੀਆਂ ਦੀਆਂ ਅੱਖਾਂ ਉਸ ਉੱਪਰ ਹੀ ਲਗੀਆਂ ਹੋਈਆਂ ਸਨ। ਉਸ ਸਮੇਂ ਉਹ ਆਪਣੀ ਜ਼ਿੰਦਗੀ ਦਾ ਵੱਡੇ ਤੋਂ ਵੱਡਾ ਰਿਸਕ ਲੈ ਸਕਦਾ ਸੀ। ਨਹੀਂ, ਇਹ ਤਾਂ ਉੱਪਰੋਂ ਉੱਪਰੋਂ ਹੀ ਦਿਸਦਾ ਸੀ। ਜਦ ਵਕਤ ਆਇਆ, ਉਸਦੀਆਂ, ਅੱਖਾਂ ਅੱਗੇ ਚਪੜਾਸੀ ਪਿਉ ਦੀ ਚਿੱਠੀ ਘੁੰਮਣ ਲੱਗੀ, "ਪੁੱਤਰ, ਇਹ ਕੰਮ ਸਾਡੇ ਕਰਨ ਦੇ ਨਹੀਂ, ਇਹ ਤਾਂ ਰਜਦੇ ਪੁਜਦੇ ਘਰਦਿਆਂ ਦੇ ਚੋਜ ਨੇ।" ਪਿਉ ਦੀ ਇਸ ਚਿੱਠੀ ਨੇ ਉਸਦਾ ਵਿਸ਼ਵਾਸ ਹਿਲਾ ਦਿੱਤਾ ਸੀ। ਇਹ ਚਿੱਠੀ ਪੜ੍ਹਨ ਤੋਂ ਪਹਿਲਾਂ ਉਹ ਸੋਚਿਆ ਕਰਦਾ ਜਿਵੇਂ ਉਹ ਕਾਲਜ ਦਾ ਹੀ ਨਹੀਂ ਸਗੋਂ ਸਾਰੇ ਦੇਸ਼ ਦਾ ਨੇਤਾ ਹੋਵੇ। ਕੇਵਲ ਵਿਦਿਆਰ-ਥੀਆਂ ਦੀਆਂ ਹੀ ਨਹੀਂ, ਸਾਰੇ ਲੋਕਾਂ ਦੀਆਂ ਭਾਵਨਾਵਾਂ ਉਸ ਅੰਦਰ ਪਨਪ ਰਹੀਆਂ ਹੋਣ। ਪਰ ਪਿਉ ਦੀ ਚਿੱਠੀ ਪੜ੍ਹਨ ਸਾਰ ਜਿਵੇਂ ਉਸਦੀਆਂ ਅੱਖਾਂ ਖੁੱਲ੍ਹ ਗਈਆਂ ਹੋਣ। ਉਸਨੇ ਚੁੱਪ-ਚਾਪ ਪ੍ਰਿੰਸੀਪਲ ਦੇ ਦਫ਼ਤਰ ਜਾ ਕੇ ਮੁਆਫ਼ੀ ਮੰਗ ਲਈ। ਦੂਸਰੇ ਦਿਨ ਕਾਲਜ ਖੁਲ੍ਹ ਗਿਆ ਸੀ। ਕੁੱਝ ਵਿਦਿਆਰਥੀਆਂ ਨੇ ਉਸਨੂੰ "ਗੱਦਾਰ, ਗਿੱਦੜ—" ਕਹਿ ਕੇ ਨਾਹਰੇ ਲਾਏ, ਜਿਨ੍ਹਾਂ ਨੂੰ ਪ੍ਰਿੰਸੀਪਲ ਨੇ ਕਾਲਜ ਵਿੱਚੋਂ ਕੱਢ ਦਿਤਾ। ਅਤੇ ਅਗਲੇ ਦਿਨ ਤੋਂ ਕਾਲਜ ਪਹਿਲਾਂ ਵਾਂਗ ਹੀ ਲੱਗਣ ਲੱਗਿਆ। ਤਦ ਉਸ ਨੇ ਸੋਚਿਆ ਸੀ ਕਿ ਐਨ ਵੇਲੇ ਸਿਰ ਉਹ ਇੱਕ ਹਾਦਸੇ ਤੋਂ ਵਾਲ ਵਾਲ ਬਚਿਆ ਸੀ। ਜੇ ਉਹ ਮੁਆਫ਼ੀ ਨਾ ਮੰਗਦਾ ਤਾਂ ਕੱਢੇ ਜਾਣ ਵਾਲੇ ਵਿਦਿਆਰਥੀਆਂ ਵਿਚ ਉਸਦਾ ਨਾਂ ਵੀ ਹੋਣਾ ਸੀ।

ਉਸਨੇ ਸੋਚਿਆ, ਆਪਣੀ ਸਾਈਡ 'ਤੇ ਫੁਟਪਾਥ ਉੱਪਰ ਤੁਰੇ ਜਾਣ ਵਿਚ ਕਿੰਨੀ ਸ਼ਾਂਤੀ ਹੈ—ਕਿੰਨਾ ਆਨੰਦ ਹੈ। ਉਸਨੂੰ ਉਹਨਾਂ ਲੋਕਾਂ ਉਪਰ ਬੜੀ ਖਿਝ ਆਈ ਜਿਹੜੇ ਐਵੇਂ ਹੀ ਆਪਣੀ ਮਹੱਤਤਾ ਦਰਸਾਉਂਦੇ ਫਿਰਦੇ ਨੇ। ਸਾਡਾ ਕਿਸੇ ਨਾਲ ਕੀ ਵੈਰ-ਵਿਰੋਧ ਹੋ ਸਕਦਾ ਹੈ? ਐਵੇਂ ਵਾਧੂ ਹੀ ਕਿਸੇ ਦੇ ਗਲ ਪੈ ਜਾਣਾ ਜਾਂ ਕਿਸੇ ਨੂੰ ਆਪਣੇ ਗਲ ਪਾ ਲੈਣ ਵਿਚ ਕਿੱਧਰ ਦੀ ਅਕਲਮੰਦੀ ਹੈ?

ਉਸਨੂੰ ਆਪਣਾ ਦੋਸਤ ਸ਼ਮਸ਼ੇਰ ਯਾਦ ਆ ਜਾਂਦਾ ਹੈ। ਕਾਲਜ ਦੇ ਦਿਨਾਂ ਵਿਚ ਕਿੰਨਾ ਜੋਸ਼ ਹੁੰਦਾ ਸੀ ਸ਼ਮਸ਼ੇਰ ਵਿਚ। ਪੀਰੀਅਡ ਤਾਂ ਕਦੇ ਉਹ ਲਗਾਉਂਦਾ ਹੀ ਨਹੀਂ ਸੀ। ਕਦੇ ਕਿਤੇ ਗੁਪਤ ਮੀਟਿੰਗ ਹੁੰਦੀ ਅਤੇ ਕਦੇ ਕਿਤੇ ਕੋਈ ਜਲਸਾ। ਉਹ ਕਿਹਾ ਕਰਦਾ ਸੀ, 'ਅਸੀਂ ਸਾਰਿਆਂ ਦੇ ਸੁਨਿਹਰੀ ਭਵਿੱਖ ਲਈ ਲੜ ਰਹੇ ਹਾਂ।' ਸੱਚਮੁੱਚ ਹੀ ਓਦੋਂ ਉਸਨੂੰ ਵੀ ਜਾਪਣ ਲੱਗ ਪਿਆ ਸੀ ਕਿ ਜੇ ਕਿਤੇ ਸ਼ਮਸ਼ੇਰ ਦਾ 'ਸੁਨਿਹਰੀ ਭਵਿੱਖ' ਆ ਜਾਵੇ ਪਰ ਉਹ ਤਾਂ ਇਹ ਸਾਰਾ ਕੁੱਝ ਕੇਵਲ ਸੋਚ ਹੀ ਸਕਦਾ ਸੀ। ਇਸੇ ਲਈ ਤਾਂ ਸ਼ਮਸ਼ੇਰ ਉਸਨੂੰ 'ਕਾਗਜ਼ੀ ਸ਼ੇਰ' ਕਿਹਾ ਕਰਦਾ ਸੀ। ਪਰ ਸ਼ਮਸ਼ੇਰ ਨਾਲ ਕੀ ਬਣੀ? ਕਾਲਜ ਵਿਚੋਂ ਕਢੇ ਜਾਣ ਵਾਲੇ ਮੁੰਡਿਆਂ ਵਿਚ ਉਸਦਾ ਨਾਂ ਪਹਿਲਾ ਸੀ। ਫਿਰ ਉਹ ਕਾਫੀ ਦੇਰ ਦਿਖਾਈ ਨਾ ਦਿੱਤਾ। ਇਕ ਦਿਨ ਥਾਣੇ ਸਾਹਮਣੇ ਲਿਆਂਦੀ ਗਈ ਟਰਾਲੀ ਵਿਚ ਚਾਰ ਲਾਸ਼ਾਂ ਸਨ, ਜਿਨ੍ਹਾਂ ਵਿਚੋਂ ਇਕ ਸ਼ਮਸ਼ੇਰ ਦੀ ਸੀ। ਉਹ ਨਜ਼ਾਰਾ ਯਾਦ ਕਰਕੇ ਉਹ ਹੁਣ ਵੀ ਕੰਬ ਜਿਹਾ ਗਿਆ। ਸ਼ਮਸ਼ੇਰ ਜੋ ਸਾਡੇ ਸਾਰਿਆਂ ਦੇ 'ਸੁਨਿਹਰੀ ਭਵਿੱਖ' ਲਈ ਲੜਿਆ ਸੀ, ਮਰਿਆ ਸੀ, ਉਸ ਲਈ ਅਸੀਂ ਕੀ ਕਰ ਸਕੇ? ਉਸਨੂੰ ਕਿੰਨੀਆਂ ਆਸਾਂ ਸਨ ਸਾਡੇ ਉੱਪਰ। ਉਸਦਾ ਖ਼ਿਆਲ ਸੀ ਉਹ ਮਰੇਗਾ ਤਾਂ ਲੋਕ ਭਗਤ ਸਿੰਘ ਦੀ ਸ਼ਹੀਦੀ ਵਾਂਗ ਜ਼ਰੂਰ ਬਦਲਾ ਲੈਣਗੇ। ਪਰ ਨਹੀਂ, ਏਦਾਂ ਹੋਇਆ ਨਹੀਂ। ਉਹ ਮਰ ਗਿਆ ਤੇ ਮਰ ਗਿਆ। ਸ਼ਮਸ਼ੇਰ ਦੀ ਮੌਤ 'ਤੇ ਉਹ ਬੜਾ ਭਾਵੁਕ ਹੋ ਗਿਆ ਸੀ ਤੇ ਸ਼ਾਇਦ ਰੋ ਵੀ ਪਿਆ ਸੀ। ਇਸ 'ਤੇ ਉਸਦੇ ਇਕ ਹੋਰ ਦੋਸਤ ਕਰਤਾਰ ਨੇ ਆਖਿਆ ਸੀ, 'ਹੁਣ ਵਿਅਕਤੀ-ਗਤ ਕੁਰਬਾਨੀ ਦਾ ਸਮਾਂ ਨਹੀਂ, ਸਾਨੂੰ ਜਥੇਬੰਦ ਹੋਣਾ ਪਵੇਗਾ।' ਉਸ ਵੇਲੇ ਉਸਨੂੰ ਕਰਤਾਰ ਨਾਲ ਬੜੀ ਖਿਝ ਹੋਈ ਸੀ। ਉਸਦਾ ਦਿਲ ਕੀਤਾ, ਕਰਤਾਰ ਦੇ ਥੱਪੜ ਕੱਢ ਮਾਰੇ ਤੇ ਉਸਨੂੰ ਇਸ ਰਸਤੇ ਤੋਂ ਰੋਕ ਲਵੇ। ਪਰ ਉਹ ਜਾਣਦਾ ਸੀ, ਕਰਤਾਰ ਉਸਦੇ ਕਹੇ ਨਹੀਂ

ਰੁਕੇਗਾ ਤੇ ਫਿਰ ਇਕ ਦਿਨ ਕਰਤਾਰ ਦੀ ਲਾਸ਼ ਨੂੰ ਵੀ ਟਰਾਲੀ 'ਚ ਪਾ ਕੇ ਥਾਣੇ ਸਾਹਮਣੇ ਲਿਆਂਦਾ ਜਾਵੇਗਾ। ਕੀ ਇਹ ਚੱਕਰ ਇਸੇ ਤਰ੍ਹਾਂ ਹੀ ਚਲਦਾ ਰਹੇਗਾ ?

ਉਸਨੂੰ ਇਹ ਖਿਆਲ ਨਾ ਰਿਹਾ ਕਿ ਉਹ ਤੁਰਦਾ ਤੁਰਦਾ ਹੈਪੀ ਵੈਲੀ ਆ ਪੁੱਜਿਆ ਹੈ। ਉਸਦਾ ਦਿਲ ਕੀਤਾ, ਤਿੱਬਤੀ ਹੋਟਲ ਵਿਚ ਜਾ ਕੇ ਤਿੱਬਤੀ ਕੁੜੀ ਕੋਲੋਂ ਸ਼ੁਘ ਦੀ ਕੇਤਲੀ ਭਰਾ ਕੇ ਪੀਵੇ ਪਰ ਉਸਦੇ ਕੋਲ ਤਾਂ ਇਕ ਪੈਸਾ ਵੀ ਨਹੀਂ ਸੀ। ਉਸਨੇ ਸੋਚਿਆ, ਸ਼ਾਇਦ ਤਿੱਬਤੀ ਕੁੜੀ ਉਧਾਰ ਹੀ ਕਰ ਲਵੇ। ਅਗਲੇ ਹੀ ਪਲ ਉਸਨੂੰ ਪਿਛਲੇ ਐਤਵਾਰ ਵਾਲੀ ਲੜਾਈ ਯਾਦ ਆਈ। ਪਿਛਲੇ ਐਤਵਾਰ ਜਦ ਉਹ ਇਸੇ ਤਿੱਬਤੀ ਹੋਟਲ ਵਿਚ ਸ਼ੁਘ ਦੀਆਂ ਤਿੰਨ ਕੇਤਲੀਆਂ ਪੀ ਚੁੱਕਿਆ ਸੀ ਤਾਂ ਤਿੱਬਤੀ ਕੁੜੀ ਨੇ ਉਸਨੂੰ ਪਤਾ ਨਹੀਂ ਕਿਹੜੇ ਪ੍ਰਸੰਗ ਵਿਚ ਕਿਹਾ, 'ਜੇ ਬੰਗਲਾ ਦੇਸ਼ ਵਾਂਗ ਹਿੰਦੁਸਤਾਨ ਤਿੱਬਤ ਨੂੰ ਵੀ ਆਜ਼ਾਦ ਕਰਵਾ ਦੇਵੇ।' ਤਿੱਬਤੀ ਕੁੜੀ ਦੀਆਂ ਨਿੱਕੀਆਂ ਨਿੱਕੀਆਂ ਅੱਖਾਂ ਉਸਨੂੰ ਇਸ ਤਰ੍ਹਾਂ ਜਾਪੀਆਂ ਜਿਵੇਂ ਉਸਦੇ ਦੇਸ਼ ਲਈ ਇਕ ਹੋਰ ਲੜਾਈ ਦਾ ਸੱਦਾ ਦੇ ਰਹੀਆਂ ਹੋਣ। ਉਹ ਗੁੱਸੇ ਨਾਲ ਭਰ ਗਿਆ। ਉਸਨੇ ਕੇਤਲੀਆਂ ਭੰਨ ਸੁੱਟੀਆਂ ਤੇ ਇਹ ਕਹਿੰਦਾ ਹੋਇਆ ਬਾਹਰ ਹੋ ਗਿਆ, 'ਅਸੀਂ ਦੂਸਰਿਆਂ ਵਾਸਤੇ ਕਦ ਤੀਕ ਮਰਦੇ ਰਹਾਂਗੇ।

ਉਸਨੂੰ ਹੁਣ ਆਪਣੀ ਗ਼ਲਤੀ ਉਪਰ ਬੜਾ ਤਰਸ ਆ ਰਿਹਾ ਸੀ। ਉਸਨੂੰ ਇਸ ਤਰ੍ਹਾਂ ਨਹੀਂ ਸੀ ਕਰਨਾ ਚਾਹੀਦਾ। ਉਸਦੇ ਇਸ ਤਰ੍ਹਾਂ ਕਰਨ ਨਾਲ ਤਿੱਬਤੀਆਂ ਦਾ ਹਿੰਦੁਸਤਾਨ ਦੇ ਲੋਕਾਂ ਬਾਰੇ ਕਿਹੋ ਜਿਹਾ ਵਿਚਾਰ ਬਣਿਆਂ ਹੋਵੇਗਾ ? ਤੇ ਨਾਲੇ ਉਸ ਕੁੜੀ ਨਾਲ ਤਾਂ ਉਸਨੂੰ ਉਂਜ ਵੀ ਅਜਿਹਾ ਵਿਵਹਾਰ ਨਹੀਂ ਸੀ ਕਰਨਾ ਚਾਹੀਦਾ। ਉਹ ਤਾਂ ਉਸਦਾ ਕਿੰਨਾ ਆਦਰ ਕਰਦੀ ਸੀ, ਕਿੰਨੀ ਵਾਰ ਉਸਨੇ ਉਸ ਕੋਲੋਂ 'ਦਲਾਈ ਲਾਮਾ' ਦੇ ਜੀਵਨ ਬਾਰੇ ਕਹਾਣੀਆਂ ਸੁਣੀਆਂ ਸਨ, ਕਿੰਨੀ ਹੀ ਵਾਰ ਉਹ ਉਸ ਨਾਲ ਤਿੱਬਤੀ ਮੰਦਿਰ ਗਿਆ ਸੀ। ਉਸਦੇ ਦਿਲ ਵਿਚ ਆਇਆ, ਇਕ ਵਾਰ ਜਾ ਕੇ ਉਸ ਕੁੜੀ ਤੋਂ ਮੁਆਫ਼ੀ ਮੰਗ ਲਵੇ। ਪਰ ਉਹ ਇਸ ਤਰ੍ਹਾਂ ਨਾ ਕਰ ਸਕਿਆ, ਪਤਾ ਨਹੀਂ ਕਿਉਂ ?

ਹੇਮਰ ਮਾਰਕੀਟ ਸਾਹਮਣੇ ਖੜੇ ਰਿਕਸ਼ੇ ਵਾਲਿਆਂ ਨੂੰ ਦੇਖ ਕੇ ਉਸਨੂੰ ਉਸ ਦਿਨ ਦੀ ਘਟਨਾ ਯਾਦ ਆਈ, ਜਦ ਉਸਨੇ ਇਕ ਅੰਗਰੇਜ਼ ਜਿਹੇ ਆਦਮੀ ਨੂੰ ਇਹਨਾਂ ਰਿਕਸ਼ ਵਾਲਿਆਂ ਦੀ ਤਸਵੀਰ ਖਿਚਦੇ ਦੇਖਿਆ ਸੀ। ਉਹ ਵੀ ਉਸ ਅੰਗਰੇਜ਼ ਜਿਹੇ ਆਦਮੀ ਕੋਲ ਜਾ ਖੜਿਆ ਸੀ। ਜਦ ਉਹ ਤਸਵੀਰ ਖਿੱਚ ਚੁੱਕਿਆ ਤਾਂ ਪੁੱਛਿਆ, 'ਆਪ ਇਸਕਾ ਕਿਆ ਕਰੋਂਗੇ ?'

'ਹਮ ਇੰਗਲੈਂਡ ਜਾਕਰ ਦਿਖਾਏਗਾ ਕਿ ਇੰਡੀਆ ਮੇਂ ਅਬ ਭੀ ਆਦਮੀ, ਆਦਮੀ ਕੋ ਉਠਾਤਾ ਹੈ।'

ਇਨਾ ਕਹਿ ਕੇ ਅੰਗਰੇਜ਼ ਜਿਹਾ ਆਦਮੀ ਤਾਂ ਚਲਿਆ ਗਿਆ ਪਰ ਉਸਦੇ ਅੰਦਰ ਜਿਵੇਂ ਤੂਫ਼ਾਨ ਉਠ ਖਲੋਤਾ ਹੋਵੇ। ਅਜੇ ਉਹ ਅੰਗਰੇਜ਼ ਜਿਹਾ ਆਦਮੀ 'ਚੰਦਰ ਬੁੱਕ ਡੀਪੂ' ਤੀਕ ਹੀ ਗਿਆ ਹੋਵੇਗਾ ਕਿ ਉਸਨੇ ਉਸਨੂੰ ਜਾ ਘੇਰਿਆ। ਉਸ ਤੋਂ ਕੈਮਰਾ ਲਿਆ ਤੇ ਰੀਲ ਕੱਢ ਕੇ ਪਾੜ ਦਿੱਤੀ। ਜਦ ਉਹ ਆਦਮੀ ਗਰਮ ਹੋਇਆ ਤਾਂ ਚੰਦਰ ਬੁੱਕ ਡੀਪੂ ਵਾਲਾ ਉਸਨੂੰ ਆਪਣੀ ਦੁਕਾਨ ਅੰਦਰ ਲੈ ਗਿਆ। ਉਸਨੇ ਸੋਚਿਆ, ਇਹ ਚੰਦਰ ਵਾਲਾ ਮਸੂਰੀ ਦੀ ਡਾਇਰੀ ਹੈ। ਹੁਣ ਉਲਟੇ ਪਾਠ ਪੜ੍ਹਾਏਗਾ ਤੇ ਹੋ ਸਕਦਾ ਹੈ ਗੱਲ ਵਿਗੜ ਜਾਵੇ, ਇਹ ਸੋਚ ਉਹ ਉੱਥੋਂ ਹਿੱਲ ਤੁਰਿਆ।

ਉਹ ਫਿਰ ਹੇਮਰ ਮਾਰਕੀਟ ਆ ਗਿਆ। ਸਾਹਮਣੇ ਅੰਗਰੇਜ਼ੀ ਦੇ ਵੱਡੇ ਵੱਡੇ ਅੱਖਰਾਂ ਵਿਚ 'ਹੇਮਰ' ਲਿਖਿਆ ਸੀ। 'ਹੇਮਰ' ਸ਼ਬਦ ਨਾਲ ਉਸਨੂੰ ਖ਼ਾਸ ਚਿੜ੍ਹ ਸੀ। ਉਸਨੇ ਸੋਚਿਆ ਜੇ ਉਹ ਇਸ ਵਕਤ ਲੰਡੌਰ ਜਾਂ ਸਿਸਟਰ ਬਾਜ਼ਾਰ ਹੁੰਦਾ ਤਾਂ ਚੰਗੀ ਗੱਲ ਹੁੰਦੀ ਪਰ ਫਿਰ ਉਸਨੂੰ ਖਿਆਲ ਆਇਆ, ਜੇ ਲੰਡੌਰ ਜਾਂ ਸਿਸਟਰ ਬਾਜ਼ਾਰ ਵਿਚ ਹੁੰਦਾ, ਤਾਂ ਵੀ ਕੀ ਚੰਗੀ ਗੱਲ ਹੋਣੀ ਸੀ ?

'ਹੋਲਡ ਦੀ ਪਰਾਈਸ ਲਾਈਨ' ਦੁਕਾਨ ਦੇ ਬਾਹਰਲੇ ਦਰਵਾਜ਼ੇ 'ਤੇ ਲਿਖਿਆ ਹੈ। ਉਹ ਸੋਚਦਾ ਹੈ, ਇਸਦਾ ਕੀ ਅਰਥ ਹੋ ਸਕਦਾ ਹੈ ? ਕੀ ਇਹ ਗਾਹਕਾਂ ਲਈ ਲਿਖ ਕੇ ਲਾਇਆ ਗਿਆ ਹੈ ? ਇਹ ਬੋਰਡ ਤਾਂ ਅੰਦਰ ਜਿੱਥੇ ਵੱਡਾ ਬਾਬੂ ਬੈਠਦਾ ਹੈ, ਉਥੇ ਲਗਾਉਣਾ ਚਾਹੀਦਾ ਹੈ। ਕੀਮਤਾਂ ਦੁਕਾਨਦਾਰ ਨੇ ਰੋਕਣੀਆਂ ਹਨ ਜਾਂ ਗਾਹਕਾਂ ਨੇ ? ਉਹ ਇਕਦਮ ਗੁਸੇ ਨਾਲ ਭਰ ਜਾਂਦਾ

ਹੈ। ਉਸਨੂੰ ਇੰਜ ਜਾਪਦਾ ਹੈ ਜਿਵੇਂ ਉਹ ਹੁਣ ਜ਼ਿਆਦਾ ਇਸ ਤਰ੍ਹਾਂ ਨਹੀਂ ਜਰ ਸਕੇਗਾ। ਉਹ ਜਾ ਕੇ ਵੱਡੇ ਬਾਬੂ ਨੂੰ ਗਰਦਣੋਂ ਫੜ ਲੈਂਦਾ ਹੈ।

ਸਾਹਿੱਤ ਮਾਰਗ, ਬਰਨਾਲਾ
ਜ਼ਿਲਾ-ਸੰਗਰੂਰ (ਪੰਜਾਬ)

——

ਕਹਾਣੀ—

## ਖ਼ੁਸ਼ਬੂ ਦਾ ਭੇਤ/ਹ.ਸ. 'ਤਰਸਪਾਲ'

ਕਾਲੀ ਸਿਆਹ ਰਾਤ ਸੀ ; ਸਿਆਲ ਦੀ ਠੰਢੀ ਰਾਤ। ਸ਼ੂਕਦੀ ਹਵਾ ਮੀਂਹ ਦੇ ਛੜਾਕੇ। ਕਦੇ ਕਦੇ ਬਿਜਲੀ ਦੇ ਕੜਕਣ ਦੀ ਭਿਆਨਕ ਆਵਾਜ਼ ; ਤੇ ਤਿੱਖੀ ਕਟਾਰ ਜਿਹੀ ਤੇਜ਼ ਲਿਸ਼ਕ।

ਮੈਨੂੰ ਨੀਂਦ ਨਹੀਂ ਸੀ ਆ ਰਹੀ। ਮਨ ਰੁਝਾਣ ਲਈ ਇਰਵਿੰਗ ਸਟੋਨ ਦੀ ਕਿਤਾਬ ਚੁੱਕੀ 'ਦੋਜ਼ ਹੂ ਲਵ'। ਪਰ ਪੜ੍ਹਨ ਲਈ ਦਿਲ ਨਾ ਮੰਨਿਆ। ਸਾਹਮਣੇ ਕੰਧ ਤੇ ਗੁਰੂ ਗੋਬਿੰਦ ਸਿੰਘ ਦੀ ਤਸਵੀਰ ਹੇਠਲੇ ਸ਼ਬਦਾਂ ਤੇ ਨਜ਼ਰ ਗਈ—ਦੇਹਿ ਸ਼ਿਵਾ ਬਰ ਮੁਹਿ ਇਹੈ, ਸੁਭ ਕਰਮਨ ਤੇ ਕਬਹੂੰ ਨ ਟਰੋਂ। ਇਕ ਝਲਕਾਰੇ 'ਚ ਗੁਰੂ ਗੋਬਿੰਦ ਸਿੰਘ ਦਾ ਸਾਰਾ ਸੰਘਰਸ਼ ਮਈ ਜੀਵਨ ਮਨ ਦੀ ਅੱਖ ਸਾਹਵਿਉਂ ਲੰਘਿਆ। ਜਾਪਿਆ ਜਿਵੇਂ ਅਜ ਵੀ ਗੁਰੂ ਗੋਬਿੰਦ ਸਿੰਘ ਮਾਛੀਵਾੜੇ ਦੇ ਜੰਗਲਾਂ ਵਿਚ ਇਕ ਗੀਤ ਲਿਖ ਰਹੇ ਨੇ ਮਿੱਤਰ ਪਿਆਰੇ ਨੂੰ। ਜਿਵੇਂ ਉਨ੍ਹਾਂ ਦੀ ਆਵਾਜ਼ ਮੈਂ ਸੁਣ ਰਿਹਾ ਹੋਵਾਂ। ਮੇਰੇ ਅੰਦਰ ਸ਼ਕਤੀ ਦਾ ਸੰਚਾਰ ਹੋ ਰਿਹਾ ਸੀ।

ਦਰਵਾਜ਼ੇ ਦੀ ਬਾਂ ਖਿੜਕੀ ਤੇ ਠੱਕ ਠੱਕ ਹੋਈ। ਇਹ ਠੱਕ ਠੱਕ ਜਾਣੀ ਪਹਿਚਾਣੀ ਜਿਹੀ ਜਾਪੀ। ਫ਼ਿਰ ਵੀ ਇਕ ਪਲ ਹੈਰਾਨ ਹੋ ਮੈਂ ਦਰਵਾਜ਼ਾ ਖੋਲ੍ਹਣ ਲਈ ਉੱਠਿਆ। ਸੋਚ ਰਿਹਾ ਸਾਂ ਰਾਤ ਦੇ ਇਸ ਤੀਜੇ ਪਹਿਰ ਕੌਣ ਹੋ ਸਕਦਾ ਹੈ ?

ਚਿਟਕਣੀ ਨੂੰ ਹੱਥ ਪਾਉਂਦਿਆਂ ਮੈਂ ਪੁਛਿਆ, 'ਕੌਣ ?'

'ਬੂਹਾ ਖੋਲ੍ਹ ਪਾਲ।' ਆਪਣਾ ਨਾਂ ਦੱਸਣ ਦੀ ਥਾਂ ਉਸ ਮੇਰਾ ਨਾਂ ਲਿਆ।

ਮੇਰੀ ਤਸੱਲੀ ਲਈ ਏਨਾ ਹੀ ਕਾਫ਼ੀ ਸੀ। ਮੈਂ ਬੂਹਾ ਖੋਲ੍ਹਿਆ। ਹਨੇਰੀ ਕਾਲੀ ਰਾਤ ਵਿਚ ਅੱਧ ਭਿੱਜਾ ਚਾਨਣ ਮੇਰੇ ਸਾਹਮਣੇ ਖੜਾ ਸੀ। ਮੈਂ ਜੱਫੀ 'ਚ ਲੈ ਲਿਆ ; ਅੰਦਰ ਲੈ ਆਇਆ।

ਚਾਨਣ—ਮੇਰਾ ਕਾਲਜ ਦੇ ਦਿਨਾਂ ਦਾ ਸਾਥੀ। ਸਾਰੇ ਕਾਲਜ ਦੇ ਮੁੰਡੇ ਕੁੜੀਆਂ ਦਾ ਮਹਿਬੂਬ। ਇਕ ਜਾਦੂਮਈ ਗੀਤਕਾਰ ਤੇ ਸ਼ਕਤੀ-ਸ਼ਾਲੀ ਬੁਲਾਰਾ। ਹਰਮਨ ਪਿਆਰਾ ਕਵੀ ਤੇ ਕਾਲਜ ਦਾ ਵਧੀਆ ਐਥਲੀਟ। ਇਹ ਸਾਰੇ ਗੁਣ ਉਸ ਆਪ ਕਮਾਏ ਸਨ ਜੀਵਨ ਦਾ ਇਕ ਇਕ ਪਲ ਆਪਣੇ ਆਦਰਸ਼ਾਂ ਦੇ ਲੇਖੇ ਲਾਕੇ।

ਤੇ ਹੁਣ, ਉਹ ਇਕ......ਦੋਸ਼ੀ ਸੀ। ਉਸ ਦਾ ਦੋਸ਼ ਇਹ ਸੀ ਕਿ ਉਸਨੇ ਰਾਤ ਨੂੰ ਰਾਤ ਤੇ ਦਿਨ ਨੂੰ ਦਿਨ ਕਿਹਾ ਸੀ; ਸੱਚ ਦਾ ਗੀਤ ਗਾਇਆ ਸੀ, ਰੋਟੀ ਦੀ ਗੱਲ ਕੀਤੀ ਸੀ।

ਮੈਂ ਪਤਨੀ ਨੂੰ ਜਗਾਇਆ ਅਟੈਚੀ 'ਚੋਂ ਕਮੀਜ਼ ਪਜਾਮਾ ਕੱਢਿਆ ਤੇ ਚਾਨਣ ਨੂੰ ਦੇਂਦਿਆਂ ਕਿਹਾ, 'ਔਹ ਪਾ ਲੈ। ਨਾਲੇ ਜਿੰਨਾ ਚਿਰ ਦੀਪ ਚਾਹ ਬਣਾ ਕੇ ਲਿਆਉਂਦੀ ਆ ਤੂੰ ਉਹਦੇ ਵਾਲੇ ਬਿਸਤਰੇ 'ਚ ਈ ਨਿੱਘਾ ਹੋ ਲੈ।'

ਪਤਨੀ ਵਾਲੀ ਮੰਜੀ ਤੇ ਤੀਜੀ 'ਚ ਪੜ੍ਹਦੀ ਮੇਰੀ ਬੱਚੀ ਬਿੰਦੂ ਵੀ ਸੁੱਤੀ ਹੋਈ ਸੀ। ਚਾਨਣ ਉਹਦੇ ਨਾਲ ਈ ਲੰਮਾ ਪੈ ਗਿਆ।

ਦੀਪ ਚਾਹ ਲੈ ਆਈ। ਅਸੀਂ ਚਾਹ ਪੀਂਦੇ ਬੀਤੇ ਦੀਆਂ ਯਾਦਾਂ ਦੁਹਰਾ ਰਹੇ ਸਾਂ। ਵਰਤਮਾਨ ਦਾ ਜਾਇਜ਼ਾ ਲੈਂਦੇ ਭਵਿੱਖ ਬਾਰੇ ਸੋਚਵਾਨ ਸਾਂ। ਵਰਤ-ਮਾਨ—ਜਿੱਥੇ ਦੇਸ਼ ਦੀ ਜਵਾਨੀ ਨੂੰ ਆਨੇ ਬਹਾਨੇ ਗੋਲੀਆਂ ਨਾਲ ਉਡਾਇਆ ਜਾ ਰਿਹਾ ਸੀ; ਭਵਿਖ—ਜੋ ਸੱਭ ਲਈ ਇਕ ਵੱਡਾ ਪ੍ਰਸ਼ਨ-ਚਿੰਨ੍ਹ ਸੀ।

ਬਿੰਦੂ ਜੋ ਹੁਣ ਤਕ ਜਾਗ ਚੁਕੀ ਸੀ ਚਾਨਣ ਨੂੰ ਕਹਿਣ ਲੱਗੀ, 'ਅੰਕਲ, ਤੇਰੇ ਕਪੜਿਆਂ ਵਿਚੋਂ ਡੈਡੀ ਦੇ ਕਪੜਿਆਂ ਵਰਗੀ ਖ਼ੁਸ਼ਬੂ ਆਉਂਦੀ ਆ।'

ਚਾਨਣ ਨੇ ਪਿਆਰ ਨਾਲ ਬਿੰਦੂ ਨੂੰ ਆਪਣੇ ਨਾਲ ਘੁੱਟ ਲਿਆ ਤੇ ਉਹਦਾ ਮੱਥਾ ਚੁੰਮਿਆ। ਅਪਣਤ ਦਾ ਨਿੱਘ ਸਾਡੇ ਸਾਰਿਆਂ ਦੇ ਚਿਹਰਿਆਂ ਤੇ ਪ੍ਰਤੱਖ ਸੀ।

'ਬਿੰਦੂ ਬੜੀ ਲਾਇਕ ਬੱਚੀ ਐ ਭਰਾ ਜੀ' ਬੱਚੀ ਦੇ

ਭੁੱਲੇ ਸ਼ਬਦਾਂ ਦੇ ਅਸਰ ਹੇਠ ਦੀਪ ਨੇ ਚਾਨਣ ਨੂੰ ਸੰਬੋਧਨ ਕੀਤਾ ।

'ਜਿਸ ਚਾਨਣ ਕੋਲ ਬਿੰਦੂ ਵਰਗੀਆਂ ਲਾਇਕ ਬੱਚੀਆਂ ਦਾ ਪਿਆਰ ਤੇ ਨਿੱਘ ਏ ਉਹਨੂੰ ਕੋਈ ਹਨੇਰਾ ਵੀ ਮਾਰ ਨਹੀਂ ਸਕੇਗਾ ।'......ਬਿੰਦੂ ਦੀ ਮਾਸੂਮ ਛੁਹ ਨਾਲ ਚਾਨਣ ਦੇ ਜਜ਼ਬਾਤ ਟੁੰਬੇ ਗਏ ਸਨ ।

ਮੈਂ ਚਾਨਣ ਵੱਲ ਤਕਿਆ । ਉਹਦੀਆਂ ਅੱਖਾਂ 'ਚ ਕੋਈ ਸੁਪਨਾ ਲਟਕ ਰਿਹਾ ਸੀ । ਕੁਝ ਪਲ ਦੀ ਚੁੱਪ ਪਿਛੋਂ ਉਹ ਬੋਲਿਆ, 'ਏਸੇ ਤਰ੍ਹਾਂ ਇਕ ਵਾਰ ਮੈਂ ਆਪਣੇ ਘਰ ਆਇਆ ਸਾਂ ਸਾਰੀ ਰਾਤ ਜੀਤੀ ਦੇ ਕਮਰੇ 'ਚ ਗੁਜ਼ਾਰ ਕੇ ।'

ਜੀਤੀ ? ਸਾਰੇ ਉਸਨੂੰ ਜਾਣਦੇ ਸਨ । ਚਾਨਣ ਦੇ ਪਿੰਡ ਦੀ ਅਧਿਆਪਕਾ । ਸਾਰੇ ਬਾਹਰੇ ਵਿਚ ਉਹਦੇ ਹੁਸਨ ਦੀ ਚਰਚਾ ਸੀ । ਜਿਥੋਂ ਦੀ ਉਹ ਲੰਘਦੀ ਰਾਹਾਂ 'ਚ ਜਿਵੇਂ ਸੁਗੰਧ ਘੁਲ ਜਾਂਦੀ; ਆਲੇ ਦੁਆਲੇ 'ਚ ਮਹਿਕ ਖਿੱਲਰ ਜਾਂਦੀ । ਜੀਤੀ ਸੱਚ ਮੁੱਚ ਇਕ ਗੀਤ ਸੀ, ਮਿੱਠੀ ਲੈ ਵਾਲਾ ਗੀਤ, ਜੋ ਚਾਨਣ ਨੂੰ ਨਸੀਬ ਹੋਇਆ ਸੀ ।

'ਏਸੇ ਤਰ੍ਹਾਂ ਸਿਆਲ ਦੀ ਠੰਢੀ ਰਾਤ ਸੀ,' ਚਾਨਣ ਨੇ ਗੱਲ ਜਾਰੀ ਰੱਖੀ 'ਕਾਲੀ ਰਾਤ, ਘੁੱਪ ਹਨੇਰ । ਲੰਮੀ ਰਾਤ ਗਈ ਤਕ ਮੈਂ ਤੇ ਜੀਤੀ ਯੋਜਨਾ ਘੜਦੇ ਰਹੇ ; ਸਕੀਮਾਂ ਸੋਚਦੇ ਰਹੇ । ਕੁਕੜ ਦੀ ਬਾਂਗ ਨਾਲ ਮੈਂ ਆਪਣੇ ਘਰ ਆਇਆ । ਦਰਵਾਜ਼ਾ ਕੇਵਲ ਢੁਕਿਆ ਹੋਇਆ ਈ ਸੀ । ਮੈਂ ਹੌਲੀ ਜਿਹੀ ਅੰਦਰ ਲੰਘ ਗਿਆ । ਬੀ ਜੀ ਰੋਜ਼ ਦੀ ਤਰ੍ਹਾਂ ਗੁਰਦਵਾਰੇ ਜਾ ਚੁਕੇ ਸਨ । ਉਨ੍ਹਾਂ ਵਾਲੀ ਮੰਜੀ ਤੇ ਮੈਂ ਰਾਣੋ ਨਾਲ ਲੰਮਾ ਪੈ ਗਿਆ । ਹੱਥ ਠੰਢੇ ਲਗਣ ਕਰਕੇ ਉਹ ਜਾਗ ਪਈ । ਕਹਿਣ ਲਗੀ, 'ਚੰਨ ਭਾ ਜੀ, ਤੇਰੇ ਕਪੜਿਆਂ 'ਚੋਂ ਉਹੋ ਜਿਹੀ ਖੁਸ਼ਬੂ ਆ ਰਹੀ ਆ ਜਿਹੋ ਜਿਹੀ ਸਾਡੀ ਜੀਤਾਂ ਭੈਣ ਜੀ ਦੇ ਕਪੜਿਆਂ 'ਚੋਂ ਆਉਂਦੀ ਹੁੰਦੀ ਆ ।' ......ਉਸ ਨੇ ਸੱਚ ਕਿਹਾ ਸੀ । ਉਸੇ ਸਵੇਰੇ ਮੈਂ ਆਪਣੇ ਮਿਥੇ ਰਾਹ ਤੇ ਤੁਰ ਪਿਆ ਸਾਂ ।'

ਚਾਨਣ ਦੇ ਚਿਹਰੇ ਤੇ ਜਲਾਲ ਸੀ ਤੇ ਅੱਖਾਂ 'ਚ ਚਮਕ । ਉਸਨੂੰ ਆਪਣੇ ਇਸ਼ਕ ਤੇ ਮਾਣ ਸੀ ਤੇ ਰਾਹ ਤੇ ਭਰੋਸਾ । ਉਹ ਕੰਧ ਪੁਰ ਬਾਬਾ ਦੀਪ ਸਿੰਘ ਦੀ ਤਸਵੀਰ ਵੱਲ ਧਿਆਨ ਟਿਕਾਈ ਵੇਖ ਰਿਹਾ ਸੀ । ਤਸਵੀਰ ਹੇਠਲੇ ਸ਼ਬਦ ਮੈਨੂੰ ਹੋਰ ਮੋਟੇ ਹੋਏ ਜਾਪੇ—'ਜੇ ਤਉ ਪਰੇਮ ਖੇਲਨ ਕਾ ਚਾਓ, ਸਿਰ ਧਰ ਤਲੀ ਗਲੀ ਮੋਰੀ ਆਓ ।'

ਪ੍ਰਭਾਤ ਹੋਣ ਵਾਲੀ ਸੀ । ਬਾਹਰ ਬੱਦਲ ਅਜੇ ਵੀ ਗਰਜ ਰਹੇ ਸਨ । ਬਿਜਲੀ ਦੀ ਚਮਕ ਰੋਸ਼ਨਦਾਨਾਂ ਰਾਹੀਂ ਕਮਰੇ ਅੰਦਰ ਪ੍ਰਵੇਸ਼ ਕਰ ਰਹੀ ਸੀ ।

ਸਿੱਖ ਨੈਸ਼ਨਲ ਕਾਲਜ
ਬੰਗਾ (ਜਲੰਧਰ)

—o—

ਕਹਾਣੀ—

## ਨਿੱਕੇ ਨਿੱਕੇ ਕਤਲ/ਰਾਮ ਸਰੂਪ ਅਣਖੀ

ਇਸ ਪਿੰਡ ਵਿਚ ਆਇਆਂ ਮੈਨੂੰ ਦੋ ਸਾਲ ਮਸਾਂ ਹੋਏ ਹਨ ਤੇ ਇਹ ਤੇਰ੍ਹਵਾਂ ਕਤਲ ਹੈ । ਇਕ ਭਰਾ ਨੇ ਆਪਣੀ ਕੰਵਾਰੀ ਭੈਣ ਵੱਢ ਦਿੱਤੀ ਹੈ । ਪਿੰਡ ਵਿਚ ਸ਼ੋਰ ਹੈ ।

ਸਵੇਰੇ ਸਵੇਰੇ ਆਪਣੇ ਕੰਮ ਤੇ ਜਾਣ ਲਈ ਮੈਂ ਤਿਆਰ ਹੋ ਰਿਹਾ ਹਾਂ । ਕਾਹਲ ਵਿਚ ਹਾਂ ਕਿਉਂਕਿ ਨਿਸਚਿਤ ਸਮੇਂ ਤੋਂ ਇਕ ਘੰਟਾ ਪਹਿਲਾਂ ਜਾਣਾ ਚਾਹੁੰਦਾ ਹਾਂ । ਕਤਲ ਰਾਤ ਹੋਇਆ ਹੈ ਪਰ ਇਸ ਦੀ ਖਬਰ ਮੇਰੀ ਗਵਾਂਢਣ ਬੁੜ੍ਹੀ ਨੇ ਹੁਣੇ ਆ ਕੇ ਸੁਣਾਈ ਹੈ । 'ਅਨਰਥ ਹੋ ਗਿਆ, ਭਾਈ ਨੇ ਭੈਣ ?' ਮੇਰੀ ਬੀਵੀ ਨੇ ਸੋਗੀ ਸਾਹ ਲਿਆ ਹੈ ਤੇ ਮੇਰੇ ਕੋਲ ਆਰਾਮ-ਕੁਰਸੀ ਉਤੇ ਬੈਠ ਗਈ ਹੈ । ਉਸਦੀ ਗੱਲ ਸੁਣ ਕੇ ਇਕੋ ਬਿੰਦ ਮੈਂ ਚੁੱਪ ਰਿਹਾ ਹਾਂ, ਦਾੜ੍ਹੀ ਬੰਨ੍ਹ ਰਿਹਾ ਹਾਂ ਤੇ ਕਹਿ ਦਿੱਤਾ ਹੈ—'ਤੂੰ ਪਰਾਂਠੇ ਪਕਾ ਉੱਠ ਕੇ ।'

ਅੱਜ ਸੋਮਵਾਰ ਹੈ । ਕਲ ਮੈਂ ਘਰ ਹੀ ਸਾਂ । ਬੱਚਿਆਂ ਰਾਹੀਂ, ਬੁੜ੍ਹੀਆਂ ਰਾਹੀਂ ਤਿੰਨ ਖਬਰਾਂ ਆਈਆਂ ਸਨ । ਮਲਾਇਆ ਵਾਲੇ ਮਿਲਖਾ ਸਿੰਘ ਨੇ ਸੰਤੀ ਚਮਿਆਰੀ ਨੂੰ ਲੱਤਾਂ ਨਾਲ ਕੁੱਟਿਆ ਸੀ ਕਿਉਂਕਿ ਉਸ ਨੇ ਸੱਥ ਵਿਚ ਖੜ੍ਹਕੇ ਮਿਲਖਾ ਸਿੰਘ ਦੇ ਖਿਲਾਫ ਰੌਲਾ ਪਾਇਆ ਸੀ ਕਿ ਉਹ ਚੁਗਾਵੀਆਂ ਦੀ ਕਪਾਹ ਨਿੱਤ ਦੀ ਨਿੱਤ ਨਹੀਂ ਦਿੰਦਾ । ਆਥਣ ਉੱਗਣ ਦਾ ਲੂਣ-ਤੇਲ ਕਿਥੋਂ ਲਿਆਈਏ ?

ਪਿਛਲੇ ਮਹੀਨੇ ਦੀ ਡਿੱਪੂ ਦੀ ਖੰਡ ਉਨ੍ਹਾਂ ਨੇ ਬਾਹਰ ਦੀ ਬਾਹਰ ਵਚ ਦਿੱਤੀ ਸੀ। ਪਿੰਡ ਵਿਚ ਨਿੰਮ੍ਹੀ ਜਿਹੀ ਗੱਲ ਚਲੀ ਸੀ ਤੇ ਬਣੌਟੀ ਖੁਸ਼ਬੂ ਵਾਂਗ ਉੱਡ ਗਈ ਸੀ। ਇਸ ਮਹੀਨੇ ਦੀ ਖੰਡ ਉਨ੍ਹਾਂ ਨੇ ਪਾਣੀ ਪਾ ਕੇ ਵੇਚੀ। ਬੁੜ ਬੁੜ ਤੇ ਬੱਸ। ਇਕ ਉਹ ਜਿਸ ਨੇ ਇਸ ਸਬੰਧੀ ਠੋਕਵੀਂ ਅਰਜ਼ੀ ਮੁੱਖ-ਮੰਤਰੀ ਨੂੰ ਲਿਖ ਦਿੱਤੀ ਸੀ, ਉਸ ਉੱਤੇ ਉਨ੍ਹਾਂ ਨੇ ਫੀਮ ਦਾ ਕਸ ਬਣਵਾ ਦਿੱਤਾ ਹੈ। ਤੀਜੀ ਖਬਰ ਸੀ ਜਗਤੇ ਦੀ ਜਿਸ ਦਾ ਘਰ-ਬਾਰ ਚੰਡੀ ਦਾਸ ਨੇ ਕੁਰਕ ਕਰਵਾ ਦਿੱਤਾ ਸੀ। ਸੱਤ ਸਾਲ ਤੋਂ ਚਲਦਾ ਕਰਜ਼ਾ ਜਗਤੇ ਨੇ ਮੋੜਿਆ ਨਹੀਂ ਸੀ। ਤਿੰਨ ਜਵਾਕ, ਬੀਵੀ, ਕਿੱਥੇ ਰਹੇਗਾ ਜਗਤਾ ?

ਕਲ ਕੇਸੀਂ ਨਹਾ ਕੇ ਕੁਝ ਚਿਰ ਲਈ ਹਥਾਈ ਵਾਲੀ ਚੌਕੜੀ 'ਤੇ ਜਾ ਬੈਠਾ ਸਾਂ। ਸੁਣਿਆ ਸੀ, ਕਰਮੂ ਨਾਈ ਦਾ ਮੁੰਡਾ ਫੌਜ ਵਿਚ ਭਰਤੀ ਹੋ ਗਿਆ। ਪੜ੍ਹਨ ਵਿਚ ਬੜਾ ਹੁਸ਼ਿਆਰ ਸੀ। ਉੱਚਾ ਕੱਦ, ਨਿੱਗਰ ਸਰੀਰ, ਦਸਵੀਂ ਵਿਚ ਪੜ੍ਹਦਾ ਸੀ। ਪਿਓ ਕਹਿੰਦਾ ਸੀ, 'ਛੱਡ ਪੜ੍ਹਾਈ ਨੂੰ, ਮੇਰੇ ਨਾਲ ਸੜਕ 'ਤੇ ਮਿੱਟੀ ਪੌਣ ਚਲਿਆ ਕਰ। ਘਰ ਦਾ ਖਰਚ ਤਾਂ ਤੁਰੇ।'

ਰੰਡੀ ਬੁੜ੍ਹੀ ਸੁੱਖੋ ਦੀ ਕੁੜੀ ਨੂੰ ਉਹਦਾ 'ਪ੍ਰਾਹੁਣਾ' ਛੱਡ ਗਿਆ ਸੀ। ਸੁੱਖੋ ਵਿਚਾਰੀ ਚੰਗਾ ਦਾਜ ਨਹੀਂ ਸੀ ਦੇ ਸਕੀ ਤੇ ਕੁੜੀ ਦੀ ਸੱਸ ਨਿੱਤ ਲੜਦੀ ਸੀ। 'ਪ੍ਰਾਹੁਣਾ' ਵੀ ਤਾਹਨੇ-ਮਿਹਣੇ ਮਾਰਦਾ ਰਹਿੰਦਾ ਸੀ। ਇਕ ਦਿਨ ਕੁੜੀ ਨੇ ਕੋਈ ਸੱਚਾ ਜਵਾਬ ਦਿੱਤਾ ਸੀ ਤਾਂ 'ਪ੍ਰਾਹੁਣੇ' ਨੇ ਉਸਨੂੰ ਬਹੁਤ ਕੁੱਟਿਆ ਸੀ ਤੇ ਛੱਡ ਗਿਆ ਸੀ।

ਸੋਚ ਰਿਹਾ ਹਾਂ, ਕਿਉਂ ਹੁੰਦੇ ਨੇ ਐਨੇ ਕਤਲ ?

ਤੇਰ੍ਹਵੇਂ ਕਤਲ ਦਾ ਸ਼ੋਰ ਵੀ ਕੁਝ ਦਿਨਾਂ ਤਕ ਮੱਧਮ ਪੈ ਜਾਏਗਾ ਤੇ ਫਿਰ ਖਤਮ ਹੋ ਜਾਏਗਾ ਤੇ ਫਿਰ ਭੁੱਲ ਵੀ ਜਾਵੇਗਾ। ਜਿਵੇਂ ਪਹਿਲੇ ਸ਼ੋਰ ਖਤਮ ਹੋਏ। ਹੌਲਦਾਰ ਦਾ ਕਤਲ, ਕਾਤਲ ਦੇ ਭਾਈ ਦਾ ਕਤਲ ਤੇ ਫਿਰ ਹੌਲਦਾਰ ਦੇ ਪਿਓ ਦਾ ਕਤਲ, ਕਾਲਜੀਏਟ ਮੁੰਡੇ ਦਾ ਕਤਲ। ਜ਼ਮੀਨ ਕਰਕੇ ਸੱਤਰ ਸਾਲਾ ਬੁੜ੍ਹੀ ਦਾ ਕਤਲ। ਏਸੇ ਤਰ੍ਹਾਂ ਦੇ ਪਹਿਲੇ ਸਾਰੇ ਹੀ ਬਾਰਾਂ ਕਤਲ। ਸ਼ੋਰ ਤੇ ਖਾਮੋਸ਼ੀ। ਫਿਰ ਸ਼ੋਰ। ਤੇਰ੍ਹਵੇਂ ਕਤਲ ਦਾ ਸ਼ੋਰ। ਅਨਰਥ ਦੀ ਗੱਲ।

ਕਲ ਵਾਲੀਆਂ ਪੰਜੇ ਖਬਰਾਂ ਮੇਰੇ ਦਿਮਾਗ ਵਿਚ ਹਨ। ਜੀਉਂਦੀਆਂ ਜ਼ਮੀਰਾਂ ਦੇ ਕਤਲ। ਇਨ੍ਹਾਂ ਕਤਲਾਂ ਬਾਰੇ ਕੋਈ ਸ਼ੋਰ ਨਹੀਂ। ਸ਼ੋਰ ਉੱਠੇ ਵੀ ਤਾਂ ਮਿਟ ਜਾਵੇਗਾ। ਕਈ ਘਟਨਾਵਾਂ ਹੁੰਦੀਆਂ ਹਨ ਜਿਨ੍ਹਾਂ ਦਾ ਕੋਈ ਸ਼ੋਰ ਨਹੀਂ ਹੁੰਦਾ। ਹੀ .....ਹੀ......ਜਿਵੇਂ ਕਈ ਦੁੱਧ ਹੁੰਦੇ ਹਨ ਜਿਨ੍ਹਾਂ ਦਾ ਕੋਈ ਉਬਾਲ ਨਹੀਂ ਹੁੰਦਾ।

ਇਕ ਵੱਡੇ ਸ਼ੋਰ ਦੀ ਉਡੀਕ ਹੈ।

ਨਾਅਰੇ ਲਗਦੇ ਹਨ, ਮੁੱਠੀਆਂ ਢਿੱਲੀਆਂ ਪੈ ਜਾਂਦੀਆਂ ਹਨ। ਕਿਸੇ ਕਵੀ ਨੇ ਠੀਕ ਹੀ ਸ਼ਾਇਦ ਆਖਿਆ ਹੈ—ਸਮੇਂ ਦਾ ਕਵੀ ਸ਼ੇਰ ਵਾਂਗ ਅਸਮਾਨੋਂ ਉੱਤਰਦਾ ਹੈ ਤੇ ਬਕਰੀ ਸੰਗ ਪਾਣੀ ਪੀਕੇ ਚਲਾ ਜਾਂਦਾ ਹੈ। ਨਿੱਕੇ ਨਿੱਕੇ ਕਤਲਾਂ ਦਾ ਕੋਈ ਸ਼ੋਰ ਨਹੀਂ। ਕਲ ਵਾਲੇ ਪੰਜ ਕਤਲ ਮੇਰੇ ਦਿਮਾਗ ਵਿਚ ਹਨ। ਤੇਰ੍ਹਵਾਂ ਕਤਲ ਤਾਂ ਨਿੱਜੀ ਜਿਹਾ ਹੈ।

ਪਰਾਂਠਿਆਂ ਨਾਲ ਚਾਹ ਪੀ ਕੇ ਇਕ ਘੰਟਾ ਪਹਿਲਾਂ ਮੈਂ ਦਫਤਰ ਪਹੁੰਚ ਗਿਆ ਹਾਂ। ਹੈਡ-ਕਲਰਕ ਨੇ ਤੇ ਮੈਂ ਵੀਹ ਹਜ਼ਾਰ ਦੀ ਮਿਲੀ ਗਰਾਂਟ ਦਾ ਪਿਛਲੇ ਪੰਜ ਮਹੀਨਿਆਂ ਦਾ ਹਿਸਾਬ ਤਿਆਰ ਕਰਨਾ ਹੈ। ਹੈਡ-ਕਲਰਕ ਜੋ 'ਸਾਹਿਬ' ਦਾ ਚਹੇਤਾ ਹੈ। ਮੇਰੀ ਤਾਂ ਹੈਡ-ਕਲਰਕ ਨਾਲ ਬੱਸ ਐਨੀ ਸਾਂਝ ਹੈ.....ਸਾਂਝ ਹੀ ਨਹੀਂ, ਮੇਰੇ ਉਤੇ ਤਾਂ ਉਸਦੀ ਬੱਸ ਐਨੀ ਕਿਰਪਾ ਹੈ ਕਿ 'ਸਾਹਿਬ' ਤੋਂ ਚਿਠੀ ਲੈ ਕੇ ਉਸਨੇ ਮੇਰੀ ਲੜਕੀ ਦੀ ਫੀਸ ਮੁਆਫ ਕਰਵਾ ਦਿੱਤੀ ਸੀ। ਲੜਕੀ ਜੋ ਇਕ ਕੌਮੀ ਕਾਲਜ ਵਿਚ ਪੜ੍ਹਦੀ ਹੈ ਤੇ ਜਿਸਦਾ ਰਿਸ਼ਤਾ ਹੈਡ-ਕਲਰਕ ਆਪਣੇ ਸਮਗਲਰ ਲੜਕੇ ਲਈ ਮੈਥੋਂ ਮੰਗਦਾ ਹੈ। ਇਹ ਰਿਸ਼ਤਾ ਹੋ ਗਿਆ ਤਾਂ ਕੁੜੀ ਮੌਜਾਂ ਕਰੇਗੀ। ਪਰ ਮੈਂ ਝਿਜਕਦਾ ਹਾਂ। ਇਕ ਦੋ ਸਾਲ ਮਨ ਵਿਚ ਸ਼ੋਰ ਰਹੇਗਾ। ਸਮਗਲਰ ਦਾ ਕੀ ਵਸਾਹ ? ਕੁੜੀ ਨੂੰ ਪਿਆਰ ਦੇਵੇਗਾ ? ਕੁੜੀ ਨੂੰ 'ਘਰ ਵਾਲੀ' ਬਣਾ ਕੇ ਆਪ ਬਾਹਰ ਦੀ 'ਐਸ਼' ਨਾ ਲੁੱਟੇ ? ਕੁੜੀ ਦਾ ਤਾਂ ਕਤਲ ਸਮਝੋ।

ਦਫਤਰੋਂ ਛੁੱਟੀ ਹੋ ਗਈ ਹੈ। ਮੈਂ ਤੇ ਹੈਡ-ਕਲਰਕ

ਅਜੇ ਵੀ ਇਕ ਵਖਰੇ ਕਮਰੇ ਵਿਚ ਬੈਠੇ ਹਿਸਾਬ-ਕਿਤਾਬ ਵਿਚ ਰੁਝੇ ਹੋਏ ਹਾਂ । ਮੇਰੀ ਇਸ ਵਿਚ ਦਿਲਚਸਪੀ ਕੋਈ ਨਹੀਂ ।

ਪਿੰਡ, ਡਾ: ਧੌਲਾ
ਰਾਹੀਂ—ਹੰਡਿਆਇਆ
ਤਹਿਸੀਲ – ਬਰਨਾਲਾ

—o—

ਕਹਾਣੀ—

# ਕੋਈ ਗੀਤ ਪਾਗਲ ਨਹੀਂ ਹੁੰਦਾ

ਪ੍ਰੀਤਮ ਬਰਾੜ ਲੰਡੇ

ਕੁਝ ਰਾਤਾਂ ਹੁੰਦੀਆਂ ਨੇ, ਜਦੋਂ ਪਿੰਡ ਦੀ ਸੁੰਨੀ ਜੂਹ ਵਿਚ ਮੋਰ ਕੈਂ ਕੈਂ ਕਰ ਉਠਦੇ ਹਨ । ਤੇ ਪਿੰਡ ਦੇ ਬਾਹਰਲੇ ਵਾੜਿਆਂ ਵਿਚ ਸੁਤੇ ਬੁੱਢੇ, ਵਾਹਗੁਰੂ ! ਵਾਹਗੁਰੂ !! ਓਦੋਂ ਉਹ ਉੱਠਦਾ ਹੈ । ਤੇ ਪਿੰਡ ਦੇ ਸਭ ਤੋਂ ਉੱਚੇ ਬੋਹੜ ਤੇ ਚੜ੍ਹਕੇ ਗਾਉਣ ਲੱਗ ਪੈਂਦਾ ਹੈ । ਲੋਕ ਉਹਨੂੰ ਪਾਗਲ ਆਖਦੇ ਹਨ—ਪਤਾ ਨਹੀਂ ਕਿਉਂ ?

ਤੇ ਐਨ ਉਸ ਸਮੇਂ ਕੁਝ ਗਲਾਂ ਵਾਪਰ ਜਾਂਦੀਆਂ ਹਨ । ਇਨ੍ਹਾਂ ਗਲਾਂ ਵਿਚੋਂ ਇਕ ਗਲ—ਪਿੰਡ ਦੇ ਬਿਸਵੇਦਾਰ ਦੀ ਹਵੇਲੀ ਆਪਣੇ ਕੰਨ ਖੜੇ ਕਰਕੇ ਪਿੰਡ ਵਲ ਝਾਕਦੀ ਹੈ । ਹਵੇਲੀ ਵਿਚਲਾ ਡਰਾਇੰਗ-ਰੂਮ ਅੱਬੜਵਾਹੇ ਉੱਠ ਖਲੋਂਦਾ ਹੈ । ਡਰਾਇੰਗ-ਰੂਮ ਵਿਚ ਰੰਗਲੇ ਪਲੰਘ ਤੇ ਲੇਟਿਆ ਗੀਤ ਭੌਰ ਭੌਰ ਹੋਇਆ ਕੰਧਾਂ ਵਲ ਤੱਕਦਾ ਹੈ । ਕੰਧਾਂ ਤੇ ਹਿਰਨਾਂ ਦੇ ਵੱਡੇ ਵੱਡੇ ਸਿਰ ਲਟਕ ਰਹੇ ਹਨ । ਹਿਰਨਾਂ ਦੇ ਉਨ੍ਹਾਂ ਸਿਰਾਂ ਨੂੰ ਦੇਖਕੇ ਫੇਰ ਉਹ ਗੀਤ ਉੱਚੀ ਉੱਚੀ ਹਸਦਾ ਹੈ । ਆਪਣੇ ਪੈਰਾਂ ਵਿਚ ਗੁਲਾਬੀ ਚੱਪਲਾਂ ਅੜਾਉਂਦਾ ਹੈ । ਤੇ ਧੁਰ ਹਵੇਲੀ ਦੀ ਉਪਰਲੀ ਛੱਤ ਤੇ ਪਹੁੰਚ ਜਾਂਦਾ ਹੈ । ਬੋਹੜ ਉਤਲੇ ਗੀਤ ਨੂੰ ਉਹ ਬੜੇ ਗਹੁ ਨਾਲ ਸੁਣਦਾ ਹੈ । ਪਤਾ ਨਹੀਂ ਕਿਉਂ ?

ਪਿੰਡ ਦੇ ਲੋਕ ਉਹ ਗੀਤ ਸੁਣਦੇ ਹਨ । ਤੇ ਆਖਦੇ ਹਨ—'ਉਹ ਪਾਗਲ ਹੈ ।' ...ਪਰ ਉਹ ਪਾਗਲ ਨਹੀਂ ਹੈ । ਇਹ ਤਾਂ ਲੋਕਾਂ ਦੀ ਆਪਣੀ ਸੋਚਣੀ ਹੈ । ਕਿ ਉਹ ਉਹਨੂੰ ਪਾਗਲ ਕਹਿਕੇ ਬਲਾਉਂਦੇ ਹਨ । ਇਹ ਠੀਕ ਹੈ ਕਿ ਇਕ ਵਾਰ ਬਿਸਵੇਦਾਰ ਦੇ ਇਕ ਪਾਲਤੂ ਕੁੱਤੇ ਨੇ ਉਸਨੂੰ ਵੱਢ ਖਾਧਾ ਸੀ । ਪਰ ਉਹ ਪਾਗਲ ਨਹੀਂ ਸੀ ਹੋਇਆ ।

ਇਹ ਤਾਂ ਉਹਦੀ ਆਪਣੀ ਆਦਤ ਹੈ ਕਿ ਕਈ ਵਾਰ ਉਹ ਸਿਖਰ-ਦੁਪਹਿਰੇ ਪਿੰਡ ਦੀਆਂ ਗਲੀਆਂ ਵਿਚ ਘੁੰਮਣ ਲੱਗ ਜਾਂਦਾ ਹੈ । ਰੇਹੀ ਖਾਧੀਆਂ ਕੰਧਾਂ ਨੂੰ ਦੇਖਕੇ ਉੱਚੀ ਉੱਚੀ ਹੱਸਦਾ ਹੈ । ਤੇ ਫੇਰ ਕੁੱਝ ਰੇਹ ਆਪਣੀ ਹਥੇਲੀ ਤੇ ਰੱਖਕੇ ਆਖਦਾ ਹੈ—'ਲੱਗਦਾ ਹੈ ਇਹਦੇ ਵਿਚਲਾ ਗੀਤ ਬੀਮਾਰ ਹੈ ।'

ਤੇ ਫੇਰ ਉਹ ਉਸ ਰੇਹੀ ਨੂੰ ਆਪਣੀ ਹਥੇਲੀ ਤੇ ਰਖ ਕੇ ਫੂਕ ਮਾਰ ਦਿੰਦਾ ਹੈ । ਪਿੰਡ ਦੇ ਲਟੋਰ ਮੁੰਡੇ ਉਹਦੀ ਇਸ ਹਰਕਤ ਨੂੰ ਦੇਖ ਕੇ ਉਚੀ ਉਚੀ ਹੱਸਦੇ ਹਨ । ਬਜ਼ੁਰਗ ਚੁੱਪ ਕਰ ਰਹਿੰਦੇ ਹਨ । ਤੇ ਕੁਝ ਚੁੱਪ ਕਿਸਮ ਦੇ ਲੋਕ ਗਲ ਸਮਝ ਜਾਂਦੇ ਹਨ । ਉਨ੍ਹਾਂ ਦੇ ਮੂੰਹ ਹਿਲਦੇ ਜ਼ਰੂਰ ਹਨ ਪਰ ਗੱਲ ਮੂੰਹਾਂ ਵਿਚੋਂ ਬਾਹਰ ਨਹੀਂ ਨਿਕਲਦੀ । ਪਤਾ ਨਹੀਂ ਕਿਉਂ ?

ਇਸ ਗਲ ਦੀ ਅਫ਼ਵਾਹ ਹਵੇਲੀ ਵਿਚਲੇ ਗੀਤ ਕੋਲ ਵੀ ਪੁੱਜਦੀ ਹੈ । ਉਸ ਸਮੇਂ ਉਹ ਰੰਗਲੇ ਪਲੰਘ ਤੇ ਲੇਟਿਆ ਰੋ ਰਿਹਾ ਹੁੰਦਾ ਹੈ । ਫੇਰ ਉਹ ਉਠਦਾ ਹੈ ਕੰਧਾਂ ਤੇ ਲਟਕ ਰਹੇ ਹਿਰਨਾਂ ਦੇ ਸਿਰਾਂ ਨੂੰ ਘੂਰਨ ਲੱਗ ਪੈਂਦਾ ਹੈ । ਠੀਕ ਉਸ ਸਮੇਂ ਗੀਤ ਦੀ ਪੀਲੇ ਮੂੰਹ ਵਾਲੀ ਭਰਜਾਈ ਆਉਂਦੀ ਹੈ । ਤੇ ਬੱਸ ਐਨਾ ਕੁ ਆਖਦੀ ਹੈ—ਬੀਬਾ ਜੀ ਲਗਦਾ ਹੈ, ਸਾਡਾ ਸਫਰ ਤਾਂ ਸਿਰਫ ਦਾਜ ਤੋਂ ਲੈਕੇ ਸ਼ਰਾਬ ਦੀ ਬਦਬੂ ਤੱਕ ਹੀ ਸੀ ।

ਗੀਤ ਗਲ ਸੁਣਦਾ ਹੈ । ਤੇ ਆਪਣੀ ਪੀਲੇ ਮੂੰਹ ਵਾਲੀ ਭਰਜਾਈ ਨੂੰ ਜੱਫੀ 'ਚ ਲੈਕੇ ਚੁੰਮਦਾ ਹੈ ! ਆਖਦਾ ਹੈ—'ਮੈਨੂੰ ਕਦੀ ਤੇਰੀ ਲੋੜ ਵੀ ਪੈ ਸਕਦੀ ਹੈ ।'

ਇਹੋ ਜੇਹੀ ਦੂਜੀ ਗਲ ਕਮੀਆਂ ਦੇ ਵਿਹੜੇ ਵਿਚ ਵਾਪਰਦੀ ਹੈ—ਇਕ ਛੋਟਾ ਜਿਹਾ ਘਰ, ਉਹਦੇ ਵਿਚ ਰਹਿੰਦਾ ਇਕ ਨੌਜੁਆਨ । ਆਖਦੇ ਨੇ ਉਹਦੇ ਸੀਰੀ ਪਿਓ ਨੇ ਉਹਨੂੰ ਬੜੇ ਜਫਰ ਜਾਲਕੇ ਪੜ੍ਹਾਇਆ ਸੀ । ਪੜ੍ਹ ਲਿਖਕੇ ਪੁੱਤਰ ਜਦੋਂ ਰੋਜ਼ਗਾਰ ਦਫਤਰਾਂ ਦੇ ਚੱਕਰ ਕੱਟਣ ਲਗਾ ਤਾਂ...। ਰੋਜ਼ਗਾਰ ਦਫਤਰ ਦਾ ਹਰ ਸਾਈਨ ਬੋਰਡ ਉਹਦੇ ਉਤੇ ਕੰਜਰਾਂ ਵਾਂਗ ਹੱਸਦਾ ਸੀ । ਹੁਣ ਤਾਂ

ਇਹਵੀ ਸੁਣਿਆ ਹੈ ਕਿ ਉਹਦੇ ਮੱਥੇ ਵਿਚ ਚਾਨਣ ਦੇ ਤ੍ਰਿਲ ਵਰਗੀ ਕੋਈ ਚੀਜ਼ ਉੱਗ ਪਈ ਹੈ। ਹੁਣ ਉਹ ਕਿਸੇ ਰੋਜ਼ਗਾਰ ਦਫਤਰ ਦੇ ਮੱਥੇ ਨਹੀਂ ਲਗਦਾ। ਪਤਾ ਨਹੀਂ ਕਿਉਂ ?

ਕਮੀਆਂ ਦੇ ਵਿਹੜੇ ਵਿਚ ਰਹਿੰਦਾ ਉਹ ਇਕ ਅਜਨਬੀ ਹੈ। ਉਹ ਬਹੁਤ ਘੱਟ ਬੋਲਦਾ ਹੈ। ਬੱਸ ਉਂਜ ਆਪਣੇ ਸਾਥੀਆਂ ਦੇ ਹੱਥਾਂ ਵਿਚ ਫੜੀਆਂ ਖਾਲੀ ਬਾਟੀਆਂ ਨੂੰ ਬੜੇ ਗਹੁ ਨਾਲ ਦੇਖਦਾ ਹੈ। ਬਾਟੀਆਂ ਜਿਹੜੀਆਂ ਖਾਲੀ ਘਰੋਂ ਤੁਰਦੀਆਂ ਹਨ ਤੇ ਖਾਲੀ ਪਰਤ ਆਉਂਦੀਆਂ ਹਨ। ਪਰ ਉਹ ਫੇਰ ਵੀ ਚੁੱਪ ਰਹਿੰਦੀਆਂ ਹਨ। ਪਤਾ ਨਹੀਂ ਕਿਉਂ ?

ਉਹ ਬੋਹੜ ਉਤਲੇ ਗੀਤ ਨੂੰ ਵੀ ਸੁਣਦਾ ਹੈ। ਕਦੀ ਕਦੀ ਉਹਦਾ ਦਿਲ ਪੀੜ ਨਾਲ ਭਰ ਜਾਂਦਾ ਹੈ। ਉਸ ਸਮੇਂ ਉਹ ਚਾਹੁੰਦਾ ਹੈ ਕਿ ਹਵੇਲੀ ਵਿਚਲੇ ਰੰਗਲੇ ਪਲੰਘ ਤੇ ਬੈਠੇ ਗੀਤ ਨੂੰ ਸਾਰੀ ਗਲ ਜਾ ਦਸੇ। ਪਰ ਉਹ ਇਸ ਤਰ੍ਹਾਂ ਕਰਦਾ ਨਹੀਂ। ਹਾਂ ਕਦੀ ਕਦੀ ਉਹ ਖਾਲੀ ਬਾਟੀਆਂ ਨੂੰ ਜ਼ਰੂਰ ਆਖਦਾ ਹੈ—'ਲਿਆਓ ਖਾਂ ਮੇਰੇ ਲਈ ਡਾਂਗ ਜੋੜੀ ਇਕ ਬੰਸਰੀ, ਤੇ ਮੈਂ ਤੁਹਾਨੂੰ ਸਣਾਉਂਦਾ ਹਾਂ ਇਕ ਗੀਤ, ਗੀਤ ਜਿਹੜਾ ਮਰ ਨਹੀਂ ਸਕਦਾ।'

ਪਰ ਉਹ ਇਸ ਤਰ੍ਹਾਂ ਨਹੀਂ ਕਰਦਾ। ਭਾਵੇਂ ਉਹਨੂੰ ਪਤਾ ਹੈ ਕਿ ਹਵੇਲੀ ਵਿਚਲੇ ਗੀਤ ਦਾ ਇੰਜ ਹੋਰ ਬਹੁਤੀ ਦੇਰ ਕੈਦ ਰਹਿਣਾ ਉਸ ਬੋਹੜ ਉਤਲੇ ਗੀਤ ਦਾ ਨੁਕਸਾਨ ਕਰ ਸਕਦਾ ਹੈ।

ਗਲ ਫੇਰ ਉਧਰ ਚਲੀ ਜਾਂਦੀ ਹੈ।

ਲੋਕ ਉਹਨੂੰ ਪਾਗਲ ਆਖਦੇ ਹਨ। ਪਰ ਉਹ ਪਾਗਲ ਨਹੀਂ ਹੈ। ਇਹ ਤਾਂ ਉਂਜ ਹੀ ਉਹਦੀ ਆਦਤ ਹੈ। ਕਈ ਵਾਰ ਉਹ ਕੰਮੀਆਂ ਦੇ ਵਿਹੜੇ ਵੱਲ ਚਲਾ ਜਾਂਦਾ ਹੈ। ਕੱਚੀਆਂ ਲਿਓੜ ਖਾਧੀਆਂ ਕੰਧਾਂ ਦੇ ਮਘੋਰਿਆਂ ਵਿਚ ਮੂੰਹ ਦੇਕੇ ਆਖਦਾ ਹੈ—'ਇਹਦੇ ਵਿਚ ਕੋਈ ਗੀਤ ਤਾਂ ਨਹੀਂ ਬੈਠਾ।'

ਲੋਕ ਆਖਦੇ ਹਨ। ਭਲਾ ਇਸ ਤੋਂ ਵਧ ਪਾਗਲਾਂ ਵਾਲੀ ਗਲ ਹੋਰ ਕਿਹੜੀ ਹੋ ਸਕਦੀ ਹੈ ? ਗੀਤ ਨੂੰ ਭਲਾ ਕੰਧਾਂ ਦੀਆਂ ਤ੍ਰੇੜਾਂ ਵਿਚ ਲੁੱਕਣ ਦਾ ਕੀ ਫਾਇਦਾ ?

ਪਰ ਕਦੀ ਕਦੀ ਖਾਲੀ ਬਾਟੀਆਂ ਨੂੰ ਉਹਦੀਆਂ ਗਲਾਂ ਬੜੀਆਂ ਅਜੀਬ ਲਗਦੀਆਂ ਹਨ। ਮੱਥੇ ਵਿਚ ਉੱਗੇ ਚਾਨਣ ਦੇ ਕਿੱਲ ਵਾਲਾ ਨੌਜੁਆਨ ਉਹਦੀਆਂ ਸਾਰੀਆਂ ਗਲਾਂ ਉਨ੍ਹਾਂ ਨੂੰ ਸਮਝਾਉਂਦਾ ਹੈ।

ਕਈ ਵਾਰ ਗਲ ਹਵੇਲੀ ਵਿਚ ਵੀ ਪੁੱਜ ਜਾਂਦੀ ਹੈ। ਹਵੇਲੀ ਦੇ ਮੱਥੇ ਉਤੇ ਘੂਰੀਆਂ ਉੱਘੜ ਆਉਂਦੀਆਂ ਹਨ। ਪਰ ਲੋਕਾਂ ਦੇ ਰੋਹ ਸਾਹਮਣੇ ਸਾਰਾ ਕੁਝ ਪਸੀਨੇ ਦੀਆਂ ਬੂੰਦਾਂ ਵਿਚ ਡੁੱਬ ਜਾਂਦਾ ਹੈ। ਉਸ ਸਮੇਂ ਰੰਗਲੇ ਪਲੰਘ ਤੇ ਬੈਠਾ ਗੀਤ ਆਪਣੇ ਬਿਸਵੇਦਾਰ ਪਿਓ ਦੀ ਘਬਰਾਹਟ ਦੇਖਦਾ ਹੈ। ਉਹਦਾ ਪਿਓ ਜਿੰਨਾ ਡਰਦਾ ਹੈ। ਗੀਤ ਉਨਾ ਖੁਸ਼ ਹੁੰਦਾ ਹੈ।

ਕਦੀ ਕਦੀ ਤਾਂ ਉਹਦਾ ਜੀ ਕਰਦਾ ਹੈ ਕਿ ਉਹ ਆਪ ਕੰਮੀਆਂ ਦੇ ਵਿਹੜੇ ਵਿਚ ਜਾਕੇ ਦੱਸੇ ਕਿ ਡਰਾਇੰਗ-ਰੂਮ ਵਿਚ ਲੱਗੇ ਉਹਨਾਂ ਦੇ ਸਿਰ ਅਸਲ ਵਿਚ ਤੁਹਾਡੇ ਪਿਓ ਦਾਦਿਆਂ ਦੇ ਹੀ ਸਿਰ ਹਨ। ਪਰ ਗੀਤ ਆਪਣੇ ਬਿਸਵੇਦਾਰ ਪਿਓ ਦੀ ਚਿੱਟੀ ਪੱਗ ਤੋਂ ਅਗਾਂਹ ਨਹੀਂ ਸੋਚਦਾ ਪਤਾ ਨਹੀਂ ਕਿਉਂ ?

ਤੇ ਓਧਰ ਉਹ ਜਿਹੜਾ ਕਦੀ ਬੋਹੜ ਤੇ ਚੜ੍ਹ ਕੇ ਗਾਉਂਦਾ ਹੈ। ਸਿਖਰ-ਦੁਪਹਿਰੇ ਪਿੰਡ ਦੀਆਂ ਰੇਹ ਖਾਧੀਆਂ ਕੰਧਾਂ ਨੂੰ ਘੂਰਦਾ ਹੈ। ਕੰਮੀਆਂ ਦੇ ਵਿਹੜੇ ਦੀਆਂ ਲਿਓੜ ਖਾਧੀਆਂ ਕੰਧਾਂ ਵਿਚੋਂ ਗੀਤ ਲੱਭਦਾ ਹੈ। ਇਕ ਦਿਨ ਗੁੰਮ ਜਾਂਦਾ ਹੈ। ਕਿੰਨੇ ਦਿਨ ਉਹਦਾ ਕੁਝ ਪਤਾ ਨਹੀਂ ਲਗਦਾ।

ਤੇ ਫੇਰ ਅਚਾਨਕ ਪਰਤ ਆਉਂਦਾ ਹੈ। ਚੁੱਪ ਗੰਭੀਰ ਉਖੜਿਆ ਹੋਇਆ ਚਿਹਰਾ। ਪਰ ਅੱਖਾਂ, ਜਿਵੇਂ ਵਿਚ ਸੂਰਜ ਬਲ ਰਿਹਾ ਹੋਵੇ। ਇਕ ਦਿਨ ਉਹ ਉਠਦਾ ਹੈ। ਤੇ ਸਿਧਾ ਬਿਸਵੇਦਾਰ ਦੀ ਹਵੇਲੀ ਵਲ ਜਾਂਦਾ ਹੈ। ਬੂਹੇ ਉਤੇ ਦਸਤਕ ਦਿੰਦਾ ਹੈ। ਬਿਸਵੇਦਾਰ ਬਾਹਰ ਆਉਂਦਾ ਹੈ—'ਦੱਸ ਕਿਵੇਂ ਆਇਆ ਏਂ ?' ਹੱਥ ਵਿਚਲੀ ਦੁਨਾਲੀ ਆਪਣੇ ਆਪ ਸੰਭਲ ਜਾਂਦੀ ਹੈ। 'ਦਸ ਜ਼ਰਾ ਜਲਦੀ।'

'ਮੈਂ ਰੰਗਲੇ ਪਲੰਘ ਤੇ ਬੈਠੇ ਗੀਤ ਨਾਲ ਗਲ ਕਰਨੀ ਹੈ।' ਉਹ ਆਖਦਾ ਹੈ। ਤੇ ਅਕਾਸ਼ ਵੱਲ ਝਾਕਣ ਲਗ ਜਾਂਦਾ ਹੈ।

'ਜਿੰਦਰ ਜੀਤ ਦੀ ਗਲ ਕਰਦਾ ਏਂ।' ਹੁਣ ਬਿਸਵੇਦਾਰ ਨਹੀਂ ਉਹਦੀ ਦੁਨਾਲੀ ਪੁੱਛਦੀ ਹੈ।

'ਹਾਂ' ਬੋਹੜ ਉਤਲਾ ਗੀਤ ਨਿਧੱੜਕ ਜੁਆਬ ਦਿੰਦਾ ਹੈ।

ਤੇ ਉਂਜ ਦੀ ਉਂਜ ਫੇਰ...ਮੋਰ ਕੈਂ ਕੈਂ ਕਰ ਰਹੇ ਹਨ ਤੇ ਬੁੱਢੇ ਵਾਹਗੁਰੂ ! ਵਾਹਗੁਰੂ !! ਪਰ ਐਤਕਾਂ ਗਲ ਪਹਿਲਾਂ ਵਾਂਗ ਹੀ ਨਹੀਂ ਮੁਕਦੀ।

ਹੁਣ ਦੁਨਾਲੀ ਰੰਗਲੇ ਪਲੰਘ ਤੇ ਬੈਠੇ ਗੀਤ ਦੇ ਹੱਥ ਵਿਚ ਹੈ। ਹੋਰ ਨਾਲ ਗੀਤ ਆਪਣੇ ਬਿਸਵੇਦਾਰ ਪਿਓ ਨੂੰ ਪੁੱਛਦਾ ਹੈ।

'ਤੂੰ ਦਸ ਇਹ ਹਿਰਨਾਂ ਦੇ ਸਿਰ ਡਰਾਇੰਗ-ਰੂਮ ਵਿਚ ਕਿਉਂ ਨੇ ?'

'.........'

'ਤੂੰ ਦਸ ਕੰਮੀਆਂ ਦੇ ਕਿਸੇ ਮੁੰਡੇ ਨਾਲ ਮੀਟਿੰਗਾਂ ਵਿਚ ਸ਼ਾਮਲ ਹੋਣਾ ਕਿਵੇਂ ਪਾਪ ਹੁੰਦਾ ਹੈ। ਜਿਸਦੇ ਬਦਲੇ ਮੈਨੂੰ ਕਾਲਜ ਵਿਚੋਂ ਹਟਾ ਕੇ ਇਥੇ ਕੈਦ ਕਰ ਰਖਿਆ ਹੈ ?'... ...

'ਤੇ ਬੋਹੜ ਉਤਲਾ ਉਹ ਗੀਤ ਕਿਉਂ ਕਤਲ ਕੀਤਾ ਏ ਤੇ ਕੰਮੀਆਂ ਦੇ ਵਿਹੜੇ ਵਿਚਲਾ ਚਾਨਣ ਕਿਉਂ ਗੁੰਮ ਏ ?'

ਤੇ ਫੇਰ...

ਅਗਲੇ ਦਿਨ ਬੋਹੜ ਉਤੇ ਕੋਈ ਗੀਤ ਨਹੀਂ ਸੀ ! ਸਿਰਫ ਕੁੱਝ ਅਫਵਾਹਾਂ ਸਨ—ਜਿਹੜੀਆਂ ਸੁੱਕੇ ਪਤਿਆਂ ਵਾਂਗ ਏਧਰ ਉਧਰ ਉੱਡ ਰਹੀਆਂ ਸਨ। ਇਕ ਅਫਵਾਹ ਹਵੇਲੀ ਵਿਚਲੀ ਸ਼ਿੰਦਰ ਜੀਤ ਬੋਹੜ ਉਤਲੇ ਗੀਤ ਨਾਲ ਮੀਟਿੰਗ ਵਿਚ ਹਿੱਸਾ ਲਿਆ ਕਰਦੀ ਸੀ। ਤੇ ਬੁੱਢੇ ਬਿਸਵੇਦਾਰ ਨੂੰ ਇਹ ਗਲ ਇਕ ਅੱਖ ਨਹੀਂ ਸੀ ਭਾਉਂਦੀ।

ਦੂਜੀ ਅਫਵਾਹ—ਗੁਰਸ਼ਰਨ ਨੂੰ ਪੁਲਸ ਨੇ ਕਿਸੇ ਬਿਸਵੇਦਾਰ ਦੇ ਕਹਿਣ ਤੇ ਫੜਿਆ ਸੀ . ਪਿੰਡ ਆਉਣ ਤੱਕ ਉਹ ਅੱਧਾ ਪਾਗਲ ਹੋ ਚੁੱਕਾ ਸੀ।

ਤੀਜੀ ਅਫਵਾਹ—ਕੰਮੀਆਂ ਦੇ ਵਿਹੜੇ ਵਿਚਲਾ ਕਰਮਾ ਜਾਣਦਾ ਸੀ ਕਿ ਇਕ ਦਿਨ...ਪਰ ਸ਼ਿੰਦਰ ਜੀਤ ਕਾਹਲੀ ਤੋਂ ਕੰਮ ਨਹੀਂ ਸੀ ਲੈਣਾ ਚਾਹੁੰਦੀ।

ਤੇ ਫੇਰ ਬੱਸ....

ਪਿੰਡ ਵਿਚ ਇਸਦਾ ਫਰਕ ਪਿਆ ਤਾਂ ਬਸ ਐਨਾ ਕਿ ਲੋਕ ਹੁਣ ਹਵੇਲੀ ਨੂੰ ਕਹਿਰੀਆਂ ਅੱਖਾਂ ਨਾਲ ਵੇਖਣ ਲੱਗ ਪਏ ਸਨ।

ਮਕਾਨ ਨੰ: 586 ਸਿਵਲ ਲਾਈਨਜ਼, ਮੋਗਾ

ਕਹਾਣੀ—

## ਤੁਰਦੇ ਚਰਾਗ/ਬਲਬੀਰ ਸਿੰਘ 'ਚਾਹਲ'

ਦੀਪਾਂ ਬਹੁਤ ਉਦਾਸ ਸੀ ਜਦੋਂ ਦਾ ਉਸ ਨੇ ਗੁਰਨੇਕ ਦਾ ਪੁਲਸ ਮੁਕਾਬਲੇ ਵਿਚ ਮਾਰਿਆ ਜਾਣਾ ਸੁਣਿਆ ਸੀ। ਉਸ ਦਾ ਨਾ ਕੁਝ ਖਾਣ ਨੂੰ ਜੀ ਕਰਦਾ ਨਾ ਹੀ ਪਹਿਨਣਾ ਉਸਨੂੰ ਚੰਗਾ ਲਗਦਾ। ਲਗਾਰ ਵਰਗੀ ਦੀਪਾਂ ਜਿਸਦੇ ਚਿਹਰੇ ਤੋਂ ਲਾਲੀ ਡੁਲ੍ਹਕ ਪੈਂਦੀ ਸੀ ਕੁਝ ਹੀ ਦਿਨਾਂ ਵਿਚ ਇੰਜ ਜਾਪਣ ਲਗ ਪਈ ਜਿਸ ਤਰ੍ਹਾਂ ਕੋਈ ਤਪਦਿਕ ਦਾ ਪੁਰਾਣਾ ਮਰੀਜ਼ ਹੁੰਦਾ ਹੈ। ਗੁਰਨੇਕ ਹੀ ਉਸਦੀਆਂ ਸੋਚਾਂ ਦਾ ਧੁਰਾ ਬਣਿਆ ਰਹਿੰਦਾ ਤੇ ਸੋਚਦੀ ਰਹਿੰਦੀ ਕਿ ਆਖਰ ਕਿਹੜੀ ਗਲ ਪਿਛੇ ਉਸਨੂੰ ਪੁਲਸ-ਮੁਕਾਬਲਾ ਕਰਨਾ ਪਿਆ। ਜਦੋਂ ਉਸਦੀਆਂ ਸਹੇਲੀਆਂ ਦਸਦੀਆਂ ਕਿ ਗੁਰਨੇਕ ਨੂੰ ਪੁਲਸ ਨੇ ਫੜਕੇ ਮਾਰ ਦਿਤਾ ਹੈ ਤੇ ਪੁਲਸ-ਮੁਕਾਬਲਾ ਤਾਂ ਇਕ ਝੂਠੀ ਕਹਾਣੀ ਹੀ ਹੈ ਤਾਂ ਉਸਦੀ ਸੋਚ ਜੁਆਬ ਹੀ ਦੇ ਜਾਂਦੀ। ਇਸ ਤਰ੍ਹਾਂ ਉਹਦੇ ਸਾਲਾਂ ਜਿੱਡੇ ਜਿੱਡੇ ਕਈ ਦਿਨ ਲੰਘ ਗਏ।

ਦੀਪਾਂ ਬੀ.ਏ. ਦੀ ਵਿਦਿਆਰਥਣ ਸੀ ਤੇ ਗੁਰਨੇਕ ਉਸਦਾ ਕਲਾਸ-ਫੈਲੋ। ਜਦੋਂ ਦੀ ਉਹ ਕਾਲਜ ਵਿਚ ਦਾਖਲ ਹੋਈ ਸੀ ਉਦੋਂ ਤੋਂ ਹੀ ਗੁਰਨੇਕ ਨਾਲ ਖਾਸ ਲਗਾਉ ਜਿਹਾ ਸੀ। ਗੁਰਨੇਕ ਜੱਟਾਂ ਦਾ ਮੁੰਡਾ, ਬਹੁਤ ਹੀ ਸਾਊ, ਪੜ੍ਹਾਈ ਵਿਚ ਸਾਰੀ ਜਮਾਤ ਵਿਚੋਂ ਹੁਸ਼ਿਆਰ ਤੇ ਕਬੱਡੀ ਦਾ ਬਹੁਤ ਹੀ ਤਕੜਾ ਖਿਡਾਰੀ ਸੀ। ਕਿਉਂਕਿ ਦੀਪਾਂ ਵੀ ਕਾਲਜ ਦੀ ਐਥਲੀਟ ਸੀ ਇਸ ਲਈ ਦੋਨਾਂ ਦਾ ਮੇਲ ਅਕਸਰ ਕਾਲਜ ਦੀ ਗਰਾਊਂਡ ਵਿਚ ਹੁੰਦਾ ਹੀ ਰਹਿੰਦਾ। ਦੋ ਜੁਆਨ ਦਿਲਾਂ ਦੀ ਧੜਕਣ ਸਾਂਝਾਂ ਦਾ ਰੰਗ ਲਿਆਈ ਤੇ ਆਪਸ ਵਿਚ ਬਹੁਤ ਹੀ ਨੇੜੇ ਹੋ ਗਏ। ਕਾਲਜ ਵਿਚ ਉਨ੍ਹਾਂ ਦੀਆਂ ਗਲਾਂ ਹੁੰਦੀਆਂ ਪਰ ਕਦੀ ਵੀ ਕਿਸੇ ਨੇ ਉਨ੍ਹਾਂ ਦੀ ਸਭਿਅਤਾ ਤੋਂ ਹੀਣ ਕੋਈ ਗਲ ਨਾ ਦੇਖੀ। ਦੀਪਾਂ ਦਾ ਛੋਟਾ ਭਰਾ ਗੁਰਦੀਪ ਜਿਹੜਾ ਦੂਜੇ ਸਾਲ ਦਾ ਵਿਦਿਆਰਥੀ ਸੀ, ਉਹ ਦੀਪਾਂ ਤੋਂ ਵੀ ਵੱਧ ਗੁਰਨੇਕ ਦਾ ਸਤਿਕਾਰ ਕਰਦਾ। ਸਾਰੇ ਪ੍ਰੋਫੈਸਰ ਤੇ ਵਿਦਿਆਰਥੀ ਗੁਰਨੇਕ ਨੂੰ ਬਹੁਤ ਹੀ ਚੰਗਾ ਸਮਝਦੇ ਸਨ। ਆਪਣੀ ਸਟੂਡੈਂਟ

ਯੂਨੀਅਨ ਦਾ ਸਰਬ ਸੰਮਤੀ ਨਾਲ ਪ੍ਰਧਾਨ ਚੁਣੇ ਜਾਣਾ ਵੀ ਕੋਈ ਘਟ ਮਾਣ ਵਾਲੀ ਗਲ ਨਹੀਂ ਸੀ। ਉਹ ਹਰ ਇਕ ਸਟੂਡੈਂਟ ਲਹਿਰ ਵਿਚ ਮੋਹਰੀ ਹੁੰਦਾ। ਇਸ ਤਰ੍ਹਾਂ ਇਕੋ ਕਾਲਜ ਵਿਚ ਤੇ ਇਕੋ ਜਮਾਤ ਵਿਚ ਪੜ੍ਹਦਿਆਂ ਉਨ੍ਹਾਂ ਨੂੰ ਹੁਣ ਚੌਥਾ ਸਾਲ ਹੋ ਗਿਆ ਸੀ।

ਭਾਵੇਂ ਗੁਰਨੇਕ ਦਾ ਇਹ ਬੀ.ਏ. ਫਾਈਨਲ ਸੀ ਪਰ ਹੁਣ ਉਹ ਪੜ੍ਹਾਈ ਵਿਚ ਕੋਈ ਖਾਸ ਦਿਲਚਸਪੀ ਨਾ ਲੈਂਦਾ। ਗਰਾਊਂਡ ਵਿਚ ਖੇਡਣ ਜਾਣਾ ਤਾਂ ਉਸਨੇ ਉੱਕਾ ਹੀ ਛੱਡ ਦਿਤਾ ਸੀ ਤੇ ਕਈ ਵਾਰੀ ਉਹ ਕਾਲਜ ਵਿਚੋਂ ਗੈਰ-ਹਾਜ਼ਰ ਵੀ ਰਹਿੰਦਾ। ਦੀਪਾਂ ਜਦ ਉਸਨੂੰ ਇਸਦਾ ਕਾਰਨ ਪੁੱਛਦੀ ਤਾਂ ਉਹ ਐਵੇਂ ਹੀ ਉਸਨੂੰ ਟਾਲਣ ਦੀ ਕੋਸ਼ਿਸ਼ ਜਿਹੀ ਕਰਦਾ। ਦੀਪਾਂ ਜ਼ਿਦੇ ਪੈ ਜਾਂਦੀ ਤੇ ਆਖਦੀ ਤੁਹਾਡੇ ਚਿਹਰੇ ਤੇ ਚਿੰਤਾ ਦੀਆਂ ਲਕੀਰਾਂ ਦੇਖਦੀ ਹਾਂ ਤੁਹਾਨੂੰ ਜ਼ਰੂਰ ਕੋਈ ਚਿੰਤਾ ਹੈ ਤੇ ਤੁਸੀਂ ਮੈਥੋਂ ਲਕੋ ਰਖਦੇ ਹੋ ਮੈਂ ਤੁਹਾਡੀ ਚਿੰਤਾ ਵਿਚ ਸ਼ਰੀਕ ਹੋਣ ਦਾ ਕੋਈ ਹੱਕ ਨਹੀਂ ਰਖਦੀ ? ਤਾਂ ਗੁਰਨੇਕ ਉਸਨੂੰ ਬਜ਼ੁਰਗਾਂ ਵਾਂਗ ਸਮਝਾਉਣ ਲਗਦਾ। 'ਦੇਖ ਦੀਪਾਂ ਮੈਨੂੰ ਆਪਣੀ ਕੋਈ ਚਿੰਤਾ ਨਹੀਂ ਜੇ ਮੈਨੂੰ ਚਿੰਤਾ ਹੈ ਤਾਂ ਉਨ੍ਹਾਂ ਮੇਰੇ ਸਾਥੀਆਂ ਦੀ ਜਿਨ੍ਹਾਂ ਦੇ ਗਰੀਬ ਮਾਪਿਆਂ ਨੇ ਕਰਜ਼ੇ ਚੁਕ ਕੇ ਪੜ੍ਹਾਇਆ ਤੇ ਉਹ ਮਾਪੇ ਕਿੰਨੀਆਂ ਆਸਾਂ ਲਾਈ ਬੈਠੇ ਹੋਣਗੇ ਇਨ੍ਹਾਂ ਤੇ। ਇਥੇ ਇੰਨੀ ਬੇਰੁਜ਼ਗਾਰੀ ਏ ਕਿ ਉਹ ਨਾ ਘਰ ਦੇ ਰਹਿਣਗੇ ਨਾ ਘਾਟ ਦੇ। ਇਥੇ ਤਾਂ ਇੰਜੀਨੀਅਰ ਤੇ ਡਾਕਟਰ ਬੇਕਾਰ ਫਿਰਦੇ ਹਨ ਹੋਰ ਕਿਸੇ ਨੂੰ ਕਿਥੋਂ ਕੰਮ ਮਿਲਣਾ ਹੈ। ਇਹ ਸਰਮਾਏਦਾਰ ਟੋਲਾ ਇਥੋਂ ਦੀ ਸਾਰੀ ਜਨਤਾ ਨੂੰ ਭੁਖਿਆਂ ਮਾਰਨਾ ਚਾਹੁੰਦਾ ਹੈ ਤੇ ਅਸੀਂ ਇਸ ਸਰਮਾਏਦਾਰੀ ਯੁਗ ਵਿਚ ਘੁੱਟ ਘੁੱਟ ਕੇ ਤਾਂ ਮਰ ਜਾਂਦੇ ਹਾਂ ਪਰ ਇਸ ਚੰਦਰੇ ਯੁਗ ਨੂੰ ਬਦਲਣ ਲਈ ਕੋਈ ਉਪਰਾਲਾ ਨਹੀਂ ਕਰਦੇ।' ਗੁਰਨੇਕ ਗਲਾਂ ਕਰਦਾ ਕਰਦਾ ਕਿਸੇ ਡੂੰਘੀ ਸੋਚ ਵਿਚ ਡੁੱਬ ਜਾਂਦਾ ਪਰ ਦੀਪਾਂ ਦੇ ਕੁਝ ਵੀ ਪਲੇ ਨਾ ਪੈਂਦਾ।

ਇਕ ਦਿਨ ਜਦੋਂ ਗੁਰਨੇਕ ਜਮਾਤ ਵਿਚ ਬੈਠਾ ਸੀ ਚਪੜਾਸੀ ਦੇ ਹੱਥ ਇਕ ਚਿੱਟ ਆਈ ਤੇ ਉਹ ਦੇਖਦੇ ਸਾਰ ਛੁੱਟੀ ਲੈਕੇ ਚਲਾ ਗਿਆ। ਇਸ ਤਰ੍ਹਾਂ ਕਈ ਵਾਰ ਫੇਰ ਵੀ ਦੀਪਾਂ ਨੇ ਇੰਜ ਹੀ ਉਸਨੂੰ ਛੁੱਟੀ ਲੈਕੇ ਜਾਂਦਿਆਂ ਤੱਕਿਆ ਤਾਂ ਦੀਪਾਂ ਨੇ ਮਨ ਹੀ ਮਨ ਵਿਚ ਸੋਚਿਆ ਕਿ ਹੁਣ ਦੇਖਾਂਗੀ ਇਹ ਕਿਸ ਦੀ ਚਿੱਟ ਤੇ ਛੁੱਟੀ ਲੈਕੇ ਬਾਹਰ ਜਾਂਦਾ ਹੈ। ਇਕ ਦਿਨ ਜਦੋਂ ਗੁਰਨੇਕ ਛੁੱਟੀ ਲੈਕੇ ਗਿਆ ਤਾਂ ਦੀਪਾਂ ਵੀ ਗੁਰਨੇਕ ਦੇ ਪਿਛੇ ਕਿਸੇ ਬਹਾਨੇ ਛੁੱਟੀ ਲੈਕੇ ਨਿਕਲ ਤੁਰੀ। ਗੁਰਨੇਕ ਗੇਟ ਵਲ ਜਾਣ ਦੀ ਬਜਾਏ ਕਾਲਜ ਦੇ ਪਿਛਲੇ ਪਾਸੇ ਹੋਸਟਲ ਵਲ ਤੁਰਿਆ ਜਾ ਰਿਹਾ ਸੀ ਤੇ ਦੀਪਾਂ ਉਸਦੇ ਪਿਛੇ ਪਿਛੇ ਜਦੋਂ ਹੀ ਉਹ ਛੋਟੇ ਦਰਵਾਜ਼ੇ ਵਿਚੋਂ ਬਾਹਰ ਨਿਕਲਿਆ ਤਾਂ ਦੀਪਾਂ ਨੇ ਕੰਧ ਉਤੋਂ ਕੀ ਦੇਖਿਆ ਕਿ ਉਹ ਇਕ ਮੁੱਕੇ ਜਿਹੇ ਬਾਬੂ ਨਾਲ ਗੱਲਾਂ ਕਰ ਰਿਹਾ ਸੀ। ਦੀਪਾਂ ਨੇ ਪਹਿਲਾਂ ਵੀ ਕਈ ਵਾਰੀ ਉਸ ਬਾਬੂ ਨੂੰ ਕਾਲਜ ਦੇ ਨੇੜੇ ਫਿਰਦਿਆਂ ਤਕਿਆ ਸੀ। ਉਸ ਸੋਚਿਆ ਕਿ ਇਹ ਬਾਬੂ ਜ਼ਰੂਰ ਕੋਈ ਦੁਕਾਨਦਾਰ ਹੋਵੇਗਾ ਤੇ ਇਸਨੇ ਗੁਰਨੇਕ ਤੋਂ ਪੈਸੇ ਲੈਣੇ ਹੋਣਗੇ ਨਹੀਂ ਤਾਂ ਕੀ ਲੋੜ ਸੀ ਇਸ ਤਰ੍ਹਾਂ ਚੋਰਾਂ ਵਾਂਗ ਮਿਲਣ ਦੀ ਦੀਪਾਂ ਇਹ ਸੋਚਕੇ ਵਾਪਸ ਕਲਾਸ ਵਿਚ ਆ ਗਈ। ਰਾਤ ਨੂੰ ਦੀਪਾਂ ਨੇ ਆਪਣੇ ਭਰਾ ਗੁਰਦੀਪ ਨੂੰ ਵੀ ਇਹ ਸਾਰੀ ਗੱਲ ਸੁਣਾਈ। ਦੋਨੋ ਭੈਣ ਭਰਾਵਾਂ ਨੇ ਸਲਾਹ ਕੀਤੀ ਕਿ ਜੇ ਗੁਰਨੇਕ ਨੇ ਕੋਈ ਉਧਾਰ ਵਗੈਰਾ ਦੇਣਾ ਹੋਵੇਗਾ ਤਾਂ ਉਹ ਜ਼ਰੂਰ ਉਸਦੀ ਸਹਾਇਤਾ ਕਰਨਗੇ। ਇਹੋ ਸੋਚਕੇ ਕਿ ਕਲ ਉਹ ਕਾਲਜ ਵਿਚ ਉਸਨੂੰ ਮਿਲ ਲੈਣਗੇ ਆਪਣੀ ਪੜ੍ਹਾਈ ਵਿਚੇ ਛੱਡਕੇ ਸੌਂ ਗਏ। ਪਰ ਦੂਸਰੇ ਦਿਨ ਵੀ ਗੁਰਨੇਕ ਕਾਲਜ ਨਹੀਂ ਆਇਆ ਸੀ ਦੂਜੇ ਦਿਨ ਸ਼ਾਮ ਨੂੰ ਗੁਰਦੀਪ ਉਸਦੇ ਪਿੰਡ ਪਤਾ ਕਰਨ ਗਿਆ ਪਰ ਗੁਰਨੇਕ ਘਰ ਵੀ ਨਹੀਂ ਆਇਆ ਸੀ। ਇਸ ਤਰ੍ਹਾਂ ਕਈ ਦਿਨ ਦੀਪਾਂ ਕਾਲਜ ਵਿਚ ਦੇਖਦੀ ਰਹੀ ਕਿ ਕਦੋਂ ਗੁਰਨੇਕ ਆਵੇ ਤਾਂ ਉਸ ਨਾਲ ਗਲਾਂ ਕਰ ਸਕੇ।

ਪਰ ਅਚਾਨਕ ਇਕ ਦਿਨ ਖਬਰ ਆਈ ਕਿ ਗੁਰਨੇਕ ਪੁਲਸ ਮੁਕਾਬਲੇ ਵਿਚ ਮਾਰਿਆ ਗਿਆ ਹੈ। ਰੋਸ ਵਜੋਂ ਕਾਲਜ ਦੇ ਸਾਰੇ ਵਿਦਿਆਰਥੀਆਂ ਹੜਤਾਲ ਕਰ ਦਿਤੀ ਉਹ ਇਨਕੁਆਰੀ ਦੀ ਮੰਗ ਕਰ ਰਹੇ ਸਨ। ਇਲਾਕਾ ਮੈਜਿਸਰੇਟ ਨੇ ਇਨਕੁਆਰੀ ਸ਼ੁਰੂ ਕਰਕੇ ਹੜਤਾਲ

ਖਤਮ ਕਰਵਾ ਦਿਤੀ ਸੀ, ਦੀਪਾਂ ਨੂੰ ਦਿਨ ਰਾਤ ਚੈਣ ਨਾ ਆਉਂਦਾ, ਸੋਚਦੀ ਰਹਿੰਦੀ ਉਹ ਕੀ ਕਰੇ। ਇਕ ਦਿਨ ਗੁਰਦੀਪ ਨੇ ਆਕੇ ਦਸਿਆ ਕਿ ਦੀਪਾਂ ਉਸ ਦਿਨ ਵਾਲਾ ਬਾਬੂ ਮੈਨੂੰ ਆਪ ਮਿਲਿਆ ਸੀ। ਉਹ ਕੋਈ ਦੁਕਾਨਦਾਰ ਨਹੀਂ, ਉਹ ਤਾਂ ਗੁਰਨੇਕ ਦਾ ਗੁਰੂ ਹੈ। ਤੈਨੂੰ ਮਿਲਣਾ ਚਾਹੁੰਦਾ ਹੈ। ਜੇ ਤੂੰ ਚਾਹੇਂ ਤਾਂ ਅਜ ਹੀ ਰਾਤ ਮਿਲ ਸਕਦੀ ਏਂ। ਮੈਂ ਤੇਰੇ ਨਾਲ ਚਲਾਂਗਾ। ਦੀਪਾਂ ਤੇ ਗੁਰਦੀਪ ਉਸ ਖੂਹ ਤੇ ਸਨ। ਜਿਥੇ ਬਾਬੂ ਨੇ ਉਨ੍ਹਾਂ ਨੂੰ ਮਿਲਣ ਆਉਣਾ ਸੀ। ਥੋੜੀ ਜਿਹੀ ਉਡੀਕ ਤੋਂ ਬਾਅਦ ਉਹ ਆ ਗਿਆ। ਦੀਪਾਂ ਨੇ ਸਤਿ ਸ੍ਰੀ ਅਕਾਲ ਬੁਲਾਈ ਤੇ ਬਾਬੂ ਦੇ ਸਾਹਮਣੇ ਹੋ ਕੇ ਬੈਠ ਗਈ।

ਦੀਪਾਂ ਤੂੰ ਮੈਨੂੰ ਗੁਰਨੇਕ ਬਾਰੇ ਪੁਛਣਾ ਚਾਹੁੰਦੀ ਹੋਵੇਂਗੀ, ਬਾਬੂ ਨੇ ਕਿਹਾ। ਦੀਪਾਂ ਨੇ ਸਿਰ ਹਿਲਾਇਆ ਪਰ ਮੂੰਹੋਂ ਕੁਝ ਨਾ ਬੋਲ ਸਕੀ। ਗੁਰਨੇਕ ਇਕ ਹੀਰਾ ਸੀ ਦੀਪਾਂ ਬਾਬੂ ਨੇ ਕਹਿਣਾ ਸ਼ੁਰੂ ਕੀਤਾ। 'ਉਸਦੇ ਦਿਲ ਵਿਚ ਇਥੋਂ ਦੀ ਦਬੀ ਕੁਚਲੀ ਜਾ ਰਹੀ ਜਨਤਾ ਲਈ ਕੁਝ ਕਰਨ ਦੀ ਚਾਹ ਸੀ। ਉਸਨੂੰ ਨੌਜਵਾਨਾਂ ਦੇ ਭਵਿੱਖ ਦੀ ਚਿੰਤਾ ਸੀ। ਉਸਨੇ ਸਮਾਜ ਦੀਆਂ ਰੱਤ ਪੀਣੀਆਂ ਜੋਕਾਂ ਨੂੰ ਤੇ ਬੇਰੁਜ਼ਗਾਰੀ ਦੀ ਜੜ੍ਹ ਨੂੰ ਆਪਣੇ ਸਾਥੀਆਂ ਨਾਲ ਰਲਕੇ ਪੁੱਟਣ ਦਾ ਨਿਸਚਾ ਕੀਤਾ ਸੀ। ਪਰ ਇਥੋਂ ਦੇ ਜ਼ਾਲਮ ਹਾਕਮ ਨੂੰ ਉਸ ਚੰਗਿਆੜੀ ਤੋਂ ਡਰ ਸੀ ਮਤੇ ਭਾਂਬੜ ਬਣ ਜਾਵੇ ਤੇ ਉਨ੍ਹਾਂ ਦੇ ਮਹਿਲਾਂ ਨੂੰ ਸਾੜ ਦੇਵੇ।' ਉਸਨੂੰ ਗੋਲੀ ਦਾ ਨਿਸ਼ਾਨਾ ਬਣਾ ਦਿਤਾ। ਉਹ ਹੁਣ ਦੇ ਸਮੇਂ ਦਾ ਭਗਤ ਸਿੰਘ ਹੈ ਦੀਪਾਂ। ਤੁਹਾਨੂੰ ਭਗਤ ਸਿੰਘ ਦੇ ਉਦੇਸ਼ ਅਪਨਾਉਣੇ ਪੈਣਗੇ। ਬਾਬੂ ਕਹਿ ਰਿਹਾ ਸੀ ਤੇ ਦੀਪਾਂ ਤੇ ਉਸਦਾ ਭਰਾ ਗੌਰ ਨਾਲ ਸੁਣ ਰਹੇ ਸਨ। ਸੋਚਾਂ ਵਿਚ ਵਕਤ ਲੰਘਾਉਣ ਦਾ ਸਮਾਂ ਨਹੀਂ। ਕੁਝ ਕਰਨ ਦਾ ਸਮਾਂ ਹੈ। ਤੂੰ ਆਪਣੇ ਗੁਰਨੇਕ ਦੀ ਥਾਂ ਲੈਣੀ ਹੈ। ਇਹੀ ਤੇਰੇ ਲਈ ਉਸਦਾ ਸੁਨੇਹਾ ਹੈ। ਇਸ ਲਈ ਤੇਰੇ ਤੇ ਬਹੁਤ ਜ਼ੁੰਮੇਵਾਰੀਆਂ ਹਨ। ਬਾਬੂ ਉਠਕੇ ਖਲੋ ਗਿਆ ਤੇ ਕਹਿਣ ਲੱਗਾ, ਸਮਾਂ ਬਹੁਤ ਘੱਟ ਹੈ। ਤੂੰ ਆਪਣੀ ਯੂਨੀਅਨ ਨੂੰ ਪੈਰਾਂ ਤੇ ਖੜੇ ਰਖਣਾ ਹੈ। ਮੈਂ ਆਏ ਦਿਨ ਤੈਨੂੰ ਮਿਲਦਾ ਰਹਾਂਗਾ ਕਹਿੰਦਾ ਹੋਇਆ ਬਾਬੂ ਤੁਰ ਗਿਆ।

ਦੂਸਰੇ ਹੀ ਦਿਨ ਦੀਪਾਂ ਨੇ ਕਾਲਜ ਜਾਕੇ ਗੁਰਨੇਕ ਦੇ ਸਾਰੇ ਸਾਥੀਆਂ ਨੂੰ ਇਕੱਠਾ ਕੀਤਾ ਤੇ ਕਿਹਾ ਕਿ ਵੀਰੋ ਗੁਰਨੇਕ ਦੀ ਰੂਹ ਨੂੰ ਸ਼ਾਂਤੀ ਨਹੀਂ ਆਵੇਗੀ ਜੇ ਅਸੀਂ ਉਸਦੇ ਉਦੇਸ਼ ਤੋਂ ਥਿੜਕ ਗਏ। ਅਸੀਂ ਆਪਣੀ ਜਥੇਬੰਦੀ ਨੂੰ ਮਜ਼ਬੂਤ ਕਰੀਏ ਤੇ ਉਸ ਵੈਰੀ ਦਾ ਮੂੰਹ ਭੰਨ ਦੇਈਏ। ਜਿਸਨੇ ਸਾਥੋਂ ਗੁਰਨੇਕ ਵਰਗਾ ਹੀਰਾ ਖੋਹ ਲਿਆ। ਆਓ ਅਸੀਂ ਪ੍ਰਣ ਕਰੀਏ। ਕਿ ਅਸੀਂ ਸਾਰੇ ਉਦੋਂ ਤਕ ਚੈਣ ਨਾਲ ਨਹੀਂ ਬੈਠਾਂਗੇ ਜਦੋਂ ਤਕ ਇਸ ਗਲਤ ਨਜ਼ਾਮ ਤੇ ਇਹਨਾਂ ਬੁਰਛੇ ਬਘਿਆੜਾਂ ਨੂੰ ਖਤਮ ਨਹੀਂ ਕਰ ਲੈਂਦੇ। ਕੁੜੀ ਦੇ ਮੂੰਹੋਂ ਬੋਲਿਆ ਗਿਆ ਇਕ ਇਕ ਅੱਖਰ ਨੌਜਵਾਨਾਂ ਦੀ ਅਣਖ ਨੂੰ ਹਲੂਣਾ ਦੇ ਗਿਆ ਸਾਰਿਆਂ ਦੀਆਂ ਬਾਹਾਂ ਉਤਾਂਹ ਅਕਾਸ਼ ਵਲ ਉਚੀਆਂ ਹੋ ਗਈਆਂ। ਸ਼ਾਮ ਨੂੰ ਸਾਰੇ ਵਿਦਿਆਰਥੀਆਂ ਦੀ ਮੀਟਿੰਗ ਹੋਈ। ਜਿਸ ਵਿਚ ਦੀਪਾਂ ਨੂੰ ਸਰਬ ਸੰਮਤੀ ਨਾਲ ਪ੍ਰਧਾਨ ਚੁਣ ਲਿਆ ਗਿਆ।

ਹੁਣ ਜਦੋਂ ਦੀਪਾਂ ਬਾਬੂ ਨੂੰ ਮਿਲਣ ਗਈ ਤਾਂ ਇਕੱਲੀ ਨਹੀਂ ਸੀ। ਉਸ ਨਾਲ ਗੁਰਦੀਪ ਤੇ ਹੋਰ ਬਹੁਤ ਸਾਰੇ ਨੌਜਵਾਨ ਸਨ। ਦੋ ਘੰਟੇ ਬਾਬੂ ਨੇ ਅਜ ਦੇ ਸਮੇਂ ਦੇ ਹਾਲਾਤ ਤੇ ਉਹਨਾਂ ਦੇ ਫਰਜ਼ਾਂ ਬਾਰੇ ਵਿਸਥਾਰ ਨਾਲ ਚਾਨਣਾ ਪਾਇਆ ਤੇ ਸਾਰਿਆਂ ਨੂੰ ਆਪਸੀ ਵਿਚਾਰ-ਵਟਾਂਦਰੇ ਲਈ ਇਕੱਠੇ ਹੁੰਦੇ ਰਹਿਣ ਲਈ ਆਖਿਆ। ਸਾਰੇ ਸਹਿਮਤ ਹੋ ਗਏ। ਆਏ ਦਿਨ ਕਲਾਸ ਲੱਗੀ ਰਹਿੰਦੀ। ਇਸ ਤਰ੍ਹਾਂ ਮਹੀਨਾ ਬੀਤ ਗਿਆ। ਦੀਪਾਂ ਨੇ ਹੋਰ ਬਹੁਤ ਸਾਰੇ ਨੌਜਵਾਨਾਂ ਨੂੰ ਉਸ ਕਲਾਸ ਵਿਚ ਜਾਣ ਲਈ ਤਿਆਰ ਕਰ ਲਿਆ। ਦੀਪਾਂ ਦੇ ਬਾਹਰਲੇ ਘਰ ਹੀ ਇਕੱਠੇ ਹੋਣ ਦਾ ਸਮਾਂ ਨੀਯਤ ਹੋ ਗਿਆ ਸੀ। ਅਚਾਨਕ ਬਾਬੂ ਦੇ ਕਹਿਣ ਤੇ ਥਾਂ ਦੀ ਬਦਲੀ ਕਰ ਦਿੱਤੀ। ਦੀਪਾਂ ਆਪਣੇ ਬਾਹਰਲੇ ਘਰ ਬੈਠੀ ਸੀ। ਹਰ ਆਉਣ ਵਾਲੇ ਨੌਜਵਾਨ ਨੂੰ ਬਦਲੀ ਹੋਈ ਥਾਂ ਤੇ ਭੇਜਣ ਦੀ ਉਸਦੀ ਡਿਊਟੀ ਸੀ। ਵਾਰੀ ਵਾਰੀ ਬਹੁਤ ਸਾਰੇ ਨੌਜਵਾਨ ਵਿਦਿਆਰਥੀ ਆਉਂਦੇ ਗਏ ਤੇ ਦੀਪਾਂ ਬਦਲੀ ਹੋਈ ਥਾਂ ਤੇ ਭੇਜਦੀ

ਰਹੀ। ਪਰ ਹਾਲੀ ਉਸਨੂੰ ਹੋਰ ਸਾਥੀ ਆਉਣ ਦੀ ਆਸ ਸੀ। ਦਰਵਾਜ਼ਾ ਖੜਕਿਆ। ਦੀਪਾਂ ਨੇ ਆਪਣੇ ਸਾਥੀ ਸਮਝਕੇ ਦਰਵਾਜ਼ਾ ਖੋਹ'ਲਿਆ, ਪੁਲਸ ਦੀ ਪੂਰੀ ਗਾਰਦ ਸੀ। ਦੀਪਾਂ ਨੂੰ ਹੱਥਕੜੀ ਲਾ ਲਈ ਗਈ। ਸਾਰੇ ਘਰ ਦੀ ਤਲਾਸ਼ੀ ਲਈ ਕੁਝ ਵੀ ਨਹੀਂ ਸੀ ਮਿਲਿਆ। ਪੁਲਸ ਅਫਸਰ ਦੰਦੀਆਂ ਕਰੀਚਦਾ ਪੁਛ ਰਿਹਾ ਸੀ। ਦੂਸਰੇ ਸਾਰੇ ਕਿੱਧਰ ਗਏ ਪਰ ਦੀਪਾਂ ਚੁਪ ਸੀ। ਪੁਲਸ ਅਫਸਰ ਨੇ ਗੱਡੀ 'ਚ ਚੜ੍ਹਨ ਲਈ ਦੀਪਾਂ ਨੂੰ ਡੰਡੇ ਨਾਲ ਇਸ਼ਾਰਾ ਕੀਤਾ। ਉਹ ਸਹਿਮੀ ਜਿਹੀ ਗੱਡੀ ਵਿਚ ਬੈਠ ਗਈ। ਗੱਡੀ ਚਲਣ ਨਾਲ ਉਸਦੀਆਂ ਸੋਚਾਂ ਵੀ ਮੁੜੀਆਂ, ਉਸ ਸੋਚਿਆ ਅਜ ਮੈਂ ਇਕੱਲੀ ਨਹੀਂ। ਮੇਰੇ ਬਹੁਤ ਸਾਰੇ ਸਾਥੀ ਮੇਰੇ ਨਾਲ ਹਨ। ਬੇਸ਼ਕ ਇਹ ਮੈਨੂੰ ਹੁਣ ਗੁਰਨੇਕ ਵਾਲੇ ਰਸਤੇ ਲੰਘਾ ਦੇਣ ਪਰ ਇਹ ਜੋਤ ਹੁਣ ਬੁਝੇਗੀ ਨਹੀਂ। ਇਹ ਸੋਚਕੇ ਉਸਦਾ ਮਨ ਖੁਸ਼ੀ ਨਾਲ ਭਰ ਗਿਆ।

—o—

ਕਹਾਣੀ—

## ਜਨਨੀ/ਮਨਜੀਤ ਢਿਲੋਂ

ਕੁਲਤਾਰ ਸਿੰਘ ਦੇ ਕਤਲ ਦੀ ਖਬਰ ਸਾਰੇ ਪਿੰਡ ਵਿਚ ਵਾ-ਵਰੋਲੇ ਵਾਂਗ ਫਿਰ ਗਈ ਜਿੰਨੇ ਮੂੰਹ ਲੋਕ ਉਨੀਆਂ ਗਲਾਂ ਕਰਨ ਲਗੇ। ਕੋਈ ਕਹਿੰਦਾ ਇਹ ਸੌਹਰੇ ਨੇ ਕੀ ਕੀਤਾ, ਪਹਿਲੋਂ ਉਸ ਨੂੰ ਖਾਂਦਾ ਰਿਹਾ। ਕੋਈ ਹੋਰ ਕਹਿੰਦਾ ਵਈ ਫੇਰ ਵੀ ਆਦਮੀ ਸੀ ਕਿੰਨਾ ਕੁ ਚਿਰ ਜਰਦਾ ਉਂਜ ਪਰ ਏਨੇ ਜੋਗਾ ਦਿਸਦਾ ਤਾਂ ਨਹੀਂ ਸੀ ਤੇ ਕਦੇ ਕੋਲੋਂ ਕੋਈ ਬੁਢਾ ਕਹਿੰਦਾ ਕੀ ਹੋ ਗਿਆ ਹੁਣ ਘੋਰੀ ਜਿਹਾ ਬਣ ਗਿਆ। ਜੁਆਨੀ ਵੇਲੇ ਬੜਾ ਨਰੋਆ ਸੀ ਤੇ ਦਲੇਰ ਵੀ ਪੁਜਕੇ। ਇਕ ਵੇਰ ਓਡਾਂ ਨੇ ਆਕੇ ਆਪਣੇ ਮੋਰੇ 'ਚ ਡੇਰਾ ਲਾ ਲਿਆ ਤੇ ਨਿਤ ਕਿਸੇ ਨਾ ਕਿਸੇ ਦਾ ਖੇਤ ਉਜਾੜ ਦਿਆ ਕਰਨ ਤੇ ਜਦ ਕਿਸੇ ਕਹਿਣਾ ਸਾਲਿਆਂ ਡਾਂਗਾਂ ਲੈਕੇ ਪੈ ਜਾਣਾ, ਕੋਈ ਡਰਦਾ ਉਹਨਾਂ ਮੂਹਰੇ ਸਾਹ ਨਾ ਕਢਦਾ; ਓਡ ਸੀ ਵੀ ਵਈ ਛਵੀਆਂ ਵਰਗੇ ਜੁਆਨ। ਉਹਨਾਂ ਇਸ ਦੇ ਖੇਤ ਵਿਚ ਵੀ ਬਕਰੀਆਂ ਛੱਡ ਦਿਤੀਆਂ ਜਦ ਇਸ ਨੂੰ ਪਤਾ ਲਗਾ ਤਾਂ ਅੱਗ-ਬਗੋਲਾ ਹੋ ਗਿਆ ਕਿ ਉਹਨਾਂ ਮੈਨੂੰ ਕੀ ਸਮਝ ਛਡਿਆ, ਮੈਂ ਮਿਹਨਤ ਉਹਨਾਂ ਵਾਸਤੇ ਤਾਂ ਨਹੀਂ ਕੀਤੀ, ਘਰ ਦਿਆਂ ਦੇ ਹਟਾਉਂਦਿਆਂ ਹਟਾਉਂਦਿਆਂ ਖੂੰਡਾ ਕਢ ਕੇ ਤੁਰ ਪਿਆ, ਮਗਰ ਹੋਰ ਇਹਨਾਂ ਦੇ ਠੁਲ ਦੇ ਆਦਮੀ ਵੀ ਤੁਰ ਪਏ, ਲੜਨ ਨਹੀਂ ਸਗੋਂ ਹਟਾਉਣ ਦੇ ਵਿਚਾਰ ਨਾਲ। ਉਹਨਾਂ ਨੂੰ ਵੇਖ ਕੇ ਹੋਰ ਵੀ ਤੁਰ ਪਏ, ਔਖੇ ਤਾਂ ਸਾਰੇ ਹੀ ਉਹਨਾਂ ਤੋਂ ਸਨ। ਇਸ ਜਾਕੇ ਜਦ ਲਲਕਾਰਾ ਮਾਰਿਆ ਤਾਂ ਓਡਾਂ ਦਾ ਪਹਿਲਾਂ ਮੂੰਹ ਜਿਉਂ ਪਿਆ ਹੋਇਆ ਦੀ ਡਾਂਗਾਂ ਲੈਕੇ ਆ ਗਏ। ਮੁੜ ਉਹ ਡਾਂਗ ਚਲੀ ਕਿ ਪੁਛੋ ਨਾ, ਇਸ ਨੇ ਕਈ ਓਡਾਂ ਦੇ ਸਿਰ ਪਾੜੇ, ਆਪਣੇ ਪਿੰਡੇ ਨੂੰ ਸੱਟੀ ਨਾ ਲਗਣ ਦਿਤੀ ਤੇ ਉਸ ਤੋਂ ਪਿਛੋਂ ਓਡ ਆਪਣੇ ਪਿੰਡ ਨਹੀਂ ਆਏ ਇਹ ਤਾਂ ਸੌਹਰੀ ਅਫੀਮ ਨੇ ਮਗਰੋਂ ਮਰੀਅਲ ਜਿਹਾ ਕਰ ਦਿਤਾ।

ਕੋਈ ਕਹਿੰਦਾ ਐਵੇਂ ਤਾਂ ਨਹੀਂ ਪੀਲੂ ਨੇ ਕਿਹਾ, 'ਹਸਕੇ ਯਾਰ ਮਰਾਉਂਦੀਆਂ ਧੌਣ ਧਰੀਕੇ ਲੱਤ, ਸਾਰਾ ਪਿੰਡ ਹੀ ਹੈਰਾਨ ਸੀ ਕਿ ਇਹ ਹੋ ਕੀ ਗਿਆ, ਪਰ ਕਿਸੇ ਨੂੰ ਅਸਲੀ ਗਲ ਦਾ ਪਤਾ ਨਹੀਂ ਸੀ ਲਗਦਾ। ਲਗਦਾ ਵੀ ਕਿਵੇਂ ? ਅਮਲੀ ਤਾਂ ਗੋਡਿਆਂ ਵਿਚ ਸਿਰ ਪਾਈ ਘਰ ਹੀ ਬੈਠਾ ਸੀ ਤੇ ਕਿਸੇ ਨਾਲ ਕੁਝ ਬੋਲਦਾ ਹੀ ਨਹੀਂ ਸੀ ਤੇ ਸੁਰਜੀਤ ਕੌਰ ਉਸ ਦੇ ਘਰ ਵਾਲੀ ਨੇ ਜੇ ਕੋਈ ਪੁਛਦਾ ਤਾਂ ਕਹਿੰਦੀ ਤੁਸੀਂ ਕੀ ਲੈਣਾ ਹੈ ਜੋ ਹੋਣਾ ਸੀ ਹੋ ਗਿਆ, ਆਪੇ ਪੁਲਸ ਪੜਤਾਲ ਕਰ ਲਵੇਗੀ ਤਾਂ ਬੁੜੀਆਂ ਚੁਪ ਕਰਕੇ ਤੁਰ ਪੈਂਦੀਆਂ ਤੇ ਰਾਹ ਵਿਚ ਇਕ ਦੂਜੀ ਨੂੰ ਕਹਿੰਦੀਆਂ 'ਵੇਖ ਨੀ ਰੰਨ ਦੀ ਮੜਕ ਕਿਵੇਂ ਤੋੜ ਤੋੜ ਜੁਆਬ ਦੇਂਦੀ ਹੈ।'

ਬਾਰਾਂ ਵਜੇ ਤਕ ਨਾ ਕਿਸੇ ਕੁਝ ਖਾਧਾ ਨਾ ਪੀਤਾ, ਪਿੰਡ ਸਾਰਾ ਸਹਿਮਿਆਂ ਸਹਿਮਿਆਂ ਲਗਦਾ ਸੀ ਤੇ ਇੰਨੇ ਨੂੰ ਪੁਲਸ ਆਈ ਤੇ ਆ ਕੇ ਸਾਰਾ ਪਿੰਡ ਅਮਲੀ ਦੇ ਘਰ ਮੂਹਰੇ ਇਕੱਠਾ ਕਰ ਲਿਆ ਕੁਲਤਾਰ ਸਿੰਘ ਪੁਲਸ ਦਾ ਖਾਸ ਆਦਮੀ ਸੀ ਤੇ ਪੁਲਸ ਉਸ ਦੇ ਕਤਲ ਦਾ ਦਿਲੀ ਦੁਖ ਅਨੁਭਵ ਕਰਦੀ ਸੀ। ਡੀ.ਐਸ.ਪੀ. ਨੇ ਅਮਲੀ ਨੂੰ ਪੁਛਿਆ, 'ਇਹ ਕਤਲ ਤੈਂ ਕੀਤਾ ਹੈ ?'

ਅਮਲੀ ਡਡਿਆ ਕੇ ਤੇ ਹਥ ਜੋੜ ਕੇ ਕਹਿਣ ਲਗਾ,

'ਬਚਿਆਂ ਵਾਲਿਆ ਮੈਂ ਨਹੀਂ ਕੀਤਾ, ਮੈਂ ਇੰਨੇ ਜੋਗਾ ਕਿਥੇ ਹਾਂ ? ਮੈਥੋਂ ਤਾਂ ਆਪਣੇ ਨੈਣ ਪ੍ਰਾਣ ਵੀ ਨਹੀਂ ਹਿਲਦੇ ।

ਹੋਰ ਕਿਸ ਕੀਤਾ ਹੈ ? ਡੀ.ਐਸ.ਪੀ. ਨੇ ਡੰਡੇ ਨੂੰ ਘੁਕਾਉਂਦਿਆਂ ਰੋਹਬ ਨਾਲ ਕਿਹਾ ।

ਜੀ ਮੈਨੂੰ ਪਤਾ ਨਹੀਂ, ਮੈਂ ਤਾਂ ਬਾਹਰਲੇ ਵਾੜੇ ਸੁੱਤਾ ਸਾਂ, ਕਹਿਕੇ ਲੀਰਾਂ ਹੋਈ ਪੱਗ ਦੇ ਲੜ ਨਾਲ ਅੱਖਾਂ ਪੂੰਝਣ ਲਗ ਪਿਆ ।

ਡੀ.ਐਸ.ਪੀ. ਨੇ ਪਿੰਡ ਵਾਲਿਆਂ ਨੂੰ ਸੰਬੋਧਨ ਕਰਕੇ ਕਿਹਾ, 'ਵੇਖੋ ਵਈ ਕਤਲ ਇਹਦੇ ਘਰ ਹੋਇਆ ਤੇ ਇਹ ਕਹਿੰਦਾ ਮੈਨੂੰ ਪਤਾ ਨਹੀਂ, ਕਾਤਲ ਮੈਂ ਜ਼ਰੂਰ ਲਭ ਲੈਣਾ, ਭਾਵੇਂ ਤੁਸੀਂ ਉਸ ਨੂੰ ਕਿੰਨਾ ਲੁਕਾਵੋ, ਚੰਗੀ ਗਲ ਤਾਂ ਇਹ ਹੈ ਕਿ ਸਚ ਸਚ ਦਸ ਦਿਓ ਤਾਂ ਕਿ ਮੈਨੂੰ ਸਖਤੀ ਨਾ ਕਰਨੀ ਪਵੇ ।'

ਲੋਕ ਭਾਵੇਂ ਸਾਰੇ ਹੀ ਸੁਰਜੀਤ ਕੌਰ ਤੇ ਕੁਲਤਾਰ ਸਿੰਘ ਦੇ ਸਬੰਧ ਬਾਰੇ ਜਾਣਦੇ ਸਨ, ਪਰ ਆਪਣੇ ਮੂੰਹੋਂ ਕੋਈ ਵੀ ਅਜੇਹੀ ਗਲ ਕਹਿਣਾ ਨਹੀਂ ਸੀ ਚਾਹੁੰਦਾ ਤੇ ਅਖੀਰ ਇਕ ਦੋ ਸਿਆਣੇ ਆਦਮੀਆਂ ਏਨਾ ਹੀ ਕਿਹਾ ਜੀ ਕਤਲ ਜਿੰਨਾ ਦੇ ਘਰ ਹੋਇਆ ਉਹਨਾਂ ਬਿਨਾਂ ਹੋਰ ਕਿਸੇ ਨੂੰ ਕੀ ਪਤਾ ਹੋ ਸਕਦਾ, ਕੁਲਤਾਰ ਸਿੰਘ ਦਾ ਇਹਨਾਂ ਦੇ ਘਰ ਚੰਗਾ ਜਾਣ ਆਉਣ ਸੀ ਜੇ ਅਮਲੀ ਰਾਤ ਘਰ ਨਹੀਂ ਸੀ ਤਾਂ ਇਸ ਦੀ ਘਰ ਵਾਲੀ ਤੋਂ ਪੁਛ ਵੇਖੋ ਸ਼ਾਇਦ ਉਸਨੂੰ ਕਝ ਪਤਾ ਹੋਵੇ ਕਿ ਕਿਸ ਕਤਲ ਕੀਤਾ ।

ਡੀ.ਐਸ.ਪੀ. ਨੇ ਇਕ ਸਿਪਾਹੀ ਅੰਦਰ ਸੁਰਜੀਤ ਕੌਰ ਨੂੰ ਲੈਣ ਲਈ ਭੇਜਿਆ, ਉਹ ਲੋਥ ਤੋਂ ਥੋੜੀ ਦੂਰ ਨੀਵੀਂ ਪਾਈ ਬੈਠੀ ਸੀ ਤੇ ਉਸ ਦੀ ਸੋਚ ਨੇ ਪਿਛਲੇ ਤਿੰਨਾਂ ਸਾਲਾਂ ਦਾ ਇਕ ਇਕ ਦਿਨ ਫਿਲਮੀ ਰੀਲ ਵਾਂਗ ਵੇਖਿਆ, ਸਭ ਤੋਂ ਪਹਿਲਾਂ ਉਹ ਦਿਨ ਜਦ ਉਸ ਦੇ ਘਰ ਫੁਟੀ ਕੌਡੀ ਵੀ ਨਹੀਂ ਸੀ ਤੇ ਅਮਲੀ ਉਸਦੀਆਂ ਸਾਰੀਆਂ ਟੂਮਾਂ ਵੇਚਕੇ ਡੱਬੀ ਵਿਚ ਦੀ ਲੰਘਾ ਚੁੱਕਾ ਸੀ, ਟੂਮਾਂ ਪਿਛੋਂ ਉਸ ਦੇ ਘਰ ਦੇ ਭਾਂਡੇ ਇਕ ਇਕ ਕਰਕੇ ਬਾਣੀਆਂ ਦੀ ਹੱਟੀ ਜਾਣ ਲਗ ਪਏ ਸਨ, ਉਸ ਦੀ ਦਸਾਂ ਸਾਲਾਂ ਦੀ ਕੁੜੀ ਚੌਥੀ ਜਮਾਤ ਪਾਸ ਕਰਕੇ ਪੰਜਵੀਂ ਦੀਆਂ ਕਿਤਾਬਾਂ ਮੰਗਦੀ ਸੀ ਤੇ ਇਕਲੌਤਾ ਪੁੱਤਰ ਦੂਜੀ ਵਿਚ ਹੋ ਗਿਆ ਸੀ ਤੇ ਨਿਤ ਆਕੇ ਚਪੇੜਾਂ ਨਾਲ ਲਾਲ ਹੋਈਆਂ ਗਲ੍ਹਾਂ ਵਿਖਾਕੇ ਕਹਿੰਦਾ ਬੇਬੇ ਕਿਤਾਬਾਂ ਲੈ ਦੇ ਤਾਂ ਸੁਰਜੀਤ ਕੌਰ ਦੇ ਕਲੇਜੇ ਦਾ ਰੁਗ ਭਰਿਆ ਜਾਂਦਾ ਤੇ ਸੋਚਦੀ ਮੈਂ ਸੱਚੀਂ ਆਪਣੇ ਬਚਿਆਂ ਨੂੰ ਕਿਤਾਬਾਂ ਨਹੀਂ ਲੈਕੇ ਦੇ ਸਕਾਂਗੀ । ਕੀ ਇਹ ਵੀ ਅਨਪੜ੍ਹ ਰਹਿਕੇ ਆਪਣੇ ਪਿਓ ਵਾਂਗ...। ਤੇ ਫੇਰ ਉਸ ਦੀ ਰੂਹ ਕੰਬ ਜਾਂਦੀ ਅਤੇ ਫੇਰ ਉਸਨੂੰ ਆਟੇ ਵਾਲੇ ਖਾਲੀ ਤੋੜੇ ਦਿਸੇ ਜਿਨ੍ਹਾਂ ਵਿਚੋਂ ਉਸ ਤੇ ਉਸ ਦੇ ਬਚਿਆਂ ਵਲ ਮੌਤ ਭੱਜੀ ਨਜ਼ਰ ਆਉਂਦੀ ਤੇ ਫੇਰ ਉਹ ਸਮਾਂ ਜਦ ਕੁਲਤਾਰ ਸਿੰਘ ਉਸ ਵਲ ਝਾਕ ਕੇ ਤੇ ਮੁੱਛਾਂ ਨੂੰ ਵਟ ਦੇ ਕੇ ਖੰਘੂਰਾ ਮਾਰਦਾ ਤੇ ਉਹ ਉਸ ਵਲ ਝਾਕ ਕੇ ਥੁਕ ਦਿੰਦੀ ਤੇ ਜੁਤੀ ਝਾੜ ਕੇ ਅਗੇ ਲੰਘ ਜਾਂਦੀ ਸੀ ਤੇ ਫੇਰ ਜਦ ਕੁਲਤਾਰ ਸਿੰਘ ਦਾ ਘੰਘੂਰਾ ਸੁਣ ਕੇ ਮੁਸਕਰਾਈ ਸੀ ਤੇ ਕੁਲਤਾਰ ਸਿੰਘ ਦੇ ਉਹ ਸੰਬੰਧ ਬਾਦ ਆਏ ਜਦ ਉਸ ਕਿਹਾ ਸੀ ਕਿ ਸੁਰਜੀਤ ਕੌਰੇ ਹੁਣ ਕਿਸੇ ਗਲੋਂ ਦੁਖੀ ਨਾ ਹੋਈਂ, ਤੇ ਮੁੜ ਉਸ ਦੇ ਬਚਿਆਂ ਕੋਲ ਕਿਤਾਬਾਂ ਤੇ ਘੜੇ ਵਿਚ ਆਟਾ ਸੀ ਤੇ ਉਸ ਦੇ ਪਿਛੋਂ ਅਜ ਤਕ ਅਮਲੀ ਦੇ ਹੁੰਦਿਆਂ ਕੁਲਤਾਰ ਸਿੰਘ ਉਹਨਾਂ ਦੇ ਘਰ ਆਉਂਦਾ ਰਿਹਾ ਤੇ ਘਰ ਦੇ ਭਾਂਡੇ ਬਾਣੀਆਂ ਦੇ ਜਾਣੋ ਹਟ ਗਏ ਤੇ ਅਮਲੀ ਨੂੰ ਅਫੀਮ ਮਿਲਦੀ ਰਹੀ ਤੇ ਫੇਰ ਰਾਤ .....।

ਸਿਪਾਹੀ ਨੇ ਆ ਕੇ ਉਸ ਦੀ ਸੋਚ ਦੀ ਲੜੀ ਤੋੜ ਦਿਤੀ ਤੇ ਕਿਹਾ, ਭਾਈ ਤੈਨੂੰ ਸਾਹਿਬ ਨੇ ਬਾਹਰ ਸਦਿਆ । ਸੁਰਜੀਤ ਕੌਰ ਚੁਪ ਕੀਤੀ ਬਾਹਰ ਵਲ ਤੁਰ ਪਈ ਉਸਨੂੰ ਪਿੰਡ ਦੇ ਲੋਕਾਂ ਤੋਂ ਘੁੰਡ ਕਢਣਾ ਵੀ ਭੁਲ ਗਿਆ ।

ਡੀ.ਐਸ.ਪੀ. ਨੇ ਉਸਨੂੰ ਪੁਛਿਆ, 'ਬੀਬੀ ਰਾਤ ਅਮਲੀ ਕਿਥੇ ਸੀ ?'

ਜੀ ਬਾਹਰਲੇ ਵਾੜੇ ।

ਫੇਰ ਕਤਲ ਕਿਸ ਕੀਤਾ ?

ਜੀ ਮੈਂ ਉਹ ਬਗੈਰ ਡੋਲੇ, ਥਿੜਕੇ ਹੀ ਕਹਿ ਗਈ ਤੇ ਲੋਕ ਭੇਤ-ਭਰੀਆਂ ਅਖਾਂ ਨਾਲ ਇਕ ਦੂਜੇ ਵਲ ਵੇਖ ਰਹੇ ਸਨ ।

ਤੈਂ ਕਿਉਂ ਕੀਤਾ ? ਡੀ.ਐਸ.ਪੀ. ਨੇ ਲਾਲ ਅੱਖਾਂ ਕਢਦਿਆਂ ਕਿਹਾ ।

ਸੁਰਜੀਤ ਕੌਰ ਨੂੰ ਚੱਕਰ ਆ ਗਿਆ ਤੇ ਉਹ

ਡਿਗਣ ਹੀ ਲੱਗੀ ਸੀ ਕਿ ਕੋਲ ਖੜੇ ਸਿਪਾਹੀ ਨੇ ਬਾਹੋਂ ਫੜ ਕੇ ਬਠਾ ਦਿਤਾ, ਇਸ ਦੀਆਂ ਅੱਖਾਂ ਅਗੇ ਉਸ ਦੀ ਧੀ ਦਾ ਭਵਿਖ ਸੀ ਉਹ ਨਹੀਂ ਸੀ ਚਾਹੁੰਦੀ ਕਿ ਉਸ ਦੀ ਧੀ ਵਲ ਕੋਈ ਕਲ ਨੂੰ ਉਂਗਲ ਕਰੇ, ਉਸਨੂੰ ਯਾਦ ਆਇਆ ਜਦ ਕੁਲਤਾਰ ਸਿੰਘ ਨੇ ਪਹਿਲੀ ਵਾਰ ਉਸ ਦੀ ਧੀ ਨੂੰ ਵਸ਼ੈਦੀ ਤਕਨੀ ਨਾਲ ਤਕਿਆ ਸੀ ਤੇ ਉਸ ਤਰਲੇ ਨਾਲ ਕਿਹਾ ਸੀ ਕੁਲਤਾਰ ਸਿੰਘ ਐਡਾ ਪਾਪ ਨਾ ਕਰ, ਇਹ ਤੇਰੀ ਧੀ ਵਰਗੀ ਹੈ ਤੇ ਫੇਰ ਰਾਤ ਜਦ ਸ਼ਰਾਬੀ ਹੋਏ ਨੇ ਉਸ ਦੀ ਧੀ ਨੂੰ ਕਲਾਵੇ ਵਿਚ ਲੈ ਲਿਆ ਤੇ ਜਦ ਉਸ ਦੇ ਛੁਡਾਉਣ ਤੇ ਵੀ ਨਾ ਛਡਿਆ ਤਾਂ ਉਸ ਪੁੱਠੇ ਕੁਰਤੰਨ ਵਾਲਾ ਟੋਕਾ ਉਸਦੀ ਧੌਣ ਤੇ ਦੇ ਮਾਰਿਆ ਤੇ ਆਪਣੀ ਧੀ ਨੂੰ ਉਸ ਦੇ ਪੰਜੇ ਚੋਂ ਕਢ ਲਿਆ।

ਡੀ.ਐਸ.ਪੀ. ਨੇ ਫੇਰ ਕਿਹਾ, ਤੈਂ ਕਿਉਂ ਕੀਤਾ ?

ਤਾਂ ਉਸ ਦੀ ਸੋਚ ਦੀ ਲੜੀ ਟੁਟੀ ਤੇ ਉਸ ਬਗੈਰ ਝਿਝਕ ਕਹਿ ਦਿਤਾ ਕਿ ਰਾਤ ਮੇਰਾ ਆਦਮੀ ਘਰ ਨਹੀਂ ਸੀ ਇਸ ਨੇ ਮੈਨੂੰ ਕੱਲੀ ਵੇਖ ਮੇਰੀ ਪਤ ਲੁਟਣੀ ਚਾਹੀ ਤੇ ਮੈਂ ਟੋਕੇ ਨਾਲ ਆਪਣੀ ਪੱਤ ਬਚਾ ਲਈ ਲੋਕ ਸੁਣ ਕੇ ਘੁਸਰ-ਮੁਸਰ ਕਰਨ ਲਗ ਪਏ ਤੇ ਅਮਲੀ ਬਿਟਰ ਬਿਟਰ ਵੇਖ ਰਿਹਾ ਸੀ।

ਗੌਰਮੈਂਟ ਹਾਈ ਸਕੂਲ
ਰੌਲੀ (ਮੋਗਾ)

—o—

## *ਇੱਕ ਲਾਸ਼ ਦਾ ਦੁਖ !*/ਗੁਰਬਖਸ਼ ਬਾਹਲਵੀ !

ਸੜਕ ਤੇ ਭੀੜ ਸੀ !

ਮੈਂ ਤੇਜ਼ੀ ਨਾਲ ਆਇਆ ! ਭੀੜ ਅੰਦਰ ਜਾ ਵੱੜਿਆ ! ਕਈਆਂ ਦੇ ਮੁੰਢੇ ਛਿਲੇ, ਕਈਆਂ ਦੇ ਪੈਰ ਨਪੇ !

ਮੈਂ ਭੀੜ ਵਿਚਕਾਰ ਸਾਂ ! ਸਾਹਮਣੇ ਇੱਕ ਲਾਸ਼ ਸੀ। ਸੜਕ ਤੇ ਪਈ ਲਾਸ਼ !

ਪੁਲਿਸ ਦੀ ਇੰਤਜ਼ਾਰ ਸੀ। ਲਾਸ਼ ਅਜੇ ਨੰਗੀ ਸੀ। ਮੈਂ ਸ਼ਾਲ ਉਤਾਰੀ ! ਲਾਸ਼ ਢੱਕ ਦਿੱਤੀ।

ਮੈਂ ਲਾਸ਼ ਢੱਕ ਚੁਕਾ ਤਾਂ ਮੈਨੂੰ ਖਿਆਲ ਆਇਆ ਇਹ ਲਾਸ਼ ਤਾਂ ਜਾਣੀ-ਪਹਿਚਾਣੀ ਹੈ ! ਮੈਂ ਚਾਦਰ ਚੁਕੀ ! ਲਾਸ਼ ਤਕੀ ! ਢੱਕ ਦਿੱਤੀ।

ਕੀ ਤੁਸੀਂ ਇਹਨੂੰ ਜਾਣਦੇ ਹੋ ! ਇਸ ਲਾਸ਼ ਨੂੰ ਪਹਿਚਾਣਦੇ ਹੋ !

ਮੈਂ ਫਿਰ ਇਕ ਪਲਾ ਚੁਕਿਆ ! ਲਾਸ਼ ਦਾ ਮੂੰਹ ਤਕਿਆ ! ਮੇਰੀ ਚੀਖ ਨਿਕਲ ਗਈ। ਇਹ ਤਾਂ ਮੈਂ ਹੀ ਸਾਂ ! ਮੇਰੀ ਹੀ ਲਾਸ਼ ਉਥੇ ਸੀ।

ਮੇਰਾ ਹੁਲੀਆ ਬਿਗੜ ਚੁਕਾ ਸੀ। ਮੈਂ ਮਰ ਚੁਕਾ ਸਾਂ।

ਲੋਕ ਰਹਿ ਰਹੇ ਸਨ, ਬਚਾਰਾ। ਵੇਖੋ ਨਾ ਕਿੰਜ ਸਾਮਾਨ ਖਿਲਰਿਆ ਪਿਆ ਹੈ। ਦੀਵਾਲੀ ਦਾ ਨਿਕੜ ਸੁਕੜ। ਫੁੱਡ-ਪਟਾਕੇ, ਮਠਿਆਈ। ਬਚਿਆਂ ਲਈ ਲੈ ਜਾ ਰਿਹਾ ਸੀ। ਇਕ ਕਾਰ ਆਈ। ਪਿਛੋਂ ਦੀ ਟਕਰਾਈ। ਅਗੇ ਭਜ ਗਈ। ਮੂੰਹ ਭਾਰ ਡਿੱਗਾ। ਮਰ ਗਿਆ।

ਇਹ ਕਾਰ ਵਾਲੇ ਤੌਬਾ। ਇਹ ਵੀ ਭਲਾ ਕਿਸੇ ਦਾ ਭਲਾ ਕਰ ਸਕਦੇ ਹਨ। ਸਾਲੇ ਸੂਰ !

ਮੈਨੂੰ ਲਗਾ ਇਹ ਕਾਰ ਵੀ ਜਾਣੀ ਪਹਿਚਾਣੀ ਸੀ। ਸ਼ਾਇਦ ਮੇਰੀ ਹੀ ਮਹਿਬੂਬ ਦੀ ਸੀ। ਖਹਿ ਕੇ ਲੰਘੀ। ਇਹ ਮਹਿਬੂਬ ਮੇਰੀ ਵੀ, ਸਾਲੀ ਬੜੀ ਤੇਜ਼ ਹੈ। ਕਾਰ ਤਾਂ ਤੇਜ਼ ਚਲਾਉਂਦੀ ਹੀ ਹੈ ਤੇਜ਼ੀ ਇਹਦੀ ਜ਼ਿੰਦਗੀ ਹੈ ਇਹਦੀ ਲਾਈਫ। ਫਿਰ ਮੇਰੇ ਜਿਹੇ ਦਿਲਕ ਬਾਬੂ ਇਹਦੇ ਲਈ ਕੌਣ ਹਨ। ਮਹਿਬੂਬ ਤਾਂ ਆਪਣੇ ਮਨ ਦੀ ਹੀ ਹੈ। ਇਹ ਆਪਣੇ ਮਨ 'ਚ ਫਸੀ ਗਲ ਹੈ। ਇਹ ਵੀ ਮੁਕ ਗਈ। ਇਕ ਲਾਸ਼ ਬਣ ਗਈ ਹੈ ਤੇ ਉਹ ਵੀ ਉਹਦੇ ਹੀ ਹੱਥੋਂ ! ਉਹਦੇ ਹੱਥੋਂ ਜੋ ਮੇਰਾ ਖ਼ਾਬ-ਖਿਆਲ ਸੀ।

ਪਰ ਉਹਨੂੰ ਤਾਂ ਸਾਲੀ ਨੂੰ ਰੁਕਣਾ ਚਾਹੀਦਾ ਸੀ। ਪਤਾ ਕਰਨਾ ਚਾਹੀਦਾ ਸੀ ਕੌਣ ਡਿੱਗਾ। ਬਚ ਗਿਆ ਕਿ ਮਰ ਗਿਆ। ਜ਼ਖਮੀ ਹੈ ਤਾਂ ਹਸਪਤਾਲ ਲੈ ਜਾਂਦੀ।

ਪਰ ਉਹਨੂੰ ਵਿਹਲ ਕਿਥੇ। ਕਿਸੇ ਨਾਲ ਸ਼ਾਪਿੰਗ ਤੇ ਗਈ ਹੋਵੇਗੀ। ਜੇਬ ਕਟ ਰਹੀ ਹੋਵੇਗੀ। ਦਿਮਾਗ ਆਕਾਸ਼ ਤੇ ਹੁੰਦਾ ਹੈ ਇਹਨਾਂ ਹੁਸੀਨ ਲੋਕਾਂ ਦਾ ! ਸੜਕ ਤੇ ਭਲਾ ਕੌਣ ਦਿਖੇ !

ਲੋਕ ਆਉਂਦੇ ਹਨ। ਲਾਸ਼ ਤਕਦੇ ਹਨ ! ਹੌਲੇ ਹੌਲੇ ਖਿਸਕ ਜਾਂਦੇ ਹਨ। ਹਰ ਇਕ ਦੇ ਹੱਥ 'ਚ ਦੀਵਾਲੀ

ਦੀ ਖੁਸ਼ੀ ਹੈ ! ਕੌਣ ਕਿਸੇ ਲਈ ਰੁਕਦਾ ਹੈ। ਹਰ ਇਕ ਦੇ ਘਰ ਉਹਨਾਂ ਦੀ ਉਡੀਕ ਹੈ।

ਮੇਰੀ ਵੀ ਉਡੀਕ ਹੋਵੇਗੀ।

ਮੈਂ ਵੀ ਸੋਚਿਆ ਹੈ ਮੈਂ ਆਪਣੀ ਲਾਸ਼ ਚੁਕਾਂ। ਤੁਰ ਜਾਵਾਂ !

ਪਰ ਪੁਲਿਸ ਦੀ ਉਡੀਕ ਹੈ। ਲਾਸ਼ ਨੂੰ ਸਿਰਫ਼ ਪੁਲਿਸ ਹੀ ਚੁਕ ਸਕਦੀ ਹੈ। ਮੈਂ ਲਾਸ਼ ਚੁਕਣ ਦਾ ਹੀਆ। ਨਹੀਂ ਕੀਤਾ। ਪੁਲਿਸ ਪੋਸਟਮਾਰਟਮ ਕਰਾਉਣਾ ਹੈ। ਮੌਤ ਐਕਸੀਡੈਂਟ ਨਾਲ ਹੋਵੇ। ਭਾਵੇਂ ਲੜਾਈ ਕਾਰਨ ! ਭਾਵੇਂ ਮਾਰ ਸਹਿੰਦਿਆਂ ਤੇ ਭਾਵੇਂ ਖੁਦਕਸ਼ੀ ਕਾਰਨ। ਜ਼ਹਿਰ ਪੀਣ ਨਾਲ ਕੋਈ ਮਰਿਆ ਹੋਵੇ। ਲਾਸ਼ ਦਾ ਪੋਸਟਮਾਰਟਮ ਜ਼ਰੂਰੀ ਹੈ।

ਮੈਨੂੰ ਪੋਸਟਮਾਰਟਮ ਦਾ ਅਹਿਸਾਸ ਹੈ। ਇਹ ਅਹਿਸਾਸ ਹੁਣ ਪਰਬਲ ਹੈ। ਮੈਨੂੰ ਆਪਣੀ ਲਾਸ਼ ਛੁਪਾ ਲੈਣੀ ਚਾਹੀਦੀ ਹੈ। ਪੋਸਟਮਾਰਟਮ ਹੋਇਆ ਤਾਂ ਸੱਚ ਸਾਹਮਣੇ ਆ ਜਾਵੇਗਾ। ਮੇਰਾ ਸੱਚ ਝੂਠ।

ਪਰ ਮੈਨੂੰ ਵੀ ਤਾਂ ਆਪਣੀ ਮਹਿਬੂਬ ਦੀ ਇੰਤਜ਼ਾਰ ਹੈ ਅਜੇ ਵੀ ਉਡੀਕ ਹੈ। ਸ਼ਾਇਦ ਆਉਂਦਿਆਂ ਮੈਨੂੰ ਪਹਿਚਾਣ ਲਵੇ। ਮੇਰੇ ਪਾਸ ਇਕ ਤੋਹਫ਼ਾ ਹੈ। ਮੈਂ ਇਹ ਸੁਨਹਿਰੀ ਲਾਕਟ ਉਹਨੂੰ ਦੇਣਾ ਹੈ। ਦੀਵਾਲੀ ਦਾ ਤੋਹਫ਼ਾ। ਇਹ ਲਾਕਟ ਮੈਂ ਘਰ ਲੈ ਗਿਆ ਤਾਂ ਘਰ ਵਾਲੀ ਗੁਸੇ ਹੋਵੇਗੀ। ਘਰ ਖਾਣ ਨੂੰ ਨਹੀਂ, ਇਹ ਚੁਕ ਲਿਆਇਆ ਲਾਕਟ। ਇਹ ਮੈਂ ਚਟਣਾ। ਤੇਰੇ ਸਿਰ ਮਾਰਨਾ।

ਇਸ ਲਈ ਮੈਂ ਚਾਹਿਆ ਉਹ ਆਵੇ। ਇਕ ਵੇਰ ਮੁਸਕਾ ਜਾਵੇ। ਮੈਂ ਉਹਦੇ ਗਲ 'ਚ ਇਹ ਲਾਕਟ ਪਾ ਦੇਵਾਂ। ਉਹ ਮੁਸਕਾਣ ਛੱਡ ਜਾਵੇ। ਮਹਿਬੂਬ ਦੀ ਮੁਸਕਾਣ, ਹਾਏ ਇਹ ਮੁਸਕਾਣ ਮੌਤ ਤੇ ਵੀ ਮਿਲ ਜਾਵੇ। ਸਵਰਗ ਦਾ ਝੂਟਾ ਆ ਜਾਵੇ। ਮੈਂ ਘਰ ਦੇ ਨਰਕ ਦੀ ਹਰ ਤਲਖ ਗਲ ਜਰ ਜਾਵਾਂ। ਹਰ ਤਲਖ ਨਜ਼ਰ ਸਹਿ ਸਕਾਂ।

ਪਰ ਲਾਸ਼ ਤਰਸ ਰਹੀ ਹੈ।

ਮਹਿਬੂਬ ਬਾਜ਼ਾਰਾਂ 'ਚ ਘੁੰਮ ਰਹੀ ਹੈ। ਕਾਰ 'ਚ ਭਜ ਰਹੀ ਹੈ। ਬਾਜ਼ਾਰ ਸਜੇ ਹੋਏ ਹਨ। ਉਹ ਸ਼ਾਪਿੰਗ ਕਰ ਰਹੀ ਹੈ। ਉਹਦੇ ਨਾਲ ਕੌਣ ਹੈ। ਕੌਣ ਹੋ ਸਕਦਾ ਹੈ।

ਦੀਵਾਲੀ ਨੇੜੇ ਆਉਂਦੀ ਹੈ। ਘਰਾਂ 'ਚ ਸਫ਼ਾਈਆਂ ਹੁੰਦੀਆਂ ਹਨ। ਰੰਗ ਰੋਗਣ ਹੁੰਦੇ ਹਨ। ਪਰ ਮੇਰੇ ਘਰ ਦੀਆਂ ਦੀਵਾਰਾਂ ਉਂਜ ਹੀ ਕਾਲੀਆਂ ਹਨ। ਮਾਲਕ ਮਕਾਨ ਖਰਚ ਕਰਦਾ ਹੀ ਨਹੀਂ। ਮਕਾਨ ਖਾਲੀ ਕਰਨ ਦੀ ਰੱਟ ਲਾਈ ਰਖਦਾ ਹੈ। ਕਰਾਇਆ ਵਧਾਉਣਾ ਚਾਹੁੰਦਾ ਹੈ। ਮੈਂ ਮੰਨਦਾ ਨਹੀਂ ਕਾਨੂੰਨ ਛਾਂਟਦਾ ਹਾਂ। ਉਹ ਸਫ਼ੇਦੀ ਨਹੀਂ ਕਰਾਉਂਦਾ। ਮੁਰੰਮਤ ਨਹੀਂ ਕਰਾਉਂਦਾ।

ਪਰ ਸਭ ਪਾਸੇ ਨਵਾਂ ਰੂਪ ਹੈ। ਰੌਣਕ ਹੈ। ਸਜੇ ਸਜਾਏ ਬਾਜ਼ਾਰਾਂ 'ਚ ਰੌਣਕ।

ਹਰ ਪਾਸੇ ਕੀਮਤਾਂ ਘਟ ਜਾਣ ਦੇ ਬੋਰਡ ਹਨ। ਨਵੇਂ ਸਟਾਕ ਆ ਰਹੇ ਹਨ ਪੁਰਾਣੇ ਸਟਾਕ ਦੀ ਕਲੀਰੰਸ ਸੇਲ ਹੈ, ਕੀਮਤਾਂ ਘਟੀਆਂ ਨਹੀਂ ਕਲੀਰੰਸ ਸੇਲ ਦੇ ਪਰਦੇ ਹੇਠ ਵਧੀਆਂ ਹਨ।

ਬਾਜ਼ਾਰਾਂ 'ਚ ਖਰੀਦਣ ਵਾਲੇ ਵੀ ਸ਼ੌਕ ਨਾਲ ਘੁੰਮਦੇ ਹਨ।

ਇਹ ਤਾਂ ਦਿਨ ਹੀ ਐਸਾ ਹੈ। ਲਕਸ਼ਮੀ ਘਰ ਪਰਵੇਸ਼ ਦਾ ਦਿਨ ਹੈ। ਖੁਸ਼ੀਆਂ ਦਾ ਦਿਨ। ਦੀਵਿਆਂ ਦੀ ਰਾਤ ਸਾਡੇ ਲਈ ਥੈਲੀਆਂ ਲਿਆਂਦੀ ਹੈ। ਕਈਆਂ ਦਾ ਦੀਵਾਲਾ ਵੀ ਕਢਦੀ ਹੈ।

ਮੇਰਾ ਤਾਂ ਉਂਜ ਵੀ ਜੀਣ ਦੀਵਾਲਾ ਹੈ। ਮੇਰੀ ਲਾਸ਼ ਸੜਕ ਤੇ ਪਈ ਹੈ। ਘਰ ਹਨੇਰਾ ਹੀ ਤਾਂ ਰਹੇਗਾ।

ਜੇ ਮੇਰਾ ਜੀਵਨ ਬੀਮਾ ਵੀ ਹੁੰਦਾ ਸ਼ਾਇਦ ਕੋਈ ਆਸ ਦੀ ਚਿਣਗ ਉਭਰਦੀ, ਮੇਰੀ ਘਰ ਵਾਲੀ ਦਾ ਕੁਝ ਬਣਦਾ। ਉਂਜ ਮੈਂ ਬੀਮੇ ਸ਼ੀਮੇ ਤੇ ਯਕੀਨ ਨਹੀਂ ਰਖਦਾ। ਹੁਣ ਸੋਚਣ ਦਾ ਯਕੀਨ ਬਦਲ ਲੈਣ ਦਾ ਕੀ ਫਾਇਦਾ। ਫਿਕਰ ਕਰਨ ਦਾ ਕੀ ਲਾਭ।

ਉਂਜ ਜੀਉਂਦਿਆਂ ਪੇਟ ਭਰਨਾ ਔਖਾ ਸੀ, ਇਨਸ਼ੋਰੰਸ ਕੌਣ ਕਰਾਉਂਦਾ। ਮੌਤ ਤੋਂ ਪਿਛੋਂ ਦੀ ਕੌਣ ਸੋਚਦਾ ਹੈ। ਜੇ ਜ਼ਿੰਦਗੀ ਹੀ ਮੌਤ ਵਰਗੀ ਹੋਵੇ ਤਾਂ ਸੋਚ ਕਾਹਦੀ।

ਹੁਣ ਤਾਂ ਸੋਚ ਪਵੇਗੀ ਮੇਰੀ ਘਰ ਵਾਲੀ ਨੂੰ। ਜੋ ਫਿਕਰ ਪੈਣਾ ਹੈ ਉਹਨੂੰ ਪੈਣਾ ਹੈ। ਨਿਕਿਆਂ ਨਿਆਣਿਆਂ ਦਾ ਫਿਕਰ ! ਉਹਨਾਂ ਦੇ ਪੇਟ ਪਾਲਣ ਦਾ ਫਿਕਰ !

ਇਕ ਝੰਜਟ ! ਜਿਵੇਂ ਮਰਜ਼ੀ ਪਾਲੋ ! ਆਪਣੇ ਫਿਕਰ ਖ਼ਤਮ ! ਮੈਂ ਸਭ ਕੁਝ ਉਸ ਲਈ ਛਡ ਜਾਣਾ ਹੈ ! ਮੌਤ, ਗ਼ਮ, ਫਿਕਰ ।

ਮੈਂ ਕਿਹੜਾ ਰਕਮਾਂ ਜਮ੍ਹਾਂ ਕਰ ਚਲਿਆ ਹਾਂ ! ਮੈਂ ਝੂਠ ਕਿਉਂ ਬੋਲਾਂ । ਪੋਸਟਮਾਰਟਮ ਮੇਰੇ ਝੂਠ ਨੂੰ ਵੀ ਤਾਂ ਨੰਗਾ ਕਰ ਦੇਵੇਗਾ ।

ਝੂਠ ਤੋਂ ਬਿਨਾਂ ਉਂਜ ਕੁਝ ਬਣਦਾ ਨਹੀਂ । ਹੇਰਾ ਫੇਰੀ ਤੋਂ ਬਿਨਾਂ ਕੁਝ ਜਮ੍ਹਾਂ ਹੁੰਦਾ ਨਹੀਂ ਤੇ ਮੈਂ ਇਹ ਧੰਦੇ ਕੀਤੇ ਨਹੀਂ । ਮੇਰੀ ਤੀਵੀਂ ਪਿੱਟਦੀ ਰਹੀ ਹੈ । ਸਭ ਦਾ ਜ਼ਿਕਰ ਕਰ ਲੜਦੀ ਰਹੀ ਹੈ ਜੋ ਸਭ ਕੁਝ ਕਰਦੇ ਹਨ । ਹੇਰਾ-ਫੇਰੀ, ਝੂਠ, ਕਪਟ । ਤੇ ਮੈਨੂੰ ਪ੍ਰੇਰਨਾ ਵੀ ਦਿੰਦੀ ਰਹੀ ਹੈ । ਪਰ ਮੈਂ ਕਿਸ ਮਿਟੀ ਦਾ ਹਾਂ । ਕਦੇ ਝੂਠ ਤਕ ਨਹੀਂ ਬੋਲਿਆ ।

ਇਕ ਝੂਠ ਮੈਂ ਨਿਕੇ ਹੁੰਦੇ ਬੋਲਿਆ ਸੀ । ਮੈਂ ਆਪਣੀ ਮਾਂ ਦੀ ਪੋਟਲੀ ਚੋਂ) ਅਠਿਆਨੀ ਚੁਰਾਈ ਸੀ । ਮਾਂ ਨੂੰ ਪਤਾ ਲਗਾ । ਉਹਨੇ ਮੈਨੂੰ ਪੁਛਿਆ । ਮੈਂ ਮੁੱਕਰ ਗਿਆ ।

ਇਹ ਬਚਪਨ ਦੀ ਗਲ ਹੈ । ਉਦੋਂ ਝੂਠ ਸੱਚ ਇਕ ਸੜਕ ਸੀ । ਵੈਸੇ ਸੱਚ ਸਿਰਫ਼ ਬਚਪਨ 'ਚ ਹੁੰਦਾ ਹੈ ਤਾਂ ਕਿਤੇ ਪਾਗਲ ਦੀ ਜ਼ਬਾਨ ਤੇ ਆਉਂਦਾ ਹੈ ।

ਮੈਂ ਝੂਠ ਬੋਲਿਆ ਮੇਰਾ ਇਕ ਪਾਗਲ ਮਿਤਰ ਸੱਚ ਕਹਿ ਗਿਆ । ਮੈਂ ਉਹਨੂੰ ਨਾਲ ਲਿਆ ਸੀ । ਅਠਿਆਨੀ ਨਾਲ ਮੌਜਾਂ ਕੀਤੀਆਂ ਸਨ । ਬਾਈ-ਸਕੋਪ ਵੇਖਿਆ ਸੀ । ਕੁਲਫੀ ਖਾਧੀ ਸੀ । ਗਲ ਨਿਕਲ ਗਈ । ਮੇਰੇ ਭਾਈਵਾਲ ਭਾਂਡਾ ਫੋੜ ਦਿੱਤਾ । ਇਹ ਮੇਰੀ ਗਲਤੀ ਸੀ । ਮਾਰ ਖਾਣੀ ਪਈ । ਚੋਰੀ ਫੜੀ ਗਈ । ਬੜੀ ਸ਼ਰਮ ਆਈ । ਮੈਂ ਘਰ ਦੀ ਛੱਤ ਤੇ ਜਾ ਲੁਕਿਆ ।

ਹੇਠਾਂ ਸਾਰਾ ਘਰ ਘਬਰਾਹਟ 'ਚ ਸੀ । ਦੌੜ ਭਜ ਹੋ ਰਹੀ ਸੀ, ਰਾਤ ਪੈ ਗਈ । ਲੈਂਪਾਂ ਲਈ ਸਾਰੇ ਮੈਨੂੰ ਲਭ ਰਹੇ ਸਨ ।

ਮੈਂ ਮਜ਼ੇ ਨਾਲ ਛੱਤ ਤੇ ਲੇਟਿਆ ਰਿਹਾ । ਜਦੋਂ ਲਭ-ਲਭਾ ਸਭ ਥੱਕ ਟੁਟੇ ਮੇਰੇ ਪਿਓ ਨੂੰ ਗੁਸਾ ਆ ਗਿਆ । ਉਹਨੇ ਮੇਰੀ ਮਾਂ ਨੂੰ ਕੁਟਣਾ ਸ਼ੁਰੂ ਕਰ ਦਿਤਾ ।

ਮੈਂ ਝੱਟ ਛੱਤ ਤੋਂ ਉਤਰਿਆ ।

ਮੇਰੇ ਪਿਓ ਮਾਂ ਨੂੰ ਛਡ ਦਿੱਤਾ । ਮੈਨੂੰ ਕੁਟਣਾ ਅਰੰਭ ਕਰ ਦਿੱਤਾ ।

ਫਿਰ ਮੈਨੂੰ ਹਰ ਗਲ ਤੇ ਮਾਰ ਪੈਂਦੀ । ਘਰ 'ਚ ਕੋਈ ਚੀਜ਼ ਨਾ ਲਭਦੀ ਮੇਰੀ ਮੁਰੰਮਤ ਹੁੰਦੀ ।

ਮੈਂ ਘਰੋਂ ਭਜਾ । ਸ਼ਹਿਰ 'ਚ ਧਕੇ ਖਾਧੇ । ਕਈ ਪਾਪੜ ਵੇਲੇ । ਪਰ ਝੂਠ ਨਾ ਬੋਲ ਸਕਿਆ । ਚੋਰੀ ਨਾ ਕਰ ਸਕਿਆ ।

ਉਮਰ ਚੜ੍ਹੀ ਵਿਆਹ ਕੀਤਾ । ਉਹ ਹੁਣ ਤਕ ਆਪਣੀ ਕਿਸਮਤ ਨੂੰ ਰੋਂਦੀ ਹੈ । ਜੋ ਮੇਰੀ ਸਾਥਣ ਹੈ ! ਦੁਖ ਸੁਖ ਦੀ ਸਾਥਣ !

ਮੈਂ ਝੂਠ ਬੋਲਾਂ, ਚੋਰੀ ਕਰਾਂ, ਹੇਰਾ ਫੇਰੀ-ਕਰਾਂ, ਉਹ ਸਬਕ ਦਿੰਦੀ ਹੈ ਪਰ ਜੋ ਸਬਕ ਮੈਨੂੰ ਮੇਰੇ ਪਿਓ ਦਿੱਤਾ ਉਹੀ ਨਹੀਂ ਭੁਲਦਾ । ਉਹ ਖਿਝਦੀ ਹੈ, ਭੁਜਦੀ ਹੈ । ਸੜਦੀ ਹੈ ।

ਤੇ ਸੱਚ ਅੱਜ ਮੇਰੀ ਲਾਸ਼ ਚੋਂ ਬਾਹਰ ਆ ਜਾਵੇਗਾ । ਮੈਂ ਡਰਦਾ ਹਾਂ । ਪੋਸਟਮਾਰਟਮ ਤੋਂ ਘਾਬਰਦਾ ਹਾਂ । ਆਪਣੀ ਲਾਸ਼ ਚੁਕ ਲੈਂਦਾ ਹਾਂ ।

ਇਕ ਕਾਰ ਕੋਡਿਗ ਦੀ ਲੰਘੀ ਹੈ । ਇਹ ਤਾਂ ਉਹੀ ਸੀ, ਉਹੀ ਮੇਰੀ ਮਹਿਬੂਬ !

ਉਸ ਨਾਲ ਉਹੀ ਮੇਰਾ ਸਾਲਾ ਕੋਈ ਦੁਸ਼ਮਣ ਬੈਠਾ ਹੈ ।

ਇਹੋ ਜਹੇ ਸਮੇਂ ਭਲਾ ਕੌਣ ਲਾਸ਼ ਵਲ ਤਕਦਾ ਹੈ । ਚੰਦ ਵਲ ਤਾਂ ਸ਼ਾਇਦ ਦੇਖ ਹੀ ਲਵੇ ।

ਮੈਂ ਲਾਸ਼ ਚੁਕੀ ਭਜ ਪੈਂਦਾ ਹਾਂ । ਉਹਨੂੰ ਕਿਤੇ ਮੁਸ਼ਕ ਨਾ ਆ ਜਾਵੇ । ਹੁਣ ਘਰ ਸਾਹਮਣੇ ਹਾਂ । ਉਥੇ ਹਨੇਰਾ ਹੈ । ਮਹਲਿਆਂ ਦੀ ਦੀਵੇ ਟਮਟਮਾ ਰਹੇ ਹਨ ।

ਮੇਰੀ ਘਰ ਵਾਲੀ ਪਿਟ ਰਹੀ ਹੈ । ਰੋਂਦੇ ਵਿਲਕਦੇ ਬਚਿਆਂ ਨੂੰ ਪੁਚਕਾਰਦੀ ਪੁਚਕਾਰਦੀ ਧਾਹੀਂ ਰੋਣ ਲਗ ਪੈਂਦੀ ਹੈ ।

ਘਰ 'ਚ ਖਾਲੀ ਭਾਂਡੇ ਇਕ ਦੂਜੇ ਦਾ ਮੂੰਹ ਤਕ ਰਹੇ ਹਨ । ਕਿਸਮਤ ਦਾ ਰੋਣਾ ਰੋ ਰਹੇ ਹਨ ।

ਬਾਹਰ ਕੁੜੀਆਂ ਤੇ ਕੁਝ ਲੋਕ ਹਨ । ਲੋਕ ਲਾਜ ਲਈ ਇਕਠੇ ।

ਮੈਨੂੰ ਯਾਦ ਕਰਦੇ ਹਨ । ਮੇਰੀਆਂ ਭਲੀਆਂ ਗਲਾਂ ਦੋਹਰਾਉਂਦੇ ਹਨ । ਮੇਰੀ ਪਰਸ਼ੰਸਾ ਹੋ ਰਹੀ ਹੈ ਮੇਰੇ ਭੈੜੇ-ਪਨ ਦਾ ਕਿਸੇ ਨੂੰ ਅਹਿਸਾਸ ਨਹੀਂ । ਮੌਤ ਆਈ

ਮੈਂ ਪਾਰਸ ਬਣ ਗਿਆ ਹਾਂ ।

ਪਰ ਮੈਨੂੰ ਅਫ਼ਸੋਸ ਹੈ ਮੈਂ ਕਦੇ ਪਾਰਸ ਨਾ ਬਣ ਸਕਿਆ । ਜ਼ਿੰਦਗੀ ਲੋਹਾ ਬਣ ਕਟੀ ਹੈ ।

ਹੁਣ ਤਾਂ ਮੇਰੀਆਂ ਪਲਕਾਂ ਬੰਦ ਹਨ ।

ਮੈਨੂੰ ਯਾਦ ਹੈ ਮੈਂ ਇਥੇ ਰਹਿੰਦਾ ਸਾਂ ਇਹਨਾਂ ਲੋਕਾਂ ਵਿਚਕਾਰ । ਇਕ ਘਰ ਦਾ ਮਾਲਕ ਇਕ ਖਾਵਿੰਦ । ਇਕ ਬਾਪ । ਇਕ ਮਿਹਨਤੀ ਮਨੁੱਖ ।

ਬਚਪਨ ਤੋਂ ਬਾਅਦ ਮੈਂ ਫਿਰ ਚੋਰੀ ਕੀਤੀ ਹੈ ਆਪਣੀ ਹੀ ਲਾਸ਼ ਦੀ ਚੋਰੀ ।

ਇਹ ਲਾਸ਼ ਗਿਰਝਾਂ ਵੀ ਨਹੀਂ ਖਾ ਸਕਦੀਆਂ ।

ਕਾਂ ਕੁਤੇ ਵੀ ਨਹੀਂ ਦੇਖਣਗੇ ।

ਮੈਨੂੰ ਸ਼ਰਮ ਆਉਂਦੀ ਹੈ ਇਹ ਮੇਰਾ ਮੁਲ ਹੈ । ਕੋਈ ਇਹਨੂੰ ਵਰਤ ਵੀ ਨਹੀਂ ਸਕੇਗਾ ।

ਕੋਈ ਮੇਰੇ ਤਨ ਨੂੰ ਵੇਚ ਵੀ ਨਹੀਂ ਸਕੇਗਾ ।

ਉਂਜ ਮੈਂ ਲੱਖ ਵੇਰ ਵਿਕਿਆ ਵੀ ਹਾਂ ।

ਚੁਆਨੀ ਤੋਂ ਲੈ ਕੇ ਦਸ ਰੁਪਏ ਤਕ ।

ਦਸ ਰੁਪਿਆਂ ਤੋਂ ਲੈ ਕੇ ੧੦ ਪੈਸਿਆਂ ਤਕ । ਇਹ ਇਕ ਦਿਨ ਦਾ ਮੁਲ ਵੀ ਸੀ । ਮਹੀਨੇ ਭਰ ਦਾ ਵੀ । ਵਰ੍ਹੇ ਦਾ ਵੀ ਤੇ ਸਦੀਆਂ ਦਾ ਵੀ ਹੋ ਸਕਦਾ ਹੈ ।

ਉਂਜ ਮੇਰੀ ਚਾਹ ਰਹੀ ਹੈ ਕਦੇ ਮੇਰਾ ਮੁਲ ਵਾਧੂ ਤਰੇ । ਮੈਂ ਦੋ ਚਾਰ ਸੌ ਇਕੱਠਾ ਕਰਾਂ ।

ਸ਼ਰਾਬ ਪੀਵਾਂ । ਖੀਵਾ ਹੋ ਗਲੀਆਂ 'ਚ ਨੱਚਾਂ । ਹਰ ਆਉਂਦੇ ਜਾਂਦੇ ਨੂੰ ਗਾਲੀਆਂ ਦੇਵਾਂ । ਹਰ ਹੁਸੀਨ ਔਰਤ ਨੂੰ ਆਪਣੇ ਨਾਲ ਲਾ ਲਵਾਂ । ਘੁਟ ਲਵਾਂ । ਫਿਰ ਮਰ ਵੀ ਜਾਵਾਂ ਤਾਂ ਕੋਈ ਅਫਸੋਸ ਨਹੀਂ ।

ਅਜ ਉਹ ਬੀਤੇ ਸਮੇਂ ਯਾਦ ਆਉਂਦੇ ਹਨ । ਉਹ ਸਮੇਂ ਜੋ ਲੰਘ ਗਏ ਹਨ ਗੁਜ਼ਰ ਗਏ ਹਨ ।

ਮੈਂ ਹੁਣ ਤਕ ਕੁਝ ਨਹੀਂ ਤਕਿਆ । ਝੂਰਦਾ ਰਿਹਾ ਹਾਂ । ਇਵੇਂ ਹੀ ਬੇ-ਮੌਤ ਮਰ ਗਿਆ ਹਾਂ ।

ਬੜੀ ਚਾਹ ਸੀ ਬਚਿਆਂ ਨੂੰ ਉਚੀ ਤਾਲੀਮ ਦੇਵਾਂ । ਪਰ ਵਿਚਾਰੇ ਛੋਲੇ ਵੇਚਣ ਜੋਗੇ ਹੀ ਰਹਿ ਗਏ ਸੁਨ ।

ਹੁਣ ਸੁਣਦਾ ਹਾਂ ਉਹਨਾਂ ਦਾ ਛੋਲਿਆਂ ਦਾ ਹੱਟ ਨਹੀਂ ਰਿਹਾ । ਰੈਸਟੋਰੈਂਟ ਬਣ ਗਿਆ । ਹੋਟਲ ਖੋਹਲ ਰਹੇ ਹਨ । ਕਾਰ ਖਰੀਦਣ ਦੀ ਵਿਉਂਤ ਹੈ ।

ਇਕ ਦੁਕਾਨ ਉਹਨਾਂ ਸੁਧ ਘਿਉ-ਦੁਧ ਦੀ ਵੀ ਕੱਢ ਲਈ ਹੈ । ਕੋਠੀ ਬਣ ਚੁਕੀ ਹੈ ।

ਨਿੱਕਾ ਜੋ ਮੈਨੂੰ ਬਹੁਤ ਪਿਆਰਾ ਸੀ ਉਸ 'ਚ ਮੇਰੀ ਰੂਹ ਹੈ । ਭਟਕੀ ਹੋਈ ਰੂਹ । ਤੇ ਉਹ ਮੇਰੀ ਇਛਿਆ ਪੂਰੀ ਕਰਦਾ ਹੈ । ਮੇਰੀ ਉਹ ਚਾਹ ਜੋ ਮੈਂ ਪੂਰੀ ਨਾ ਕਰ ਸਕਿਆ ਪੂਰੀ ਕਰਦਾ ਹੈ ।

ਕਲ ਹੀ ਉਹਨੇ ਇਕ ਕੁੜੀ ਨੂੰ ਰਿਸਟਵਾਚ ਤੋਹਫ਼ੇ ਵਜੋਂ ਦਿੱਤੀ ਹੈ ਦੀਵਾਲੀ ਦਾ ਤੋਹਫ਼ਾ । ਉਹ ੨੫ ਸਾਲ ਪੁਰਾਣੀ ਫੈਂਸੀ ਰਿਸਟਵਾਚ ਨਹੀਂ ਨਵੇਂ ਫੈਸ਼ਨ ਦੀ ਹੈ । ਡੇ, ਡੇਟ, ਟਾਈਮ ਤੋਂ ਛੁਟ ਕਲੰਡਰ ਵਾਲੀ ਆਟੋਮੈਟਿਕ ।

ਦੀਵਾਲੀ ਦੀ ਮਠਾਈ 'ਚ ਮੇਰਾ ਵੀ ਹਿੱਸਾ ਹੈ । ਸੁਧ ਘਿਉ ਦੇ ਚਿਰਾਗ ਸੁਲਗਾਏ ਗਏ ਹਨ । ਮੇਰੇ ਲਈ ਸਭ ਕੁਝ ਰਖਿਆ ਹੈ । ਥਾਲ 'ਚ ਪਰੋਸਿਆ ਪਿਆ ਹੈ । ਢੱਕਿਆ ਹੋਇਆ । ਮੈਨੂੰ ਆਪਣੀ ਸੜਕ ਤੇ ਢਕੀ ਲਾਸ਼ ਯਾਦ ਹੈ । ਸੜਕ ਅਜੇ ਤਕ ਵੀ ਨੰਗੀ ਹੈ ।

ਮੇਰੀਆਂ ਨੂਹਾਂ ਥਾਲ ਚੁਕੇ ਹਨ । ਥਾਲ ਦੀਵਿਆਂ ਦੀ ਲੋ ਉਪਰੋਂ ਫੇਰੇ ਗਏ ਹਨ । ਕੁਝ ਥਾਲ ਨੂਹਾਂ ਨੌਕਰਾਂ ਹੱਥ ਆਪਣੇ ਪੇਕਿਆਂ ਦੇ ਘਲੇ ਹਨ । ਮੇਰੇ ਵਾਲਾ ਥਾਲ ਮੇਰੀ ਧੀ ਹੱਥ ਹੈ । ਉਹ ਸਭ ਕੁਝ ਕੰਜਕਾਂ ਨੂੰ ਵੰਡ ਆਵੇਗੀ ।

ਹਾਂ ਉਹ ਤੁਰ ਪਈ ਹੈ । ਸਾਹਮਣਿਉਂ ਇਕ ਜੁਆਨ ਆਇਆ ਹੈ । ਭੂੰਡ ਪਟਾਕੇ, ਬੰਬ, ਸਾਂਭੀ । ਉਹਨੇ ਮੇਰੀ ਧੀ ਦਾ ਰਾਹ ਰੋਕ ਲਿਆ ਹੈ । ਮੇਰੀ ਧੀ ਇਧਰ ਉਧਰ ਤਕਿਆ ਹੈ । ਖੜੀ ਹੋ ਗਈ ਹੈ । ਨੌਜਵਾਨ ਉਹਨੂੰ ਚੁੰਮ ਲਿਆ ਹੈ ਘੁਟ ਲਿਆ ਹੈ ।

ਉਹ ਮੁਸਕਾ ਰਹੀ ਹੈ ।

ਮੇਰੀ ਰੂਹ ਤੜਪ ਗਈ ਹੈ । ਧੀ ਦੇ ਇਸ਼ਕ ਕਾਰਨ ਨਹੀਂ । ਸਗੋਂ ਉਸ ਮੁਸਕਾਨ ਦੀ ਸਰਾਂਦ ਕਾਰਨ ਜੋ ਮੈਂ ਆਪਣੀ ਜ਼ਿੰਦਗੀ 'ਚ ਨਾ ਪਾ ਸਕਿਆ ।

ਜੁਆਨ ਇਕ ਤੋਹਫ਼ਾ ਕਢਿਆ ਹੈ ਟੈਲੀਵੀਜ਼ਨ ਕੈਮਰਾ ।

ਉਸ ਲਿਆ ਨਹੀਂ ! ਬਸ ਘਰ ਉਹਦੀ ਉਡੀਕ ਕਰਨ ਲਈ ਕਿਹਾ ਹੈ । ਤੋਹਫ਼ਾ ਉਹ ਸਭ ਦੇ ਸਾਹਮਣੇ ਕਬੂਲ ਕਰੇਗੀ ।

ਮੇਰੀ ਬੱਚੀ ਪ੍ਰੈਸ ਰੀਪੋਰਟਰ ਹੈ। ਟੈਲੀਵੀਜ਼ਨ ਕਮਰੇ ਦੀ ਐਕਸਪਰਟ ਹੁਣ ਉਹਦਾ ਪਰਸਨਲ ਕੈਮਰਾ ਹੋਵੇਗਾ ਉਹ ਖੁਸ਼ ਹੈ।

ਇਕ ਪੁੱਤਰ ਮੇਰਾ ਆਫ਼ੀਸਰ ਹੈ। ਬਾਹਰ ਟੇਬਲ ਲੱਗੇ ਹੋਏ ਹਨ। ਜੂਆ ਹੋਵੇਗਾ। ਦੀਵਾਲੀ ਖੇਲੀ ਜਾਵੇਗੀ। ਟੇਬਲਾਂ ਤੇ ਵਖ ਵਖ ਵਾਈਨਜ਼ ਦੀਆਂ ਬੋਤਲਾਂ ਹਨ। ਗਲਾਸ ਹਨ।

ਕਈ ਦਿਨਾਂ ਤੋਂ ਉਹਨੂੰ ਡਾਲੀਆਂ ਆ ਰਹੀਆਂ ਸਨ। ਫਰੂਟਾਂ ਦੀਆਂ ਟੋਕਰੀਆਂ ਹੇਠਾਂ ਸ਼ਰਾਬ ਦੀਆਂ ਬੋਤਲਾਂ। ਮਠਿਆਈ ਦੇ ਡਬੇ ਵਿਚਕਾਰ ਬੀਅਰ! ਇਕ ਟੋਕਰੀ ਚੋਂ ਤਾਂ ਨੋਟ ਵੀ ਨਿਕਲੇ ਸਨ।

ਕਾਸ਼ ਇਹ ਨੋਟ ਮੈਨੂੰ ਮਿਲ ਜਾਂਦੇ। ਮੇਰੀ ਤ੍ਰੀਮਤ ਪਾਸ ਹੁੰਦੇ ਉਹ ਮੇਰੀ ਲਾਸ਼ ਠੀਕ ਤਰ੍ਹਾਂ ਟਕਾਣੇ ਲਾਉਂਦੀ।

ਇੰਜ ਖਜਲ ਨਾ ਹੁਦੀ।

ਭਟਕਦੀ ਨਾ।

ਇੰਜ਼ ਸੜਦੀ ਨਾ। ਗਲਦੀ ਨਾ।

ਇਸ ਨਾਲੋਂ ਤਾਂ ਚੰਗਾ ਹੁੰਦਾ ਪੋਸਟਮਾਰਟਮ ਲਈ ਚਲੀ ਜਾਂਦੀ, ਉਹਦਾ ਕੋਈ ਵਾਰਸ ਨਾ ਹੁੰਦਾ ਤੇ ਪੁਲਸ ਉਹਨੂੰ ਆਪ ਸਾੜ ਦਿੰਦੀ।

ਮੇਰੇ ਹੀ ਹੱਥਾਂ 'ਚ ਖੱਜਲ ਨਾ ਹੁੰਦੀ।
ਮੈਨੂੰ ਦੁਖ ਵੀ ਨਾ ਦਿੰਦੀ।

(ਸੁਜਾਨ ਪੁਰ ਟੀਰਾ, ਹਿਮਾਚਲ ਪ੍ਰਦੇਸ਼)

—o—

## ਸਫ਼ਰ ਤੇ ਮੰਜ਼ਲ /ਹਰਪਾਲ ਸਿੰਘ-ਲੱਖੀਆਂ

ਗੱਡੀ ਤੁਰੀ ਤੇ ਮੇਰੀ ਨਿਗ੍ਹਾ ਡੱਬੇ ਦੀਆਂ ਸਵਾਰੀਆਂ ਨੂੰ ਟਟੋਲਣ ਲਗੀ। ਕਿਸੇ ਵੀ ਸਵਾਰੀ ਨੂੰ ਮੈਂ ਨਹੀਂ ਸੀ ਜਾਣਦਾ। ਰਾਹ ਤਾਂ ਭਾਵੇਂ ਅੱਧੇ ਘੰਟੇ ਦਾ ਹੀ ਸੀ ਪਰ ਮੈਂ ਮਹਿਸੂਸ ਕੀਤਾ—ਅੱਜ ਦਾ ਸਫ਼ਰ ਬੜਾ ਔਖਾ ਲੰਘੇਗਾ।

ਗੱਡੀ ਦੇ ਡੱਬੇ ਭਰੇ ਹੋਏ ਸਨ।

ਗਰਮੀ ਦੀ ਰੁਤ! ਭੀੜ! ਛੋਟੀ ਗੱਡੀ! ਰਾਜਸਥਾਨ ਦਾ ਇਲਾਕਾ! ਸਾਹ ਜਿਵੇਂ ਘੁਟਦਾ ਪਿਆ ਸੀ।

ਕੇਸਰੀ ਸਿੰਘ ਪੁਰੋਂ ਗੰਗਾਨਗਰ ਪੁਜਣਾ ਸੀ। ਭੀੜ ਦੇ ਹੁੰਦਿਆਂ ਵੀ ਕਿਵੇਂ ਨਾ ਕਿਵੇਂ ਬੈਠਣ ਲਈ ਥਾਂ ਮਿਲ ਗਈ ਸੀ। ਸਾਹਮਣੀ ਸੀਟ ਤੇ ਬੈਠੀ ਔਰਤ ਨੇ ਬੈਠਣ ਲਈ ਥਾਂ ਮੰਗਣ ਤੇ ਮੂੰਹ ਦੂਜੇ ਪਾਸੇ ਕਰ ਲਿਆ ਸੀ। ਮੇਰਾ ਬੈਠਨਾ ਉਸਨੂੰ ਪਸੰਦ ਨਹੀਂ ਸੀ ਆਇਆ ਤੇ ਮੈਂ ਆਪਣੀ ਪਸੰਦ ਨਾ ਪਸੰਦ ਨੂੰ ਵੇਖ ਨਹੀਂ ਸਾਂ ਸਕਿਆ।

ਡੱਬੇ ਚੋਂ ਬਾਹਰ ਵੇਖਿਆਂ ਦੂਰ ਤੱਕ ਹਰੇਵਾਈ ਨਜ਼ਰੀਂ ਪੈਂਦੀ ਸੀ। ਮੀਂਹ ਪਰਸੋਂ ਹੀ ਪਿਆ ਸੀ ਪਰ ਰੇਤਾ ਫੇਰ ਵੀ ਉਡਕੇ ਅੰਦਰ ਆ ਰਿਹਾ ਸੀ। ਮੈਂ ਆਪਣੀ ਕਮੀਜ਼ ਦੇ ਬਟਨ ਖੋਲ੍ਹ ਲਏ ਸਨ। ਪਸੀਨੇ ਨਾਲ ਭਿੱਜੀ ਆਪਣੀ ਕਮੀਜ਼ ਨੂੰ ਸੁਕਾਣ ਲਈ ਉਸਨੂੰ ਮੈਂ ਹਿਲਾ ਰਿਹਾ ਸਾਂ। ਉਪਰ ਪੱਖੇ ਚਲ ਰਹੇ ਸਨ ਪਰ ਉਹਨਾਂ ਦੀ ਹਵਾ ਸਵਾਰੀਆਂ ਤੱਕ ਨਹੀਂ ਪੁੱਜ ਰਹੀ ਸੀ।

ਸਾਹਮਣੀ ਸੀਟ ਤੇ ਬੈਠੀ ਜੁਆਨ ਔਰਤ ਨੇ ਮੇਰੇ ਵੱਲ ਵੇਖਿਆ ਅਤੇ ਮੂੰਹ ਫੇਰ ਲਿਆ। ਉਸਨੇ ਆਪਣੇ ਪੈਰ ਅਤੇ ਗੋਡੇ ਪਿਛਾਂਹ ਨੂੰ ਸਰਕਾ ਲਏ। ਕੀ ਪਤਾ ਉਹ ਇੰਜ ਜਾਣ ਬੁਝਕੇ ਕਰ ਰਹੀ ਸੀ ਜਾਂ ਕੁਦਰਤੀ ਹੀ ਹੋ ਰਿਹਾ ਸੀ।

ਉਸਦੇ ਸੰਕੋਚ ਨਾਲ ਮੇਰੇ ਅੰਦਰ ਅੜੀ ਪੈਦਾ ਹੋ ਗਈ ਸੀ। ਮੈਂ ਆਪਣੇ ਆਪ ਨੂੰ ਪੂਰੀ ਤਰ੍ਹਾਂ ਕਾਬੂ ਵਿਚ ਕੀਤਾ ਹੋਇਆ ਸੀ ਤੇ ਉਸ ਵਲੋਂ ਬੇ-ਧਿਆਨ ਹੋਣ ਦਾ ਵਿਖਾਲਾ ਕਰ ਰਿਹਾ ਸਾਂ। ਮੇਰੀ ਨਿਗ੍ਹਾ ਕਦੀਂ ਮੇਰੇ ਪੈਰਾਂ ਅਤੇ ਗੋਡਿਆਂ ਤੇ ਹੁੰਦੀ ਅਤੇ ਕਦੇ ਖਿੜਕੀ ਰਾਹੀਂ ਦੂਰ ਦਿਸਹਦੇ ਤੱਕ ਕੁਝ ਲਭਦੀ ਰਹਿੰਦੀ।

ਸਫ਼ਰ ਨੂੰ ਸੁਖਾਲਾ ਕਰਨ ਲਈ ਥੈਲੇ ਵਿਚ ਪਿਆ ਰਿਸਾਲਾ ਕੱਢਕੇ ਪੜ੍ਹਨਾ ਚਾਹਿਆ ਪਰ ਏਨੇ ਚਿਰ ਵਿਚ ਪਿਛਲੀ ਸੀਟ ਤੇ ਬੈਠੇ ਆਦਮੀਆਂ ਨੇ ਗੱਲਾਂ ਸ਼ੁਰੂ ਕਰ ਲਈਆਂ ਤੇ ਮੇਰਾ ਧਿਆਨ ਉਧਰ ਹੋ ਗਿਆ।

"ਕੀ ਕੇਸ ਹੈ ਭਾਈ ਸਾਹਿਬ ਤੁਹਾਡੇ ਤੇ?" ਮੈਂ ਪਿਛੇ ਮੁੜਕੇ ਵੇਖਿਆ ਦੋ ਦੋਸ਼ੀ ਹਥਕੜੀ ਵਿਚ ਬੈਠੇ ਸਨ। ਦੋ ਸਿਪਾਹੀ ਉਹਨਾਂ ਦੇ ਦੋਹੀਂ ਪਾਸੀਂ ਬੈਠੇ ਸਨ। ਇਹ ਸਵਾਲ ਉਹਨਾਂ ਦੇ ਸਾਹਮਣੀ ਸੀਟ ਤੇ ਬੈਠੇ ਅਧਖੜ ਜਿਹੇ ਆਦਮੀ ਨੇ ਕੀਤਾ ਸੀ।

"ਤਿੰਨ ਸੌ ਦੋ ਦਾ ਹੈ ਜੀ।" ਇਕ ਦੋਸ਼ੀ ਬੜੇ ਹੌਸਲੇ ਨਾਲ ਜਵਾਬ ਦਿਤਾ। ਕਤਲ ਦਾ ਕੇਸ ਜਿਵੇਂ ਬੜੀ ਮਾਮੂਲੀ ਗੱਲ ਸੀ।

ਕੰਨ ਮੇਰੇ ਅਜੇ ਵੀ ਉਹਨਾਂ ਵੱਲ ਸਨ ਪਰ ਨਿਗ੍ਹਾ ਸਾਹਮਣੀ ਸੀਟ ਤੇ ਬੈਠੀ ਜੁਆਨ ਔਰਤ ਤੋਂ ਦੀ ਹੁੰਦੀ ਹੋਈ ਡੱਬੇ ਦੀ ਅਖੀਰਲੀ ਸੀਟ ਤੇ ਬੈਠੀ ਲੜਕੀ ਤੇ ਟਿਕ ਗਈ ਸੀ। ਜੇ ਮੇਰਾ ਕੋਈ ਦੋਸਤ ਮੇਰੇ ਨਾਲ ਹੁੰਦਾ ਤਾਂ ਮੈਂ ਜ਼ਰੂਰ ਉਸਨੂੰ ਉਧਰ ਵੇਖਣ ਲਈ ਕਹਿੰਦਾ ਸੀ —ਨਸ਼ੀਲੀਆਂ ਅੱਖਾਂ, ਭੋਲਾ ਚਿਹਰਾ, ਸਾਦਾ ਪਹਿਰਾਵਾ ਤੇ ਉਸ ਪਲ ਮੈਨੂੰ ਜਾਪਿਆ ਇਸ ਨਾਲੋਂ ਵਧੀਕ ਸੁਹਪਣ ਹੋਰ ਕੀ ਹੋ ਸਕਦਾ ਹੈ ?

ਉਸ ਤੋਂ ਪਿਛੋਂ ਮੈਂ ਚਾਹਿਆ ਉਨ੍ਹਾਂ ਦੀਆਂ ਗੱਲ ਸੁਣਾ ਤੇ ਬਾਹਰ ਵੱਲ ਵੇਖਦਾ ਰਹ੍ਵਾਂ ਪਰ ਉਹਨਾਂ ਦੀਆਂ ਗੱਲਾਂ ਵੱਲ ਮੇਰਾ ਧਿਆਨ ਉਕਾ ਹੀ ਨਹੀਂ ਸੀ ਰਿਹਾ। ਮੇਰੀ ਨਿਗ੍ਹਾ ਵਾਰ ਵਾਰ ਉਸ ਮਾਸੂਮ ਸੁਹਪਣ ਤੇ ਜਾ ਟਿਕਦੀ ਤੇ ਮੇਰਾ ਦਿਮਾਗ ਬੀਤੇ ਵਿਚ ਚਲਾ ਜਾਂਦਾ।

ਸਾਹਮਣੀ ਸੀਟ ਤੇ ਬੈਠੀ ਔਰਤ ਨੇ ਇਕ ਦੋ ਵਾਰ ਮੇਰੇ ਵੱਲ ਵੇਖਿਆ ਅਤੇ ਫੇਰ ਆਪਣੇ ਬੱਚੇ ਨਾਲ ਪਰਚ ਜਾਂਦੀ ਰਹੀ।

ਸਾਹਮਣੀ ਸੀਟ ਤੇ ਬੈਠੀ ਔਰਤ—ਉਸਦੇ ਦੰਦ ਉੱਚੇ ਸਨ, ਮੂੰਹ ਲੋੜ ਤੋਂ ਵਧੀਕ ਚੌੜਾ ਸੀ, ਬਹੁਤੇ ਉਗੇ ਕੇਸਾਂ ਕਾਰਨ ਮੱਥਾ ਛੋਟਾ ਰਹਿ ਗਿਆ ਸੀ, ਰੰਗ ਗੋਰਾ ਸੀ—ਉਹ ਸੋਹਣੀ ਨਹੀਂ ਸੀ ਅਤੇ ਇੰਜ ਨਿਗਾਹ ਫੇਰ ਲੈਂਦੀ ਸੀ ਜਿਵੇਂ ਉਸਨੂੰ ਆਪਣੇ ਆਪ ਤੇ ਬੜਾ ਮਾਨ ਸੀ।

ਪਿਛਲੇ ਪਾਸੇ ਦੋਸ਼ੀ ਅਜੇ ਵੀ ਗੱਲਾਂ ਕਰ ਰਹੇ ਸਨ।

ਮੇਰੀ ਨਿਗਾਹ ਨੁੱਕਰ ਵਾਲੀ ਸੀਟ ਤੇ ਬੈਠੀ ਲੜਕੀ ਤੇ ਜਾ ਟਿਕਦੀ ਸੀ। ਮੇਰੇ ਅੰਦਰ ਇਕ ਸੁਖਾਵਾਂ ਅਹਿਸਾਸ ਸੀ।

ਸਾਹਮਣੀ ਸੀਟ ਤੇ ਬੈਠੀ ਔਰਤ ਆਪਣੇ ਬਚੇ ਨਾਲ ਪਰਚੀ ਹੋਈ ਸੀ। ਪਰ ਉਹ ਵਾਰ ਵਾਰ ਮੇਰੇ ਵੱਲ ਵੇਖਦੀ ਸੀ।

ਗੱਡੀ ਪ੍ਰਿਥਵੀ ਰਾਜ ਪੁਰ ਸਟੇਸ਼ਨ ਤੇ ਰੁਕੀ ਹੋਈ ਸੀ।

ਗੱਡੀ ਚਲੀ ! ਅਨ੍ਹੇਰੀ ! ਪਰ ਹੁੰਮਸ ਦਾ ਅਹਿਸਾਸ ਇਕ ਆਵਾਜ਼ ਸਾਰੇ ਡੱਬੇ ਵਿਚ ਗੂੰਜੀ। ਇਸ ਆਵਾਜ਼ ਵਿਚ ਨਾ ਹੀ ਕੋਈ ਸੁਰ-ਤਾਲ ਸੀ ਅਤੇ ਨਾ ਹੀ ਆਵਾਜ਼ ਸੁਹਣੀ ਸੀ ਪਰ ਉਹ ਔਰਤ ਇੰਜ ਗਾਈ ਜਾ ਰਹੀ ਸੀ ਜਿਵੇਂ ਡੱਬੇ ਵਿਚ ਬੈਠੀਆਂ ਸਾਰੀਆਂ ਸਵਾਰੀਆਂ ਉਸਨੂੰ ਬੜੇ ਧਿਆਨ ਨਾਲ ਸੁਣ ਰਹੀਆਂ ਹੋਣ।

ਉਹ ਕੋਈ ਫਿਲਮੀ ਗੀਤ ਗਾ ਰਹੀ ਸੀ।

ਇਹ ਗੀਤ ਪਿਆਰ ਬਾਰੇ ਸੀ।

ਇਸ ਗੀਤ ਨੇ ਮੇਰੇ ਅੰਦਰ ਖਿੱਝ ਜਿਹੀ ਪੈਦਾ ਕਰ ਦਿਤੀ ਸੀ। ਰਾਤ, ਬੀੜੀਆਂ ਦਾ ਧੂੰਆਂ, ਭੀੜ ਤੇ ਪਿਆਰ ਦਾ ਇਹ ਗੀਤ !

ਪਿਆਰ ਬਾਰੇ ਫਿਲਮੀ ਗੀਤ ਗਾਣ ਵਾਲੀ ਔਰਤ ਦੀ ਖੱਬੀ ਅੱਖ ਮਾਰੀ ਹੋਈ ਸੀ। ਉਸ ਵੱਲ ਵੇਖਕੇ ਮੈਂ ਦਿਲ ਹੀ ਦਿਲ ਵਿਚ ਆਖਿਆ—ਇਸ ਕਾਲੀ ਐਨਕ ਕਿਉਂ ਨਹੀਂ ਲਾਈ ?

ਉਸਦੇ ਕਪੜੇ ਟਾਕੀਆਂ ਲੱਗੇ ਹੋਏ ਸਨ, ਰੰਗ ਵੀ ਪੱਕਾ ਹੀ ਸੀ ਪਰ ਜੇ ਉਸਦੀ ਖੱਬੀ ਅੱਖ ਸਾਬਤ ਹੁੰਦੀ ਤਾਂ ਮੈਂ ਉਸਨੂੰ ਖੂਬਸੂਰਤ ਆਖਦਾ, ਖੂਬਸੂਰਤ ਨਹੀਂ ਤਾਂ ਮਨਮੋਹਣੀ ਜ਼ਰੂਰ।

ਉਸਦਾ ਗਾਣਾ ਖਤਮ ਨਹੀਂ ਸੀ ਹੋਇਆ।

ਮੇਰੀ ਨਿਗ੍ਹਾ ਨੁਕਰ ਵਾਲੀ ਲੜਕੀ ਤੇ ਟਿਕੀ ਹੋਈ ਸੀ ਤੇ ਮੇਰੀ ਸੁਧਰ ਸੀ ਉਹ ਮੇਰੇ ਵਲ ਵੇਖੇ ਪਰ ਇੰਜ ਹੋ ਨਹੀਂ ਸੀ ਰਿਹਾ—ਉਹ ਤੇ ਜਿਵੇਂ ਇਕ ਬੁੱਤ ਸੀ— ਜਿਥੇ ਉਸਦੀ ਨਿਗ੍ਹਾ ਸੀ ਓਥੇ ਹੀ ਉਸ ਟਿਕਾਈ ਹੋਈ ਸੀ, ਜਿਥੇ ਉਸਦੀਆਂ ਬਾਹਵਾਂ ਸਨ ਓਥੇ ਹੀ ਉਸ ਰਖੀਆਂ ਹੋਈਆਂ ਸਨ।

ਪਤਾ ਨਹੀਂ ਕਿੰਨੀਆਂ ਸੋਚਾਂ ਉਸ ਬਾਰੇ ਮੇਰੇ ਦਿਮਾਗ 'ਚ ਆ ਜਾ ਰਹੀਆਂ ਸਨ।

ਮੈਂ ਬੇਚੈਨ ਹੋਇਆ ਹੋਇਆ ਸਾਂ।

ਸਾਹਮਣੀ ਸੀਟ ਤੇ ਬੈਠੀ ਔਰਤ ਦਾ ਬੱਚਾ ਮੇਰੇ ਵਲ ਵੇਖ ਰਿਹਾ ਸੀ। ਜਦ ਮੇਰੀ ਨਿਗ੍ਹਾ ਉਸ ਨਾਲ ਟਕਰਾਈ ਤਾਂ ਉਹ ਮੇਰੇ ਵਲ ਉਲਰਦਾ ਹੋਇਆ ਬੋਲਿਆ, 'ਪਾਪਾ।' ਮੈਨੂੰ ਖੁਸ਼ ਹੋਣਾ ਚਾਹੀਦਾ ਸੀ ਪਰ ਸਗੋਂ ਖਿਝ ਜਿਹੀ ਆਈ। ਉਸ ਔਰਤ ਨੇ ਬੱਚੇ ਦਾ ਮੂੰਹ ਆਪਣੇ ਵਲ ਕਰ ਲਿਆ ਤੇ ਉਸਨੂੰ ਪ੍ਰਚਾਉਣ ਲਈ ਉਸਦੇ ਹੱਥ ਤੇ ਆਪਣੀ ਉਂਗਲ ਨਾਲ 'ਕੌਰ ਕੰਡੇ' ਕਰਨ ਲਗੀ।

ਪਰ ਆਪਣੇ ਬੱਚੇ ਦੀ ਇਸ ਹਰਕਤ ਤੇ ਉਹ ਮੁਸਕਰਾ ਪਈ ਸੀ।

ਤੇ ਮੈਂ ਸੋਚਣ ਲਗ ਪਿਆ, 'ਜੇ ਨੁੱਕਰ ਵਿਚ ਬੈਠੀ ਲੜਕੀ ਦਾ ਬੱਚਾ ਮੈਨੂੰ ਇੰਜ ਕਹਿੰਦਾ......।' ਪਤਾ ਨਹੀਂ ਕੀ ਕੁਝ ਸੋਚਿਆ, ਸਰੀਰ ਮੇਰਾ ਮੈਨੂੰ ਕੰਬਦਾ ਜਾਪਿਆ......ਤੇ ਫੇਰ ਮੈਂ ਆਪਣੀ ਇਸ ਸੋਚ ਤੇ ਮੁਸਕਰਾ ਪਿਆ—ਇੰਜ ਜਿਵੇਂ ਮੈਂ ਕੋਈ ਮਾਮੂਲੀ ਚੋਰੀ ਕਰਦਾ ਫੜਿਆ ਗਿਆ ਹੋਵਾਂ।

ਉਸ ਔਰਤ ਨੇ ਆਪਣਾ ਗਾਣਾ ਬੰਦ ਕਰ ਦਿਤਾ ਸੀ ਤੇ ਆਪਣੀ ਚੁੰਨੀ ਦਾ ਲੜ ਠੀਕ ਕਰ ਰਹੀ ਸੀ। ਗਾਣੇ ਦੀ ਇਕ ਸਤਰ ਉਹ ਵਾਰ ਵਾਰ ਗਾ ਰਹੀ ਸੀ। ਉਸਨੇ ਇਕ ਸਿੱਕਾ ਜੇਬ ਵਿਚੋਂ ਕੱਢ ਕੇ ਹੱਥ ਵਿਚ ਫੜ ਲਿਆ ਸੀ ਅਤੇ ਉਸਨੂੰ ਆਪਣੇ ਹੱਥ ਵਿਚ ਹਿਲਾਉਂਦੀ ਹੋਈ ਨੇ ਡੱਬੇ ਦੇ ਇਕ ਸਿਰੇ ਤੋਂ ਮੰਗਣਾ ਸ਼ੁਰੂ ਕਰ ਦਿਤਾ ਸੀ।

ਮੈਂ ਬਾਹਰ ਵੱਲ ਵੇਖਿਆ—ਨਿਗ੍ਹਾ ਦੂਰ ਦਿਸਹਦੇ ਤਕ ਚਲੀ ਗਈ। ਭਾਵੇਂ ਡੱਬੇ ਵਿਚ ਭੀੜ ਸੀ ਪਰ ਮੈਨੂੰ ਖੁਲ੍ਹ ਦਾ ਅਹਿਸਾਸ ਹੋਇਆ। ਮੰਜ਼ਲ ਨੇੜੇ ਹੀ ਸੀ। ਅਸਮਾਨ ਤੇ ਵਿਰਲੇ ਵਿਰਲੇ ਬਦਲ ਮੇਰੀਆਂ ਸੋਚਾਂ ਵਾਂਗ ਭਟਕ ਰਹੇ ਸਨ। ਸੁਪਨਿਆਂ ਵਾਂਗ ਪਸੀਨਾ ਸਰੀਰ ਤੋਂ ਉਡ ਗਿਆ ਸੀ ਪਰ ਹਸਰਤਾਂ ਵਾਂਗ ਰੇਤਾ ਸਰੀਰ ਨੂੰ ਅਚਵੀ ਲਾਈ ਖੜਾ ਸੀ। ਪਰ ਇਸਦਾ ਅਹਿਸਾਸ ਮੈਨੂੰ ਕੁਝ ਪਲਾਂ ਲਈ ਹੀ ਹੋਇਆ—ਮੇਰੀ ਨਿਗ੍ਹਾ ਡੱਬੇ ਵਿਚ ਪਰਤ ਆਈ ਸੀ, ਮੇਰੀਆਂ ਸੋਚਾਂ ਮੇਰੇ ਕਾਬੂ ਵਿਚ ਆ ਗਈਆਂ ਸਨ।

ਗੱਡੀ ਪੂਰੀ ਚਾਲ ਨਾਲ ਚਲਦੀ ਜਾ ਰਹੀ ਸੀ।

ਸਾਹਮਣੀ ਸੀਟ ਵਾਲੀ ਔਰਤ ਦਾ ਬੱਚਾ ਫਿਰ ਮੇਰੇ ਵਲ ਉਲਰਿਆ। ਇਸ ਵਾਰ ਉਹ ਪਹਿਲਾਂ ਨਾਲੋਂ ਜ਼ਿਆਦਾ ਖੁਲ੍ਹ ਕੇ ਮੁਸਕ੍ਰਾਈ। ਬੇਦਿਲੀ ਜਿਹੀ ਨਾਲ ਉਸਨੇ ਬੱਚੇ ਨੂੰ ਪਕੜਿਆ। ਉਸਨੂੰ ਖਿਡਾਉਂਦੀ, ਪ੍ਰਚਾਉਂਦੀ ਵਾਰ ਵਾਰ ਮੇਰੇ ਵਲ ਵੇਖਦੀ ਜਿਹੜਾ ਸੰਕੋਚ ਉਸ 'ਚ ਮੇਰੇ ਚੜ੍ਹਨ ਵੇਲੇ ਸੀ ਉਹ ਹੁਣ ਨਹੀਂ ਸੀ ਰਿਹਾ। ਪਰ ਮੇਰਾ ਦਿਲ ਉਸ ਵਲੋਂ ਖਿਝਿਆ ਹੋਇਆ ਸੀ ਉਸਦੀ ਕੋਈ ਵੀ ਹਰਕਤ ਮੈਨੂੰ ਚੰਗੀ ਨਹੀਂ ਸੀ ਇਹ ਕਿਉਂ ਆਖਰ ਕਿਉਂ ਮੇਰੇ ਵਲ ਵੇਖਦੀ ਹੈ।

ਦੋਸ਼ੀਆਂ ਨਾਲ ਬਹੁਤ ਸਾਰੀਆਂ ਗੱਲਾਂ ਕਰਨ ਪਿਛੋਂ ਉਹ ਅਧਖੜ ਉਮਰ ਦਾ ਆਦਮੀ ਉਹਨਾਂ ਨੂੰ ਦਿਲਾਸਾ ਦੇ ਰਿਹਾ ਸੀ। 'ਇਹਨਾਂ ਵਾਧੂ ਗੱਲਾਂ ਦੀ ਕੀ ਲੋੜ ਹੈ ?' ਮੈਨੂੰ ਖਿਝ ਜਿਹੀ ਆਈ।

ਮੈਂ ਨੁੱਕਰ ਵਾਲੀ ਸੀਟ ਤੇ ਬੈਠੀ ਲੜਕੀ ਵਲ ਵੇਖ ਰਿਹਾ ਸਾਂ, 'ਵਿਚਾਰੀ ਗਊ !' ਉਸ ਬਾਬਤ ਸੋਚਦਿਆਂ, ਪਤਾ ਨਹੀਂ ਕਿਉਂ, ਉਸ ਪ੍ਰਤੀ ਮੇਰੇ ਦਿਲ 'ਚ ਤਰਸ ਦੀ ਭਾਵਨਾ ਪੈਦਾ ਹੋ ਗਈ ਸੀ। ਉਸ ਇਕ ਵਾਰ ਵੀ ਮੇਰੇ ਵੱਲ ਵੇਖਕੇ ਮੇਰੀ ਸੱਧਰ ਪੂਰੀ ਨਹੀਂ ਸੀ ਕੀਤੀ। ਉਹ ਪਤਾ ਨਹੀਂ ਕੀ ਕੁਝ ਸੋਚ ਰਹੀ ਹੋਵੇਗੀ, ਜਿਥੇ ਉਸਦੀ ਨਿਗਾਹ ਸੀ ਉਥੇ ਹੀ ਉਸ ਟਿਕਾਈ ਹੋਈ ਸੀ, ਜਿਥੇ ਉਸਦੀਆਂ ਬਾਹਵਾਂ ਸਨ ਓਥੇ ਹੀ ਉਸ ਰਖੀਆਂ ਹੋਈਆਂ ਸਨ। (ਪਰ ਉਸਦੀਆਂ ਸੋਚਾਂ ਏਸ ਤਰ੍ਹਾਂ ਇਕ ਥਾਂ ਨਹੀਂ ਟਿਕੀਆਂ ਹੋਣੀਆਂ।) ਪਰ ਮੈਨੂੰ ਖਿਝ ਨਹੀਂ ਸੀ ਆਈ।

ਬਾਹਰ ਕੋਈ ਕਣੀ ਕੋਈ ਡਿਗ ਰਹੀ ਸੀ। ਧਰਤੀ 'ਚੋਂ ਸੁਗੰਧ ਆ ਰਹੀ ਸੀ। ਰੇਤਾ ਉਡਣੋ ਹਟ ਗਿਆ ਸੀ।

ਉਹ ਔਰਤ ਗੀਤ ਗਾਉਂਦੀ ਹੋਈ ਅਜੇ ਵੀ ਮੰਗ ਰਹੀ ਸੀ। ਡੱਬੇ ਦੇ ਇਕ ਪਾਸੇ ਖੜੇ ਆਦਮੀ ਅੱਗੇ ਉਸ ਹੱਥ ਕੀਤਾ ਤਾਂ ਉਹ ਆਦਮੀ ਹੱਸ ਪਿਆ—ਲੋਕਾਂ ਵਲੋਂ ਬਿਲਕੁਲ ਬੇਪ੍ਰਵਾਹ, ਪਰ ਉਸ ਔਰਤ ਦੇ ਚਿਹਰੇ ਦੇ ਭਾਵ ਨਾ ਬਦਲੇ। ਉਸ ਤੋਂ ਉਮੀਦ ਲਾਹਕੇ ਉਹ ਅਗਲੀ ਸਵਾਰੀ ਅਗੇ ਹੱਥ ਅੱਡ ਕੇ ਖੜ ਗਈ। ਉਹ ਆਦਮੀ ਹੱਸੀ ਜਾ ਰਿਹਾ ਸੀ ਤੇ ਉਸ ਆਪਣੇ ਸਾਥੀ ਨੂੰ ਸੁਣਾ-ਦਿਆਂ ਉਸ ਔਰਤ ਨੂੰ ਗਾਲ੍ਹ ਕੱਢੀ। ਪਰ ਉਸ ਔਰਤ ਨੇ ਇਹ ਗਾਲ੍ਹ ਉੱਕਾ ਹੀ ਨਾ ਗੌਲੀ।

ਗੱਡੀ 'ਕੁੱਤੇ ਲੱਕ' ਕੱਸੀ ਉਤੋਂ ਦੀ ਲੰਘ ਰਹੀ ਸੀ।

ਮੇਰੀ ਨਿਗਾਹ ਨੁੱਕਰ ਵਾਲੀ ਸੀਟ ਤੇ ਬੈਠੀ ਲੜਕੀ ਉਤੇ ਟਿਕੀ ਹੋਈ ਸੀ। ਮੈਂ ਚਾਹੁੰਦਾ ਸਾਂ ਇਕ ਵਾਰ ਉਹ ਮੇਰੇ ਵੱਲ ਵੇਖ ਲਵੇ ਤੇ.....

ਮੈਨੂੰ ਲਗਿਆ ਸਾਹਮਣੀ ਸੀਟ ਤੇ ਬੈਠੀ ਔਰਤ ਦੇ ਪੈਰ ਹੌਲੀ ਹੌਲੀ ਮੇਰੇ ਪੈਰਾਂ ਵੱਲ ਸਰਕ ਰਹੇ ਸਨ—

ਅੱਧੇ ਘੰਟੇ ਦਾ ਸਫ਼ਰ ਜੋ ਮੈਨੂੰ ਪਹਾੜ ਦਿਸਿਆ ਸੀ ਲੰਘ ਚੁੱਕਾ ਸੀ, ਮੈਂ ਆਪਣੀ ਮੰਜ਼ਲ ਦੇ ਨੇੜੇ ਪੁੱਜ ਚੁੱਕਾ ਸਾਂ।

ਪਰ ਫੇਰ ਵੀ ਨੁੱਕਰ ਵਾਲੀ ਸੀਟ ਵੱਲ ਵੇਖਦਿਆਂ ਮੈਨੂੰ ਲਗ ਰਿਹਾ ਸੀ ਕਿ ਮੈਂ ਆਪਣੀ ਮੰਜ਼ਲ ਤੇ ਨਹੀਂ ਪੁੱਜ ਸਕਾਂਗਾ। (ਸ਼ਾਇਦ ਇਹੋ ਕੁਝ ਉਹ ਖੜਾ ਸਾਹਮਣੀ ਸੀਟ ਤੇ ਬੈਠੀ ਔਰਤ ਸੋਚ ਰਹੀ ਸੀ ਤੇ ਇਹੋ ਕੁਝ ਉਹ ਖੜਾ ਆਦਮੀ।)

ਗੱਡੀ ਹੌਲੀ, ਹੋਰ ਹੌਲੀ ਹੁੰਦੀ ਜਾ ਰਹੀ ਸੀ।

ਮੰਜ਼ਲ, ਪਤਾ ਨਹੀਂ ਨੇੜੇ ਆ ਰਹੀ ਸੀ ਜਾਂ ਦੂਰ ਜਾ ਰਹੀ ਸੀ।

—o—

ਲਿਖਾਰੀ ਸਭਾ ਮੋਗਾ ਦੇ ਮੈਂਬਰਾਂ ਵਲੋਂ

## ਸਮੇਂ ਦਾ ਗਰਭ/ਤੇਜਾ ਸਿੰਘ ਹੌਤਾਂ

ਸਮੇਂ ਦੇ ਗਰਭ ਲੇ
ਜੋ ਜੰਮੀ ਸੀ ਕੁੜੀ
ਉਹ ਹੱਸਦੀ ਜਿਵੇਂ
ਰੋਂਦੀ ਹੈ ਝੜੀ।
ਸਮੇਂ ਦੇ ਪੈਰ ਹੁਣ
ਫੇਰ ਭਾਰੇ ਨੇ।
ਸਮੇਂ ਦਾ ਢਿੱਡ
ਪੀੜਾਂ ਦੇ ਨਾਲ
ਭਰਿਆ ਹੈ।
ਗਹਿਰੀ ਅੱਖ ਦਾ
ਇਸ਼ਾਰਾ ਉਸ
ਕਰਿਆ ਹੈ।
ਉਸ ਦੇ ਰੂਪ ਤੋਂ
ਸ਼ਾਹੀਆਂ ਦੇ ਧੱਬੇ
ਜਨਮ ਦੇ ਕੇ ਹੀ
ਸਭ ਲੱਥਣੇ ਨੇ।

—o—

## ਗ਼ਜ਼ਲ

ਰਾਤ ਨੂੰ ਜੋ ਰਾਤ ਹੀ ਪੁਕਾਰਦੇ।
ਨ੍ਹੇਰਿਆਂ ਤੇ ਲੀਕ ਉਹ ਹੀ ਮਾਰਦੇ।

... ...

ਆਉਂਦੀ ਉਸ ਦਿਨ ਤਰੇਲੀ ਰਾਤ ਨੂੰ
ਬੋਲ੍ਹ ਜੂੜੇ ਨੂੰ ਜਦੋਂ ਉਹ ਖਿਲਾਰਦੇ।

... ...

ਇਸ਼ਕ ਵਾਲੀ ਕਾਂਗ ਚੜ੍ਹਦੀ ਹੈ ਜਦੋਂ
ਅੰਗੜਾਈ ਮੌਤ ਨੂੰ ਲਲਕਾਰਦੇ।
ਪੈ ਗਈ ਹੈ ਰਾਤ ਹੁਣ ਤੇ ਕੂੜਦੀ।
ਸੂਰਜਾ ਤੂੰ ਕਾਲਖਾਂ ਲੰਗਾਰਦੇ।
ਚੀਰ ਕੇ ਹੁਣ ਪਾਕ ਫੋੜੇ ਨੂੰ ਅਸੀਂ
ਬੰਨ੍ਹ ਦੇਣੀ ਹੈ ਪਟੀ ਦਿਲਦਾਰ ਦੇ।

—o—

## ਵੰਗਾਰ/ਮਨਜੀਤ ਢਿਲੋਂ

ਤੁਸੀਂ ਮੇਰੇ ਤੇ ਬਗਾਵਤ ਦਾ
ਅਲਜ਼ਾਮ ਲਾਇਆ ਹੈ।
ਤੁਸੀਂ ਕਹਿੰਦੇ ਹੋ
ਮੈਂ ਹੱਕ ਤੇ ਖ਼ੂਨ ਦੀ ਗੱਲ ਕੀਤੀ ਹੈ।
ਤੁਸੀਂ ਕਹਿੰਦੇ ਹੋ
ਮੈਂ ਸਵਿਧਾਨ ਤੋਂ ਬਾਗੀ।
ਤੁਸੀਂ ਕਹਿੰਦੇ ਹੋ
ਮੈਂ ਭਗਵਾਨ ਤੋਂ ਬਾਗੀ।
ਤੁਸੀਂ ਕਹਿੰਦੇ ਹੋ
ਭਗਵਾਨ ਤੇ ਸਵਿਧਾਨ
ਕਿਸੇ ਦਾ ਹੱਕ ਨਹੀਂ ਰਖਦੇ।
ਮੈਂ ਕਿਵੇਂ ਮੰਨਾ?
ਮੈਂ ਕਿਵੇਂ ਮੰਨਾ?
ਕਿ ਭਗਵਾਨ ਤੇ ਸਵਿਧਾਨ ਨੂੰ ਦਿਸਦੈ।
ਮੈਂ ਕਿਵੇਂ ਮੰਨਾ?
ਕਿ ਭਗਵਾਨ ਤੇ ਸਵਿਧਾਨ
ਮੈਂ ਕਿਵੇਂ ਮੰਨਾ?
ਕਿ ਭਗਵਾਨ ਤੇ ਸਵਿਧਾਨ ਨੂੰ ਸੁਣਦੈ।
ਕਿਸੇ ਦਾ ਹੱਕ ਨਹੀਂ ਰਖਦੇ।
ਮੈਂ ਸਦਾ ਮਿੱਟੀ ਸੰਗ ਮਿੱਟੀ
ਹੋ ਕੇ ਕਹਿੰਦਾ ਹਾਂ
ਫਿਰ ਵੀ ਭੁੱਖਾ,
ਤੇ ਤਨੋ ਨੰਗਾ ਰਹਿੰਦਾ ਹਾਂ।
ਤੇ ਤੁਸੀਂ
ਜੋ ਕਿਰਤ ਨੂੰ ਨਫਰਤ ਕਰਦੇ ਹੋ।
ਸਦਾ ਰੱਜੇ ਤੇ ਕਾਰਾਂ ਤੇ ਚੜ੍ਹਦੇ ਹੋ।
ਉਹ ਭਗਵਾਨ ਕੇਹਾ ਹੈ
ਜੋ ਕਿਰਤ ਨੂੰ ਭੁੱਖਿਆਂ ਰਖਦੈ।
ਉਹ ਸਵਿਧਾਨ ਕੇਹਾ ਹੈ।
ਜੋ ਕਿਰਤ ਦਾ ਹੱਕ ਨਹੀਂ ਦਿੰਦਾ।
ਸਦੀਆਂ ਮੈਂ ਵੀ ਭਗਵਾਨ ਨੂੰ ਮਨਿਆਂ।
ਜਿਥੇ ਤੁਸੀਂ ਦਸਿਆ

ਉਥੇ ਮੈਂ ਡੰਡੌਤ ਕੀਤੀ ਹੈ ।
ਪਰ ਭਗਵਾਨ ਸਦਾ, ਤੁਹਾਨੂੰ ਹੀ ਮਿਲਿਆ
ਮੇਰੇ ਤਾਂ ਕਦੇ ਮੱਥੇ ਨਹੀਂ ਲੱਗਾ ।
ਤੇ ਇਸ ਸਵਿਧਾਨ ਦੀ ਵਫ਼ਾ ਦੀ
ਮੈਂ ਕਸਮ ਖਾਧੀ ਸੀ ।
ਪਰ ਇਹ ਸਦਾ ਮੇਰੇ ਪੇਟ ਨੂੰ ਕਟਦਾ
ਤੇ ਤੁਹਾਡੇ ਪੇਟ ਨੂੰ ਭਰਦਾ ਰਿਹੈ ।
ਤੇ ਅਜ ਜਦੋਂ ਮੈਂ
ਹੱਕ ਤੇ ਖ਼ੂਨ ਦੀ ਗੱਲ ਕੀਤੀ ਹੈ ।
ਹੱਕ ਜੋ ਮੇਰਾ ਆਪਣਾ ਹੈ ।
ਖ਼ੂਨ ਜੋ ਮੇਰਾ ਤੁਸਾਂ ਪੀਤਾ ਹੈ
ਤਾਂ ਇਸ ਸਵਿਧਾਨ ਨੂੰ ਜੀਭ ਲੱਗੀ ।
ਹੱਕ ਮੰਗਣ ਨੂੰ ਇਹ ਬਾਗ਼ੀ ਕਹਿੰਦਾ ਹੈ ।
ਜੋ ਮੇਰਾ ਹੱਕ ਲੁਟਣ ਤੇ ਕੂ ਨਹੀਂ ਸਕਿਆ ।
ਪਰ ਕਾਵਾਂ ਦੇ ਆਖੇ,
ਢੱਗੇ ਨਹੀਂ ਮਰਦੇ ।
ਜੇ ਉਲੂ ਧਰਤ ਸਾਰੀ ਦੇ
ਤੜਕ ਸ਼ਾਰ ਕੁਰਲਾਣ ਲੱਗ ਜਾਵਣ
ਤਾਂ ਸੂਰਜ ਚੜ੍ਹਨੋਂ ਰੁੱਕ ਨਹੀਂ ਜਾਂਦਾ ।

—o—

## ਪ੍ਰਸ਼ਨ-ਉਤਰ/ਜਸਵੰਤ ਕੈਲਵੀ

ਪੜ੍ਹਿਆ ਤੇ ਅਨਪੜ੍ਹ
ਹਰ ਕੋਈ ਜਾਣ ਸਕਦਾ ਹੈ ।
ਕਿ ਇਤਿਹਾਸ ਦੇ ਪ੍ਰਸ਼ਨ ਦਾ ਉੱਤਰ ਦੇਣ ਲਈ
ਅਲਜਬਰੇ ਦਾ ਫਾਰਮੂਲਾ ਕਿਸੇ ਕੰਮ ਨਹੀਂ ਆਉਂਦਾ ।
ਵੈਰੀਆਂ ਵਲੋਂ ਵਰ੍ਹਾਈਆਂ ਗੋਲੀਆਂ
ਤੇ ਸੰਗੀਨਾਂ ਦਾ ਉਤਰ
ਜੋ ਪ੍ਰਾਰਥਨਾ 'ਚ ਜੁੜੇ
ਹੱਥਾਂ ਨਾਲ ਦੇਣ ਲਈ ਕਹਿੰਦੇ ਹਨ
ਉਹ ਸਾਡੇ ਦੁਸ਼ਮਣ ਹਨ ਕਿ ਮਿਤਰ
ਤੁਸੀਂ ਸੋਚੋ ?
ਵੈਰੀਆਂ ਦੇ ਪਾਏ ਹੋਏ ਗੰਦ ਨੂੰ ਧੋਣ ਲਈ
ਨਲਕੇ ਦੇ ਪਾਣੀ ਦੀ ਭਰੀ ਬਾਲਟੀ
ਕਿਸ ਕੰਮ ?
ਇਹ ਗੰਦ ਕਿਵੇਂ ਧੋਈਦਾ ਹੈ ?
ਵੀਤਨਾਮ ਦੇ ਅਣਖੀਲੇ ਯੋਧਿਆਂ ਨੂੰ ਪੁੱਛੋ ।
ਭੁੱਲ ਕਿਉਂ ਗਏ ਹੋ—
ਅਜੇ ਕਲ ਦੀ ਤਾਂ ਗੱਲ ਹੈ ।
ਗੁਰੂ ਗੋਬਿੰਦ ਦੀ ਲਿਸ਼ਕਦੀ ਤਲਵਾਰ ਨੇ
ਚਮਕੌਰ ਦੀ ਧਰਤੀ ਤੇ
ਇਹ ਪ੍ਰਸ਼ਨ ਹੱਲ ਕੀਤਾ ਸੀ ।
ਇਤਿਹਾਸ ਗੁਆਹ ਹੈ—
ਕਈ ਵਾਰ
ਜਬਰ ਦੀ ਦਾਤੀ ਹੱਥ ਫੜ ਕੇ
ਚੰਗੇਜ਼, ਹਲਾਕੂ ਔਰੰਗਜ਼ੇਬ ਤੇ ਨਾਦਰ
ਯੋਧਿਆਂ ਦੇ ਸਿਰਾਂ ਦੀ ਫਸਲ ਵੱਢ ਚੁੱਕੇ ਨੇ
ਪਰ ਹਰ ਵਾਰੀ ਹੀ
ਛਟਾਲੇ ਦੇ ਨਵੇਂ ਫੁੱਟੇ ਲੌ ਵਾਂਗ
ਅਣਖੀਲੇ ਸਿਰਾਂ ਦੀ ਫਸਲ ਝੂਮਦੀ ਰਹੀ
ਲਹਿਲਹਾਉਂਦੀ ਰਹੀ
ਜਬਰ ਦੀਆਂ ਦਾਤੀਆਂ
ਖੁੰਢੀਆਂ ਹੋਈਆਂ ਤੇ ਘਸੀਆਂ
ਜਦੋਂ ਕਿਸੇ ਸਿਦਕੀ ਦੇ ਸਿਰ ਤੇ
ਆਰਾ ਚਲਦਾ ਹੈ
ਤਾਂ ਜ਼ੁਲਮ ਦੀ ਹੀ ਜੜ੍ਹ ਕਟੀਂਦੀ ਹੈ ।
ਰੰਬਾ, ਦਾਤੀ । ਹਥੌੜਾ ਵਾਹੁਣ ਵਾਲੇ
ਅੱਟਣਾ ਭਰੇ ਹੱਥ ਖਰ੍ਹਵੇ
ਜਦੋਂ ਕਦੇ ਹੱਥਾਂ 'ਚ ਖੰਡੇ ਪਕੜ ਤੁਰਦੇ ਨੇ
ਤਾਂ ਇਤਿਹਾਸ ਦੇ ਔਖੇ ਪ੍ਰਸ਼ਨ
ਮਿੰਟਾਂ ਸਕਿੰਟਾਂ 'ਚ ਹੱਲ ਹੁੰਦੇ ਨੇ ।

—o—

## ਰਿਸ਼ਤਾ/ਲਛਮਣ ਟੱਲੇਵਾਲੀਆ

ਜਦ ਮੈਂ
ਤੇਰੀ ਹਿੱਕ ਟੋਂਹਦਾ ਹਾਂ
ਤਾਂ ਮੇਰਾ ਹੱਥ
ਤਿਲਕ ਜਾਂਦਾ ਹੈ ।
ਤੇਰੀਆਂ ਛਾਤੀਆਂ ਤਾਂ
ਨਾ ਹੋਇਆਂ ਵਾਂਗ ਲਗਦੀਆਂ ।

ਜਦ ਸ਼ਹਿਰ ਦੀ ਭੀੜ ਵਿਚ
ਲਾਲ ਲਾਲ ਗੱਲ੍ਹਾਂ
ਤੇ ਗਿੱਠ ਗਿੱਠ ਉੱਚੀਆਂ ਛਾਤੀਆਂ
ਤਕਦਾ ਹਾਂ ।
ਤਾਂ ਮੇਰੇ ਦਿਲ ਨੂੰ,
ਕੁਝ ਹੋਣ ਲਗਦਾ ਹੈ ।
ਪਰ ਜਦ ਤੂੰ ਦੱਸਿਆ
ਕਿ ਇਹ ਸਭ ਕੁਝ
ਬਨਾਉਟੀ ਹੁੰਦਾ ਹੈ
ਤਾਂ ਮੈਨੂੰ
ਆਪਣੇ ਆਪ ਤੇ
ਤਰਸ ਔਂਦਾ ਹੈ ।
ਤੇ ਮੈਂ
ਸੱਚ ਮੰਨਦਾ ਹਾਂ
ਕਿ ਹਿੱਕ ਅਤੇ ਢਿੱਡ ਦਾ ਵੀ
ਗੂੜ੍ਹਾ ਰਿਸ਼ਤਾ ਹੈ ।
ਤੇ ਹੁਣ ਮੈਂ
ਕਿਸੇ ਦੀ
ਹਿੱਕ ਤੋਂ ਪਹਿਲਾਂ
ਉਸਦੇ ਢਿੱਡ ਵਲ
ਤਕਦਾ ਹਾਂ ।

—o—

## ਸਫ਼ਰ/ਦੇਸਰਾਜ

ਕਲਪਨਾ ਦੀ ਕੁੱਖ 'ਚ ਅਸਲੀਅਤ ਜਨਮਦੀ
ਕਲਪਨਿਕ ਸੰਭਾਵਨਾ ਤੇ ਇਸ ਯੁਗ ਦੀ ਰਵਾਨਗੀ
ਅਜ ਮੇਰੀ ਕਲਪਨਾ 'ਚ ਕੋਈ ਕਿਰਨ
ਚੁਪ ਚਾਪ ਆਣ ਪਹੁੰਚੀ ਸੋਚਾਂ ਦੀ ਭਿੱਤ ਖੋਲ੍ਹ ।
ਪਰ ਅਜੇ ਮੇਰੇ ਅਨੁਭਵ ਦੇ ਸੰਕੋਚ ਨੇ
ਸੰਭਾਵਨਾ ਤੋਂ ਅਸਲੀਅਤ ਤਕ ਦਾ ਸਫ਼ਰ ਹੈ ਸੰਕਲਪਨਾ
ਅਜੇ ਮੇਰੇ ਸੰਕਲਪਾਂ ਤੇ ਅਸਲੀਅਤ
ਦੇ ਵਿਚਕਾਰ ਲਟਕਦੀ ਹੈ ਕਲਪਨਾ
ਅਜੇ ਅਵਾਜ਼ ਮੇਰੀ ਦੀ ਥਰਕਣ ਨੇ
ਸ਼ਬਦ ਤੋਂ ਲੈ ਕੇ ਅਰਥ ਤਕ ਹੈ ਪਹੁੰਚਣਾ ।
ਫਿਰ ਵੀ ਮੇਰੇ ਜ਼ਿਹਨ 'ਚ
ਇਕ ਅਮੂਰਤ ਸੋਚ ਦਾ
ਸੁਪਨਾ ਪਿਆ ਹੈ ਲਟਕਦਾ
ਫਿਰ ਵੀ ਮੇਰੀ ਚੇਤਨਾ 'ਚ
ਆਪਣਿਆਂ ਵਰਤਾਰਿਆਂ ਦਾ
ਅਕਸ ਰਿਹਾ ਹੈ ਭਟਕਦਾ ।
ਮੈਂ ਇਸ ਧੁੰਧਲੀ ਅਮੂਰਤ ਸੋਚ ਦੀ
ਵਰਜਿਤ ਰੇਖਾ ਟੱਪ ਕੇ
ਆਪਣੀ ਸਿਰਜਕ ਹੋਂਦ ਨਾਲ
ਇਕ ਜੀਵਨ ਪਿਆ ਹਾਂ ਉਪਜਦਾ
ਵਰਤਾਰਿਆਂ ਦੇ ਅਮਲ ਤੋਂ
ਇਕ ਰੂਪ ਪਿਆ ਹਾਂ ਚਿਤਵਦਾ ।
ਆਪਣੀ ਕੁੱਖ ਦੀ ਕਿਰਨ ਤੇ
ਸਮੇਂ ਦੇ ਪ੍ਰਭਾਵ ਨੂੰ
ਪਿਆ ਹਾਂ ਮੈਂ ਨਿਰੂਪਦਾ
ਕਿਉਂਕਿ ਡਿੱਗ ਨਾ ਪਵੇ ਅਸਮੇਂ ਹੀ
ਕਿਤੇ ਇਕ ਗਰਭਤ ਕ੍ਰਿਨ ਦਾ
ਇਨਕਲਾਬੀ ਲੋਥੜਾ ।
ਕੁਦਰਤ ਦੇ ਰਚਨਾਤਮਕ
ਕੁਦਰਤ ਦੇ ਰਚਨਾਤਮਕ
ਲਗਾਤਾਰ ਅਮਲ ਤੋਂ,
ਇਕ ਸਮੇਂ ਦੇ ਆਉਣ ਤੇ
ਜਿਸ ਦੇ ਜਨਮ ਦੇ ਵਿਸ਼ਵਾਸ
ਅਹਿਸਾਸ ਸਾਹਵੇਂ ਹੋ ਖੜਾ ।

—o—

# ਲਿਖਾਰੀ ਸਭਾ ਮੋਗਾ

(ਸੰਖੇਪ ਸਰਵੇਖਣ)

[ ਤੇਜਾ ਸਿੰਘ ਰੌਤਾਂ, ਸਕੱਤਰ ਲਿਖਾਰੀ ਸਭਾ ਮੋਗਾ ]

ਲਿਖਾਰੀ ਸਭਾ ਮੋਗਾ ਪੰਜਾਬੀ ਦੀਆਂ ਪੁਰਾਣੀਆਂ ਸਾਹਿਤ-ਸਭਾਵਾਂ ਵਿਚੋਂ ਇਕ ਹੈ । ਇਸ ਸਭਾ ਦਾ ਜਨਮ ੧੯੫੫ ਵਿਚ ਹੋਇਆ । ਸਭਾ ਦੇ ਪਹਿਲੇ ਪ੍ਰਧਾਨ ਸ: ਜਸਵੰਤ ਸਿੰਘ 'ਕੰਵਲ' (ਨਾਵਲਕਾਰ) ਅਤੇ ਸਕੱਤਰ

ਆਤਮਾ ਸਿੰਘ ਦਰਦ ਸਨ। ਭਾਵੇਂ ੧੯੬੫ ਤੋਂ ਪਿਛੋਂ 'ਕੰਵਲ' ਸਾਹਿਬ ਆਪਣੇ ਰੁਝੇਵਿਆਂ ਕਾਰਨ ਏਸ ਸਭਾ ਵਿਚ ਘੱਟ ਹੀ ਆ ਸਕੇ ਹਨ ਪਰ ਇਨ੍ਹਾਂ ਦੀਆਂ ਸ਼ੁਭ ਇਛਾਵਾਂ ਸਦਕਾ ਸਭਾ ਦਾ ਕੰਮ ਸਰਗਰਮੀ ਨਾਲ ਹੀ ਹੁੰਦਾ ਰਿਹਾ ਹੈ। ਅਜ ਕਲ ਸਭਾ ਦਾ ਪ੍ਰਧਾਨ ਮਨਜੀਤ ਢਿਲੋਂ ਸਕੱਤਰ ਤੇਜਾ ਸਿੰਘ ਰੌਂਤਾ ਅਤੇ ਨਿਗਰਾਨ ਅਜੀਤ ਪੱਤੋ ਜੀ ਹਨ।

## ਸਭਾ ਦੇ ਮੰਤਵ ਤੇ ਉਦੇਸ਼ :-

੧. ਸਾਹਿਤ ਦੇ ਉਸਰੀਆਂ ਨੂੰ ਜਥੇਬੰਦ ਕਰਨਾ ਅਤੇ ਸਾਹਿਤ ਨੂੰ ਨਰੋਈਆਂ ਲੀਹਾਂ ਤੇ ਤੋਰਨਾ।

੨. ਸੰਸਾਰ ਅਮਨ, ਏਕਤਾ ਅਤੇ ਖੁਸ਼ਹਾਲੀ ਲਈ ਸੰਗਰਾਮ ਕਰਨ ਵਾਲਿਆਂ ਦੇ ਹੱਕ ਵਿਚ ਆਵਾਜ਼ ਉੱਚੀ ਕਰਨੀ।

੩. ਵਾਦ-ਵਿਵਾਦ, ਕਵੀ ਦਰਬਾਰ, ਕਹਾਣੀ ਦਰਬਾਰ, ਡਰਾਮੇ ਤੇ ਸਾਹਿਤਕ ਮੁਕਾਬਲੇ ਕਰਵਾਉਣੇ ਜਿਨ੍ਹਾਂ ਨਾਲ ਨਵੇਂ ਉਭਰਦੇ ਲਿਖਾਰੀਆਂ ਨੂੰ ਉਤਸ਼ਾਹ ਮਿਲੇ ਅਤੇ ਉਨ੍ਹਾਂ ਦੀ ਸੋਚ ਨਿੱਗਰ ਲੀਹਾਂ ਅਪਨਾ ਸਕੇ।

੪. ਲਿਖੇ ਗਏ ਨਰੋਏ ਸਾਹਿਤ ਨੂੰ ਕਿਤਾਬੀ ਰੂਪ ਦੇਣਾ।

੫. ਸਭਾ ਦੇ ਕਿਸੇ ਮੈਂਬਰ ਨੂੰ ਸੰਕਟ ਸਮੇਂ ਆਰਥਕ ਸਹਾਇਤਾ ਦੇਣੀ।

ਇਹ ਸਭਾ ਹੁਣ ਤਕ ਵਿਚਾਰ ਗੋਸ਼ਟੀਆਂ, ਕਵੀ ਦਰਬਾਰਾਂ ਅਤੇ ਵਿਸ਼ੇਸ਼ ਇਕੱਤਰਤਾਵਾਂ ਕਰਕੇ ਪੰਜਾਬੀ ਸਾਹਿਤ ਦੀ ਪ੍ਰਫੁਲਤਾ ਲਈ ਆਪਣਾ ਯੋਗ ਹਿੱਸਾ ਪਾਉਂਦੀ ਆਈ ਹੈ ਅਤੇ ਹੁਣ ਵੀ ਪ੍ਰਯਤਨਸ਼ੀਲ ਹੈ। ਪੰਜਾਬੀ ਭਾਸ਼ਾ ਦੀ ਝੋਲੀ ਭਰਨ ਲਈ ਏਸ ਸਭਾ ਨੇ ਕਈ ਹੋਣਹਾਰ ਲੇਖਕ ਦਿਤੇ ਹਨ।

ਏਸ ਸਭਾ ਤੋਂ ਹੀ ਆਤਮ ਹਮਰਾਹੀ, ਗੁਰਬਖਸ਼ ਬਾਹਲਵੀ, ਪ੍ਰੀਤਮ ਬਰਾੜ ਪੱਤੋ, ਪ੍ਰੀਤਮ ਬਰਾੜ ਲੰਡੇ, ਜਸਵੰਤ ਕੈਲਵੀ, ਮਨਜੀਤ ਢਿਲੋਂ, ਤੇਜਾ ਸਿੰਘ ਰੌਂਤਾ, ਭਾਗ ਸਿੰਘ 'ਉਪਾਸ਼ਕ', ਬਲਦੇਵ ਸਬਰ, ਅਜੀਤ ਪੱਤੋ ਅਤੇ ਹੋਰ ਕਈਆਂ ਨੇ ਸੇਧ ਲਈ ਹੈ ਅਤੇ ਪੰਜਾਬੀ ਸਾਹਿਤ ਨੂੰ ਆਪਣੇ ਕੁਝ ਤਿਲ-ਫੁੱਲ ਭੇਟਾ ਕੀਤੇ ਹਨ। ਸਭਾ ਵਲੋਂ ਮਾਲਵੇ ਦਾ ਪੁੰਗਰਦਾ ਸਾਹਿਤ, ਕਲਚਰ ਦਾ ਰੋਲ (ਪ੍ਰੋ: ਕਿਸ਼ਨ ਸਿੰਘ) ਜਸਵੰਤ ਸਿੰਘ 'ਕੰਵਲ' ਦਾ ਨਾਇਕ ਸੰਕਲਪ (ਪ੍ਰੋ: ਜੋਗਾ ਸਿੰਘ) ਪੰਜਾਬੀ ਕਹਾਣੀ (ਪ੍ਰੋ: ਕੁਲਬੀਰ ਸਿੰਘ ਕਾਂਗ) ਓੜਕ ਸੋਚ ਰਹੀ ਅਤੇ ੧੯੬੦ ਤੋਂ ੧੯੭੦ ਦੀ ਕਵਿਤਾ (ਜਗਤਾਰ) ਪ੍ਰਕਾਸ਼ਤ ਖੋਜ-ਪੱਤਰ ਤੇ ਪੁਸਤਕਾਂ ਹਨ।

ਲੇਖਕ ਮੁੱਢ ਤੋਂ ਹੀ ਕਮਜ਼ੋਰਾਂ, ਮਜ਼ਦੂਰਾਂ ਅਤੇ ਲੁੱਟੇ ਜਾ ਰਹੇ ਲਿਤਾੜੇ ਜਾ ਰਹੇ, ਲੋਕਾਂ ਵਾਲੇ ਪਾਸੇ ਹੁੰਦਾ ਹਨ। ਉਨ੍ਹਾਂ ਦੀਆਂ ਰਚਨਾਵਾਂ, ਕਮਜ਼ੋਰਾਂ ਨੂੰ ਆਪਣੀ ਹੋਂਦ ਰਖਣ ਲਈ ਉਤਸ਼ਾਹਤ ਕਰਦੀਆਂ ਹਨ, ਉਨ੍ਹਾਂ ਦੇ ਸੰਗਰਾਮ ਵਿਚ ਬਲ ਭਰਦੀਆਂ ਹਨ ਅਤੇ ਉਨ੍ਹਾਂ ਦੀ ਸਫਲਤਾ ਦੀਆਂ ਜ਼ਾਮਨ ਬਣਦੀਆਂ ਹਨ। ਇਹ ਗੱਲ ਪ੍ਰਸਿੱਧ ਵਿਦਵਾਨਾਂ ਦੀਆਂ ਲਿਖਤਾਂ ਤੋਂ ਭਲੀ-ਭਾਂਤ ਸਪਸ਼ਟ ਹੈ। ਬਾਬਾ ਨਾਨਕ ਅਤੇ ਗੁਰੂ ਗੋਬਿੰਦ ਸਿੰਘ ਜੀ ਦੀਆਂ ਰਚਨਾਵਾਂ ਵੀ ਇਸ ਗੱਲ ਦੀਆਂ ਪ੍ਰਤੀਕ ਹਨ; ਜਿਨ੍ਹਾਂ ਨੇ ਜਬਰ ਦੀ ਖੁੱਲ੍ਹੀ ਨਿਧੜਕ ਵਿਰੋਧਤਾ ਕੀਤੀ ਸੀ।

ਲਿਖਾਰੀ-ਸਭਾ ਮੋਗਾ ਸਮੂਹ ਲਿਖਾਰੀਆਂ ਨੂੰ ਅਪੀਲ ਕਰਦੀ ਹੈ ਕਿ ਉਹ ਇਕ ਮੁੱਠ ਹੋ ਕੇ, ਗਲਤ ਨਿਜ਼ਾਮ ਦੀ ਵਿਰੋਧਤਾ, ਸਹੀ ਦਾ ਪੱਖ, ਝੂਠੇ ਨੂੰ ਝੂਠਾ ਤੇ ਬੇਈਮਾਨ ਨੂੰ ਬੇਈਮਾਨ ਕਹਿਕੇ ਆਪਣਾ ਫਰਜ਼ ਨਿਭਾਉਂਦੇ ਰਹਿਣਾ ਹਿੰਦੀ ਦੇ ਪ੍ਰਸਿਧ ਸਾਹਿਤਕਾਰ ਸ੍ਰੀ ਪ੍ਰੇਮ ਚੰਦ ਜੀ ਦੇ ਕਥਨ ਅਨੁਸਾਰ ਲੇਖਕਾਂ ਨੂੰ ਨੇਤਾਵਾਂ ਦੇ ਪਿੱਛੇ ਪਿੱਛੇ ਚਲਣ ਦੀ ਬਜਾਏ ਰਹਿਬਰ ਬਣ ਕੇ ਅੱਗੇ ਅੱਗੇ ਚਲਣਾ ਚਾਹੀਦਾ ਹੈ। ਸੱਚ ਲਿਖਦੀ ਕਲਮ ਦੀ ਆਵਾਜ਼ ਸਦਾ ਬੁਲੰਦ ਰਹੇਗੀ। ਕਲਾ, ਕਲਾ ਲਈ ਨਹੀਂ ਜੀਵਨ ਲਈ ਹੈ।

ਤੇਜਾ ਸਿੰਘ ਰੌਂਤਾ
ਸਕੱਤਰ
ਲਿਖਾਰੀ-ਸਭਾ ਮੋਗਾ

—o—

# ਸ਼ਹੀਦਾਂ ਦਾ ਸੰਦੇਸ਼

ਤੂੰ ਗ਼ਮ ਨਾ ਕਰੀਂ ਮਾਂ
ਅਸੀਂ ਮਰੇ ਨਹੀਂ ਹਾਂ ।
ਅਸੀਂ ਤਾਂ ਇਕ ਸੰਦੇਸ਼ ਬਣਕੇ
ਹਵਾ 'ਚ ਘੁਲ ਗਏ ਹਾਂ ।
ਸਦੀਆਂ ਤੋਂ ਸੁੱਤੇ
ਕੁੰਭਕਰਣਾ ਦੇ ਕੰਨਾਂ 'ਚ
ਢੋਲ ਵਜਾਉਣ ਤੁਰ ਪਏ ਹਾਂ ।
ਮਾਂ ਅਸੀਂ 'ਸ਼ਾਂਤੀ' ਦਾ ਘੁੜ ਚੁਕਿਆ ਹੈ
ਤਾਂ ਵਿਚੋਂ ਡੈਨ ਨਿਕਲੀ ਹੈ ।
ਜਾਨ ਤਾਂ ਅਸੀਂ
ਮੂੰਹ ਦਿਖਾਈ 'ਚ ਦੇ ਚੱਲੇ ਹਾਂ ।
ਤੂੰ ਸਾਡਾ ਮੁੱਲ ਨਾ ਲਵੀਂ ਮਾਂ
ਅਸੀਂ ਵਿਕੇ ਨਹੀਂ ਹਾਂ
ਅਸੀਂ ਤਾਂ ਸਗੋਂ
ਹਕੀਕਤ ਦੀ ਪਰਦਰਸ਼ਨੀ ਦਾ
ਮੁਲ ਚੁਕਾ ਚਲੇ ਹਾਂ ।
ਅਜੇ ਤਾਂ ਬਹੁਤ ਤਲਖੀ ਸਚਾਈਆਂ ਹਨ
ਜਿਨ੍ਹਾਂ ਲਈ ਹੋਰ ਮੁਲ ਦੇਣਾ ਹੈ ।
ਰਾਤ ਦੇ ਹਨੇਰੇ ਵਿਚ ਤਾਂ
ਅਜੇ ਕਈ ਕੁਝ ਨਹੀਂ ਦਿਸਦਾ ।
'ਪੰਚਸ਼ੀਲ' ਬਹੁਤ ਵਾਰ ਕੰਧ ਟਪਦਾ ਹੈ ।
'ਬਾਪੂ' 'ਸ਼ਾਂਤੀ ਪੂਰਬਕ' ਹੀ
ਭਗਤ ਨੂੰ ਮਾਰ ਦਿੰਦਾ ਹੈ
ਜਾਗਦੇ ਛਾਪਲ ਜਾਂਦੇ ਹਨ
ਸੁੱਤਿਆਂ ਨੂੰ ਨਜ਼ਰ ਨਹੀਂ ਪੈਂਦਾ
ਤੇ ਅਸੀਂ ਅੱਜ
ਸੁਤਿਆਂ ਨੂੰ ਜਗਾਉਣ ਚਲੇ ਹਾਂ ।
ਜਾਗਦਿਆਂ ਨੂੰ ਲਾਹਨਤ ਪਾਉਣ ਚਲੇ ਹਾਂ ।
ਅਸੀਂ ਮਰੇ ਨਹੀਂ ਹਾਂ ।
ਤੇ ਤੂੰ ਗ਼ਮ ਨਾ ਕਰੀਂ ਮਾਂ

ਕਵਿਤਾ—

# ਲੋਕ/ਗੁਲਵੰਤ

ਖੰਭਿਆਂ ਵਰਗੇ ਲੰਮ-ਸੁਲੰਮੇ ਲੋਕ
ਬੌਣੇ, ਠਿੰਗਣੇ, ਗਿੱਠ-ਮੁਠੀਏ,
ਪਲ-ਪਲ........
ਪਾਤਾਲ ਪੁਰੀ ਵਲ ਤੁਰਦੇ ਜਾਣ,
ਅੰਦਰੋ-ਅੰਦਰੀ ਝੁਰਦੇ ਜਾਣ ।
ਕਿਰਨ-ਵਿਹੂਣੇ ਰਾਹ ।
ਡੁੱਬ-ਡੁੱਬ ਜਾਵਣ ਸਾਹ
ਹੁੰਮਸ, ਸੁਞ, ਉਦਾਸੀ ਦੇ ਵਿਚ,
ਚੋਅ ਦੇ ਕੰਢਿਆਂ ਵਾਂਗੂ ਖੁਰਦੇ ਜਾਣ,
ਖੰਭਿਆਂ ਵਰਗੇ ਲੰਮੇ-ਸੁਲੰਮੇ ਲੋਕ,
ਬੌਣੇ, ਠਿੰਗਣੇ, ਗਿੱਠ-ਮੁਠੀਏ,
ਪਲ-ਪਲ.........।
ਪਾਤਾਲ-ਪੁਰੀ ਵਲ ਤੁਰਦੇ ਜਾਣ,
ਅੰਦਰੋ-ਅੰਦਰੀ ਝੁਰਦੇ ਜਾਣ ।
ਘੁੱਪ ਹਨੇਰਾ, ਬੱਦਲ-ਵਰਖਾ,
ਝੱਖੜ-ਮੀਂਹ,
ਜੰਗਲ ਦੇ ਵਿਚ ਗਰਜਣ ਸ਼ੀਂਹ,
ਕਹਿਰਾਂ ਦੀ ਇਸ ਵਰਖਾ ਦੇ ਵਿਚ,
ਕੱਲਰ-ਖਾਧੀਆਂ ਕੰਧਾਂ ਵਾਂਗੂੰ,
ਭੁਰਦੇ ਜਾਣ,
ਅੰਦਰੋ-ਅੰਦਰੀ ਝੁਰਦੇ ਜਾਣ ।
ਖੰਭਿਆਂ ਵਰਗੇ, ਲੰਮ ਸੁਲੰਮੇ ਲੋਕ,
ਬੌਣੇ, ਠਿੰਗਣੇ, ਗਿਠ-ਮੁਠੀਏ,
ਇਹ ਨੇ ਅੱਜ ਦੇ,
ਲੋਕ-ਯੁੱਗ ਦੇ ਲੋਕ !!

ਗੁਲਵੰਤ
ਜਨਕ ਪੁਰੀ
ਨਵੀਂ ਦਿੱਲੀ—੧੮

# ਤੀਸਰੀ ਅੱਖ

## ਕੁਝ ਸਾਹਿਤਿਕ-ਟਿੱਪਣੀਆਂ

### ੧. ਰੋਸ ਦਾ ਸਾਹਿਤ/ਭੀਸ਼ਮ ਸਾਹਨੀ

ਇਕ ਲੇਖਕ ਬਾਰੇ ਇਹ ਕਿਹਾ ਜਾਂਦਾ ਹੈ ਕਿ ਉਹ ਬੁਨਿਆਦੀ ਤੌਰ ਤੇ ਰੋਸ ਦਾ ਬੁਲਾਰਾ ਹੈ। ਉਹਦੀ ਸੂਖਮ ਆਤਮਾ ਆਪਣੇ ਆਲੇ-ਦੁਆਲੇ ਦੇ ਸਮਾਜ ਦੀਆਂ ਗ਼ਲਤ ਕੀਮਤਾਂ ਵਿਰੁਧ ਰੋਸ ਕਰਦੀ ਹੈ ਤੇ ਉਹਦੀਆਂ ਰਚਨਾਵਾਂ ਵਿਚ ਇਸ ਰੋਸ ਦਾ ਹੀ ਪ੍ਰਗਟਾਵਾ ਹੁੰਦਾ ਹੈ। ਇਸ ਰੋਸ ਦੇ ਪਰਗਟਾਵੇ ਦੇ ਕਈ ਰੂਪ ਹੋ ਸਕਦੇ ਹਨ ਜੋ ਕਿ ਇਕ ਲੇਖਕ ਦੀ ਸ਼ਖ਼ਸੀਅਤ ਜਾਂ ਉਹਦੀ ਜ਼ਿੰਦਗੀ ਵਲ ਪਹੁੰਚ ਤੇ ਨਿਰਭਰ ਹਨ। ਇਹ ਹੋ ਸਕਦਾ ਹੈ ਕਿ ਉਹ ਗ਼ਲਤ ਕੀਮਤਾਂ ਕਰ ਕੇ ਆਪਣੇ ਆਪ ਨੂੰ ਸਮਾਜ ਤੋਂ ਟੁੱਟਿਆ ਟੁੱਟਿਆ ਜਾਂ ਵੱਖਰਾ ਵੱਖਰਾ ਮਹਿਸੂਸ ਕਰੇ, ਉਸ ਵੇਲੇ ਉਹਦੀਆਂ ਰਚਨਾਵਾਂ ਵਿਚ ਸਮਾਜ ਬਾਰੇ ਇਕ ਦਾਰਸ਼ਨਿਕ ਵਿਅੰਗ ਹੁੰਦਾ ਹੈ। ਇਹ ਵੀ ਹੋ ਸਕਦਾ ਹੈ ਕਿ ਉਹ ਜ਼ਿੰਦਗੀ ਨਾਲ ਇਤਨਾ ਜੁੜਿਆ ਹੋਵੇ ਕਿ ਉਹ ਕੇਵਲ ਵਿਅੰਗ ਤਕ ਆਪਣੇ ਆਪ ਨੂੰ ਸੀਮਤ ਨਾਂ ਕਰੇ, ਸਗੋਂ ਇਕ ਸਰਗਰਮ ਸੰਗਰਾਮੀਆ ਦੀ ਭੂਮਿਕਾ ਨਿਭਾਣਾ ਚਾਹੁੰਦਾ ਹੋਵੇ, ਉਸ ਵੇਲੇ ਉਹਦੀਆਂ ਰਚਨਾਵਾਂ ਵਿਚ ਜਿਥੇ ਰੋਸ ਹੁੰਦਾ ਹੈ, ਉਥੇ ਸੰਘਰਸ਼ ਦੀ ਗਲ ਵੀ ਨਾਲ ਹੁੰਦੀ ਹੈ। ਇਹ ਵੀ ਹੋ ਸਕਦਾ ਹੈ ਕਿ ਜ਼ਿੰਦਗੀ ਦੀਆਂ ਠੋਕਰਾਂ ਕਰਕੇ ਉਹ ਇਤਨਾ ਮਾਯੂਸ ਹੋਵੇ ਕਿ ਉਹਨੂੰ ਸਾਰੀ ਜ਼ਿੰਦਗੀ ਅਰਥਹੀਨ ਲਗੇ ਤੇ ਇਸ ਅਰਥਹੀਨਤਾ ਦਾ ਪ੍ਰਗਟਾਵਾ ਹੀ ਉਹਦੇ ਰੋਸ ਵਾਲੇ ਸਾਹਿਤ ਵਿਚ ਹੋਵੇ। ਰੋਸ ਦਾ ਅੰਸ਼ ਇਹਨਾਂ ਸਾਰੀਆਂ ਹਾਲਤਾਂ ਵਿਚ ਹੋਵੇਗਾ ਪਰ ਇਹਨਾਂ ਦਾ ਠੀਕ ਮੁੱਲ ਜ਼ਿੰਦਗੀ ਵਿਚ ਹੋ ਰਹੇ ਉਸ ਸੰਘਰਸ਼ ਦੇ ਸੰਦਰਭ ਵਿਚ ਹੀ ਪਾਇਆ ਜਾ ਸਕਦਾ ਹੈ,ਜੋ ਸਮਾਜ ਵਿਚ ਹਰ ਵੇਲੇ ਇਕ ਚੰਗੇਰੇ ਭਵਿੱਖ ਵਾਸਤੇ ਚਲਦਾ ਰਹਿੰਦਾ ਹੈ। ਰੋਸ ਦੇ ਸਾਹਿਤ ਵਿਚ ਸਾਰਥਕਤਾ ਜਾਂ ਸੁਹਿਰਦਤਾ ਤਾਂ ਹੀ ਮੰਨੀ ਜਾ ਸਕਦੀ ਹੈ ਜੇਕਰ ਉਹ ਇਸ ਸੰਘਰਸ਼ ਵਿਚ ਹਾਂ-ਪੱਖੀ ਹਿੱਸਾ ਪਾਵੇ।

ਅੱਜ ਕਲ੍ਹ ਸਾਹਿੱਤ ਵਿਚ ਮਨੁੱਖ ਦੀ ਸ਼ਖਸੀਅਤ ਦੀ ਵਿਖੰਡਤਾ ਬਾਰੇ ਬੜਾ ਚਰਚਾ ਹੈ। ਇਹ ਆਮ ਕਿਹਾ ਜਾਂਦਾ ਹੈ ਕਿ ਆਧੁਨਿਕ ਯੁੱਗ ਵਿਚ ਜ਼ਿੰਦਗੀ ਦੀਆਂ ਸਭ ਕਦਰਾਂ ਵਿਖੰਡਤ ਹੋ ਰਹੀਆਂ ਹਨ। ਮਨੁੱਖ ਸਭਿਅਤਾ ਦੇ ਜੰਗਲ ਵਿਚ ਰਹਿ ਰਿਹਾ ਹੈ, ਜਿਸ ਵਿਚ ਉਹਦੀ ਆਪਣੀ ਹੋਂਦ ਗਵਾਚੀ ਹੋਈ ਹੈ। ਉਹਦਾ ਵਡਾ ਸੰਘਰਸ਼ ਆਪਣੀ ਹੋਂਦ ਨੂੰ ਕਾਇਮ ਰਖਣ ਦਾ ਹੈ। ਸ਼ਬਦ 'ਤਰੱਕੀ' 'ਭਵਿੱਖ' ਆਦਿਕ ਬੇਅਰਥ ਹਨ। ਇਸ ਕਰਮ ਨੂੰ ਜ਼ਿੰਦਗੀ ਦਾ ਵੱਡਾ ਸੱਚ ਮੰਨ ਕੇ ਜਿਹੜਾ ਰੋਸ ਦਾ ਸਾਹਿਤ ਲਿਖਿਆ ਜਾਂਦਾ ਹ, ਉਹ ਆਮ ਤੌਰ ਤੇ ਸਥਾਪਤ ਰਹੁ-ਰੀਤਾਂ ਨੂੰ ਖੰਡਨ ਕਰਦਾ ਹੋਇਆ, ਇਕ ਮੁਕਤ ਸਮਾਜ ਦੀ ਕਲਪਨਾ ਕਰਦਾ ਹੈ, ਇਹ ਹਿਪੀਇਜ਼ਮ ਦਾ ਹਾਮੀ ਹੈ। ਇਹ ਸਪਸ਼ਟ ਹੈ ਕਿ ਇਹ ਰੋਸ ਸਾਰਥਿਕ ਨਹੀਂ, ਕਿਉਂਕਿ ਇਕ ਕੀਮਤ ਢਾਹ ਕੇ ਇਹਦੇ ਕੋਲ਼ ਉਸਾਰੀ ਜਾਣ ਵਾਲੀ ਕੋਈ ਨਵੀਂ ਕੀਮਤ ਨਹੀਂ।

ਇਹ ਮੰਨਦੇ ਹੋਏ ਕਿ ਅਸੀਂ ਬੜੇ ਜੱਟਲ ਸਮੇਂ ਵਿਚ ਰਹਿ ਰਹੇ ਹਾਂ, ਜਿਥੇ ਸਾਡੇ ਆਲੇ-ਦੁਆਲੇ ਬਹੁਤ ਕੁਝ ਘਿਣਾਉਣਾ ਤੇ ਅਰਥ-ਹੀਨ ਹੈ ਜਿਸਦਾ ਅੱਕਸ ਸਾਹਿਤ ਵਿਚ ਆਉਣਾ ਜ਼ਰੂਰੀ ਹੈ ਪਰ ਫਿਰ ਵੀ ਇਸ ਵਡੀ ਸਚਾਈ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ ਕਿ ਮਨੁੱਖ ਹਾਲੀ ਜ਼ਿੰਦਗੀ ਤੋਂ ਮੁੱਨਕਰ ਨਹੀਂ ਹੋਇਆ। ਉਹਦਾ ਜੀਣ ਲਈ, ਰੋਟੀ ਕਪੜੇ ਲਈ ਸੰਘਰਸ਼ ਬਦਸਤੂਰ ਕਾਇਮ ਹੈ ਤੇ ਇਸੇ ਲਈ ਸੋਹਣੇ ਭਵਿੱਖ ਵਿਚ ਉਹਦਾ ਵਿਸ਼ਵਾਸ ਵੀ ਬਦਸਤੂਰ ਕਾਇਮ ਹੈ। ਜਦੋਂ ਵਰਤਮਾਨ ਕੀਮਤਾਂ ਵਿਰੁਧ ਰੋਸ ਕੀਤਾ ਜਾਂਦਾ ਹੈ ਤਾਂ ਉਹ ਰੋਸ ਤਾਂ ਹੀ ਸਾਰਥਿਕ ਹੈ ਜੇਕਰ 'ਭਵਿੱਖ' ਦੀਆਂ ਕੀਮਤਾਂ ਵਿਚ ਯਕੀਨ ਰਖਿਆ ਜਾਏ। ਕੋਈ ਰੋਸ ਖਿਲਾਅ ਵਿਚ ਨਹੀਂ ਕੀਤਾ ਜਾ ਸਕਦਾ। ਤੁਹਾਨੂੰ ਇਹ ਸਪਸ਼ਟ ਕਰਨਾ ਪਏਗਾ ਕਿ ਤੁਹਾਡਾ ਰੋਸ ਸਮਾਜ ਦੀਆਂ ਕਿਹੜੀਆਂ ਗਲੀਆਂ ਸੜੀਆਂ ਕੀਮਤਾਂ ਦੇ ਵਿਰੁਧ

ਹੈ ਤੇ ਉਸ ਦੇ ਬਦਲੇ ਵਿਚ ਤੁਸੀਂ ਕਿਹੜੀਆਂ ਕੀਮਤਾਂ ਦੀ ਲੋਚਾ ਕਰਦੇ ਹੋ। ਰੋਸ ਲਈ 'ਤਰੱਕੀ' ਦੀ ਕਲਪਨਾ ਜ਼ਰੂਰੀ ਹੈ ਨਹੀਂ ਤਾਂ ਉਹ ਰੋਸ ਅਰਥਹੀਨ ਹੈ।

ਲੇਖਕ ਕੋਲੋਂ ਇਹ ਉਮੀਦ ਕੀਤੀ ਜਾਂਦੀ ਹੈ ਕਿ ਉਹ ਨਵੀਆਂ ਕੀਮਤਾਂ ਦਾ ਹਾਮੀ ਹੋਵੇ। ਜ਼ਿੰਦਗੀ ਵਿਚ ਜੋ ਕੁਝ ਗਲ ਸੜ ਗਿਆ ਹੈ, ਉਹ ਉਹਦੇ ਵਿਰੁਧ ਹੋਵੇ। ਸ਼ੈਕਸਪੀਅਰ ਦੇ ਰੋਮੀਓ ਜਿਲੂਲਟ, ਵਾਰਿਸ ਸ਼ਾਹ ਦੇ ਹੀਰ ਰਾਂਝਾ, ਸਵਿਫਟ ਦੇ 'ਗੂਲੀਵਰ ਟਰੈਵਲ', ਪ੍ਰੇਮ ਚੰਦ ਦੇ ਨਾਵਲਾਂ ਆਦਿਕ ਸਾਰਿਆਂ ਵਿਚ ਸਮਕਾਲੀ ਗ਼ਲਤ ਕੀਮਤਾਂ ਦੇ ਵਿਰੁਧ ਇਕ ਰੋਸ ਮਿਲਦਾ ਹੈ। ਇਹ ਰੋਸ ਤਾਂ ਹੀ ਸਾਰਥਿਕ ਸਿੱਧ ਹੋਇਆ ਹੈ ਕਿਉਂ ਕਿ ਇਸ ਰੋਸ ਦੀ ਬੁਨਿਆਦ ਉਹਨਾਂ ਆਦਰਸ਼ਾਂ ਤੇ ਖੜੀ ਸੀ, ਜਿਸ ਵਿਚ ਲੇਖਕ ਪੂਰੀ ਤਰ੍ਹਾਂ ਯਕੀਨ ਰਖਦਾ ਸੀ। ਉਹਦੇ ਸਾਹਮਣੇ ਸਮਾਜਿਕ ਗ਼ਲਤ ਕੀਮਤਾਂ ਦੇ ਬਦਲੇ ਆਪਣੀਆਂ ਆਦਰਸ਼ਕ ਕੀਮਤਾਂ ਸਨ। ਉਹਦਾ ਭਵਿੱਖ ਵਿਚ ਯਕੀਨ ਸੀ, ਉਹਦਾ 'ਤਰੱਕੀ' ਵਿਚ ਵਿਸ਼ਵਾਸ਼ ਸੀ।

ਰੋਸ ਦਾ ਉਹ ਸਾਹਿਤ ਜਿਹੜਾ ਕੇਵਲ ਵਰਤਮਾਨ ਦੀ ਅਲੋਚਨਾ ਕਰਦਾ ਹੈ ਪਰ ਭਵਿੱਖ ਵਿਚ ਕੋਈ ਆਦਰਸ਼ ਨਹੀਂ ਵੇਖਦਾ, ਰੋਸ ਦੀ ਸਿਰਫ ਨੁਮਾਇਸ਼ ਕਰਦਾ ਹੈ।

(ਵੀਕਲੀ ਰਾਊਂਡ ਟੇਬਲ—4 ਜੂਨ ਦੇ ਅੰਕ ਵਿਚੋਂ ਧੰਨਵਾਦ ਸਾਹਿਤ ਸੰਖੇਪ ਰੂਪ)

## ੨. ਕਾਹਲੋਂ ਦਾ ਨਾਵਲ 'ਪ੍ਰਦੇਸੀ ਰੁੱਖ'

ਗੁਰਸ਼ਰਨ ਸਿੰਘ

'ਮੱਛਲੀ ਇਕ ਦਰਿਆ ਦੀ' ਅਤੇ 'ਬੇੜੀ ਤੇ ਬਰੇਤਾ' ਤੋਂ ਬਾਅਦ 'ਪ੍ਰਦੇਸੀ ਰੁੱਖ' ਕਾਹਲੋਂ ਦਾ ਤੀਸਰਾ ਨਾਵਲ ਹੈ। ਇਹ ਮੁਖ ਤੌਰ ਤੇ ਇਕ ਮੁਸਲਮਾਨ ਕੁੜੀ ਸੀਮੋਂ ਦੀ ਕਹਾਣੀ ਹੈ ਜੋ ਸੰਤਾਲੀ ਦੇ ਫ਼ਸਾਦਾਂ ਵਿਚ ਕਾਫ਼ਲੇ ਤੋਂ ਲੁੱਟੀ ਗਈ ਹੈ। ਹੌਲਦਾਰ ਚਰਨ ਸਿੰਘ ਜੋ ਮਜ਼ੂਬੀ ਲੁਟੇਰਿਆਂ ਦਾ ਆਗੂ ਬਣਦਾ ਹੈ, ਪਹਿਲੇ ਉਸ ਨੂੰ ਆਪਣੇ ਘਰ ਵਸਾਂਦਾ ਹੈ ਤੇ ਫੇਰ ਉਹਨੂੰ ਬਲੈਕੀਆਂ ਕੋਲ ਵੇਚ ਦੇਂਦਾ ਹੈ ਜੋ ਉਹਦੇ ਰਾਹੀਂ ਆਪਣੇ ਵਡੇ ਭਰਾ ਅਮਲੀ ਦਾ ਘਰ ਵਸਾਂਦੇ ਹਨ।' ਅਮਲੀ ਸਰੀਰੋਂ ਠੰਢਾ ਹੈ, ਸੀਮੋ ਉਹਦੇ ਭਣੇਵੇਂ ਨਾਲ ਆਪਣੀ ਤਕਦੀਰ ਜੋੜਦੀ ਹੈ ਉਹ ਵੀ ਫੇਰ ਬਲੈਕੀਆਂ ਨਾਲ ਜਾ ਰਲਦਾ ਹੈ। ਕੁਝ ਚਿਰ ਜਦੋਂ ਉਹ ਪਾਕਿਸਤਾਨ ਤੋਂ ਵਾਪਸ ਨਹੀਂ ਆਉਂਦਾ ਤਾਂ ਸੀਮੋ ਆਪਣੇ ਪ੍ਰੇਮੀ ਦੀ ਅੰਸ਼ ਆਪਣੀ ਕੁੱਖ ਵਿਚ ਸੰਭਾਲੀ ਉਹਦੀ ਤਲਾਸ਼ ਵਿਚ ਨਿਕਲਦੀ ਹੈ ਪਰ ਪੁਲਸੀਆਂ ਦੇ ਹੱਥ ਆ ਜਾਂਦੀ ਹੈ, ਉਹ ਉਹਦੀ ਖੱਜਲ-ਖਵਾਰੀ ਕਰਦੇ ਹਨ ਤੇ ਉਹਦੀ ਕੁੱਖ ਵਿਚ ਉਜਾੜਾ ਪਾ ਦੇਂਦੇ ਹਨ। ਸੀਮੋਂ ਦਾ ਅੰਤ ਇਕ ਪਾਗਲ ਔਰਤ ਦੀ ਸ਼ਕਲ ਵਿਚ ਹੈ। ਇਕ ਲੇਖਕ ਦਾ ਜਿਥੇ ਇਹ ਕਰਤੱਵ ਹੈ ਕਿ ਉਹ ਸਮਾਜ ਦੀਆਂ ਗ਼ਲਤ ਕੀਮਤਾਂ ਦਾ ਖੰਡਨ ਕਰੇ ਤਾਂ ਮੋਹਨ ਕਾਹਲੋਂ ਦੇ ਨਾਵਲ ਵਿਚ ਕਿਧਰੇ ਕਿਧਰੇ ਇਸ ਦੀਆਂ ਬਲਵਾਨ ਮਿਸਾਲਾਂ ਮਿਲਦੀਆਂ ਹਨ। ਜਿਸ ਦਲੇਰੀ ਤੇ ਸੁਹਿਰਦਤਾ ਨਾਲ ਕਾਹਲੋਂ ਨੇ ਪੁਲਸੀਆਂ ਦਾ ਕਰਦਾਰ ਪੇਸ਼ ਕੀਤਾ ਹੈ ਉਹ ਵਧਾਈ ਦਾ ਹੱਕਦਾਰ ਹੈ। ਪਰ ਫੇਰ ਵੀ ਸਾਰਾ ਨਾਵਲ ਪੜ੍ਹ ਕੇ ਇਹ ਸਮੁੱਚਾ ਪ੍ਰਭਾਵ ਪੈਂਦਾ ਹੈ ਕਿ ਨਾਵਲ ਦੇ ਵਿਸ਼ੇ ਨੂੰ ਨਿਭਾਉਣ ਵਿਚ ਕਾਹਲੋਂ ਨੇ 'ਵਾਸ਼ਨਾ ਤੇ ਸਰੀਰਕ ਸੰਭੋਗ' ਨੂੰ ਜ਼ਰੂਰਤ ਤੋਂ ਵੱਧ ਭਾਰੂ ਰਖਿਆ ਹੈ।

ਕੋਈ ਵੀ ਐਸਾ ਕਾਂਡ ਨਹੀਂ ਜਿਸ ਵਿਚ ਜਬਰ-ਜਨਾਹ ਨਾ ਹੋਇਆ ਹੋਵੇ ਜਾਂ ਨਾਜਾਇਜ਼ ਯਾਰੀਆਂ ਦਾ ਜ਼ਿਕਰ ਨਾ ਹੋਵੇ। ਵਾਸ਼ਨਾ ਨੂੰ ਕਾਹਲੋਂ ਨੇ ਜ਼ਿੰਦਗੀ ਦੀ ਪ੍ਰਮੁਖ ਚਾਲਕ ਸ਼ਕਤੀ ਮੰਨਿਆ ਹੈ, ਇਸ ਲਈ ਸਮਾਜਕ ਚਾਲ ਦਾ ਵਿਸ਼ਲੇਸ਼ਨ ਬਜਾਏ ਵਿਗਿਆਨਿਕ ਢੰਗ ਨਾਲ ਕੀਤਾ ਜਾਂਦਾ ਉਹ ਸਰੀਰਾਂ ਦੇ ਸੰਭੋਗ ਵਿਚ ਹੀ ਉਲਝ ਕੇ ਰਹਿ ਗਿਆ ਹੈ। 'ਬੇੜੀ ਤੇ ਬਰੇਤਾ' ਵਿਚ ਜਦੋਂ ਕਾਹਲੋਂ ਨੇ ਗੁਜਰਾਂ ਅਤੇ ਮਲਾਹਾਂ ਦੀ ਜ਼ਿੰਦਗੀ ਨੂੰ ਪੱਕੜ ਵਿਚ ਲਿਆਂਦਾ ਸੀ ਤਾਂ ਵੀ ਵਾਸ਼ਨਾ ਪ੍ਰਧਾਨ ਰੁੱਚੀ ਦੀ ਸ਼ਕਲ ਉਸ ਵਿਚ ਮੌਜੂਦ ਸੀ ਪਰ ਉਸ ਨਾਵਲ ਵਿਚ ਕੁਝ ਐਸੇ ਹਾਂ-ਪੱਖੀ ਜ਼ੋਰਦਾਰ ਪਾਤਰ ਸਨ ਕਿ ਇਹ ਰੁੱਚੀ ਇਕ ਵੀ ਪਾਠਕ ਨੂੰ ਚੁੱਭੀ ਨਹੀਂ ਸੀ

ਪਰ ਨਾਵਲ 'ਪ੍ਰਦੇਸੀ ਰੁੱਖ' ਬਾਰੇ ਬਿਨਾਂ ਝਿੱਜਕ ਇਹ ਕਿਹਾ ਜਾ ਸਕਦਾ ਹੈ ਕਿ ਇਸ ਵਿਚ ਇਕ ਵੀ ਜ਼ਿੰਦਗੀ ਦਾ 'ਹਾਂ-ਪੱਖੀ' ਪਾਤਰ ਨਹੀਂ ਹੈ, ਜਿਸ ਵਿਚੋਂ ਜ਼ਿੰਦਗੀ ਦੇ ਭਵਿਖ ਦਾ ਕੋਈ ਚਾਨਣ ਮਿਲੇ। ਸਾਰੇ ਪਾਤਰ ਨਿਰਬੱਲ ਜਹੇ, ਹਾਲਾਤ ਅਗੇ ਗੋਡੇ ਟੇਕਦੇ, ਜ਼ੱਬਰ ਅੱਗੇ ਹਥਿਆਰ ਸੁੱਟਣ ਵਾਲੇ ਸਵਾਰਥੀ ਜਹੇ ਪ੍ਰਤੀਤ ਹੁੰਦੇ ਹਨ, ਉਹਨ੍ਹਾਂ ਦੀ ਮਰਦਾਨਗੀ ਇਸ ਵਿਚ ਹੈ ਕਿ ਉਹ ਸ਼ਰਾਬ ਦਾ ਮੱਟ ਪੀਣ ਵਿਚ ਦੂਜੇ ਨੂੰ ਹਾਰ ਦੇ ਸਕਦੇ ਹਨ। ਕਿਧਰੇ ਕਿਧਰੇ ਇਹ ਪ੍ਰਤੀਤ ਹੁੰਦਾ ਹੈ ਕਿ ਕਾਹਲੋਂ ਇਹਨਾਂ ਪਾਤਰਾਂ ਦੀ ਇਸ ਦਿਸ਼ਾ-ਹੀਨ ਮਰਦਾਨਗੀ ਦੀ ਮਹਿਮਾ ਕਰ ਰਿਹਾ ਹੈ। ਮਰਦਾਂ ਵਿਚੋਂ ਇਕ ਵੀ ਪਾਤਰ ਨਹੀਂ ਜਿਹੜਾ ਆਪਣੀ ਮਰਦਾਨਗੀ ਕਿਸੇ ਜ਼ੁਲਮ ਵਿਰੁਧ ਕਿਸੇ ਅਬਲਾ ਉਤੇ ਹੋ ਰਹੇ ਅਤਿਆਚਾਰ ਵਿਰੁਧ ਵਿਖਾਏ। ਹਿੰਦ-ਪਾਕ ਸਰਹਦ ਦੇ ਨੇੜੇ ਦੇ ਪਿੰਡਾਂ ਦੀ ਇਹ ਕਹਾਣੀ ਆਪਣੀ ਪੱਕੜ ਵਿਚ ਸਿਖ-ਮੁਸਲਮਾਨ ਦੋਨੋਂ ਪਾਸਿਆਂ ਦੇ ਜੱਟਾਂ ਦੇ ਪਾਤਰ ਲਿਆਂਦਾ ਹੈ। ਇਧਰ ਦੇ ਇਕ ਬਲੈਕੀਏ ਦੀ ਧੀ ਉਧਰ ਦੇ ਇਕ ਬਲੈਕੀਏ ਦੇ ਪੁੱਤਰ ਨਾਲ ਉੱਧਲ ਜਾਂਦੀ ਹੈ। ਉਧਰ ਦੇ ਬਲੈਕੀਏ ਕੋਲ ਜਦੋਂ ਇਹ ਸ਼ਕਾਇਤ ਲੈ ਕੇ ਪੁਜਦੇ ਹਨ ਤਾਂ ਉਹ ਅੱਗ-ਬਗੋਲਾ ਹੁੰਦਾ ਹੈ, ਆਪਣੇ ਪੱਗ ਵੱਟ ਭਰਾ ਦੀ ਇਜ਼ਤ ਉਤੇ ਡਾਕੇ ਦਾ ਉਹਦਾ ਇਹ ਪ੍ਰਤੀਕਰਮ ਹੈ ਕਿ ਜੇਕਰ ਉਹ ਉਸ ਕੁੜੀ ਨੂੰ ਵਾਪਸ ਨਾ ਦਿਵਾ ਸਕਿਆ ਤਾਂ ਉਹ ਆਪਣੀ ਧੀ ਬਦਲੇ ਵਿਚ ਸਰਹਦੋਂ ਪਾਰ ਲੰਘਾ ਦੇਵੇਗਾ। ਜਿਸ ਤਰ੍ਹਾਂ ਪੰਜਾਬ ਦੀਆਂ ਇਹ ਧੀਆਂ ਗਾਵਾਂ ਮੱਝਾਂ ਤੋਂ ਵੱਧ ਕੁਝ ਨਹੀਂ। ਨਾਵਲਕਾਰ ਜਦੋਂ ਆਪਣੀ ਲਿਖਤ ਵਿਚ ਇਸ ਨੂੰ ਵਚਨ ਨਿਭਾਉਣ ਵਾਲੀ ਮਰਦਾਨਗੀ ਆਖਦਾ ਹੈ ਅਤੇ ਉਹਦੀ ਲਿਖਤ ਵਿਚ ਕਿਧਰੇ ਵੀ ਇਸ ਬੇਹੂਦਾ ਮਰਦਾਨਗੀ ਦਾ ਖੰਡਨ ਨਹੀਂ ਤਾਂ ਸੁਧੇ ਹੀ ਨਾਵਲਕਾਰ ਉਤੇ ਇਹ ਦੋਸ਼ ਲਗ ਸਕਦਾ ਹੈ ਕਿ ਉਹਨੂੰ ਪੰਜਾਬ ਦੇ ਇਨ੍ਹਾਂ ਮਰਦ ਪਾਤਰਾਂ ਦੀ ਇਸ ਬੇਹੂਦਗੀ ਤੇ ਗੌਰਵ ਹੈ। ਇਥੇ ਨਾਵਲਕਾਰ ਇਕ ਜਗੀਰੂ ਵਾਹੂ ਸੋਚ ਵਾਲਾ ਵਿਅਕਤੀ ਹੋ ਕੇ ਨਿਬੜਦਾ ਹੈ। ਇਹ ਨਿੰਦਣਯੋਗ ਗੱਲ ਹੈ।

ਦਿੱਲੀ ਵਿਚ ਪਿਛੇ ਜਹੇ ਸੇਖੋਂ ਨੇ 'ਚਾਰ ਨਾਵਲਾਂ' ਦੀ ਇਕ ਗੋਸ਼ਟੀ ਵਿਚ ਬੋਲਦਿਆਂ ਕਿਹਾ ਸੀ ਕਿ ਗੁਰਦਿਆਲ ਸਿੰਘ ਦੇ ਨਾਵਲ 'ਅੱਧ ਚਾਨਣੀ ਰਾਤ' ਤੇ ਜਸਵੰਤ ਕੰਵਲ ਦੇ ਨਾਵਲ 'ਬਰਫ਼ ਦੀ ਅੱਗ' ਵਿਚ ਨੁੱਕਸ ਹੈ ਕਿ ਉਹਨਾਂ ਵਿਚ ਪ੍ਰਤਿਪੱਖ ਦੀ ਅਣਹੋਂਦ ਹੈ, ਇਹ ਕਮਜ਼ੋਰੀ ਕਾਹਲੋਂ ਦੇ ਨਾਵਲ ਵਿਚ ਬੜੀ ਅੱਖੜਦੀ ਹੈ। ਇਥੇ ਪ੍ਰਤੀ-ਪੱਖ ਦਾ ਨਾਮ ਨਿਸ਼ਾਨ ਨਹੀਂ, ਜਿਸ ਕਰਕੇ ਸਮਾਜ ਵਿਚ ਕਿਹੜੀਆਂ ਸ਼ਕਤੀਆਂ ਦੀ ਟੱਕਰ ਹੈ, ਉਸ ਦਾ ਸੰਕੇਤ ਵੀ ਇਸ ਨਾਵਲ ਵਿਚ ਕਿਧਰੇ ਨਹੀਂ। ਸਮਾਜ ਉਤੇ ਇਕ ਟਿੱਪਣੀ ਜ਼ਰੂਰ ਹੈ ਤੇ ਇਸ ਵਿਚ ਸ਼ੱਕ ਨਹੀਂ ਕਿ ਜਿਥੋਂ ਤਕ ਪੁਲਸੀਏ ਪਾਤਰ ਇਸ ਨਾਵਲ ਦੀ ਪੱਕੜ ਵਿਚ ਆਂਦੇ ਹਨ, ਇਹ ਟਿਪਣੀ ਜ਼ੋਰਦਾਰ ਹੈ।

ਨਾਵਲ ਦੇ ਸ਼ੁਰੂ ਵਿਚ ਹੀ ਹੌਲਦਾਰ ਚਰਨ ਸਿੰਘ ਲੁੱਟ-ਮਾਰ ਕਰਨ ਵਾਲੇ ਫ਼ਸਾਦੀਆਂ ਦਾ ਆਗੂ ਦਿਖਾਇਆ ਗਿਆ ਹੈ, ਜਿਹੜਾ ਗੁਰੂ ਦੇ ਸਿੰਘਾਂ ਨੂੰ ਮੁਸਲਿਆਂ ਕੋਲੋਂ ਬਦਲਾ ਲੈਣ ਲਈ ਵੰਗਾਰ ਰਿਹਾ ਹੈ ਪਰ ਨਾਲ ਹੀ ਆਪਣੇ ਫ਼ਿਰਕੇ ਵਿਚ ਔਰਤਾਂ ਦੀ ਕਮੀ ਨੂੰ ਮਹਿਸੂਸ ਕਰਦਿਆਂ ਹੋਇਆਂ ਇਹ ਪ੍ਰਚਾਰ ਕਰ ਰਿਹਾ ਹੈ ਕਿ ਸੋਲ੍ਹਾਂ ਤੋਂ ਚਾਲ੍ਹੀ ਸਾਲ ਦੀ ਔਰਤ ਨੂੰ ਕੁਝ ਨਹੀਂ ਕਹਿਣਾ ਕਿਉਂ ਕਿ ਇਨ੍ਹਾਂ ਰਾਹੀਂ ਸਿੰਘਾਂ ਦਾ ਆਬਾਦੀ ਵਧਾਣਾ ਜ਼ਰੂਰੀ ਹੈ। ਚੋਰਾਂ ਨਾਲ ਲੁੱਟ ਵਾਲੇ ਮਾਲ ਦੀ ਵੰਡ ਕਰਨ ਵੇਲੇ ਪੁਲਸੀਆ ਚਰਨ ਸਿੰਘ ਵਡੇ ਚੋਰਾਂ ਵਾਂਗ ਹੀ ਆਪਣੇ ਹਿੱਸੇ ਲਈ ਆਕੜ ਰਿਹਾ ਹੈ ਤੇ ਉਸ ਵੇਲੇ ਨਾਵਲਕਾਰ ਵਲੋਂ ਸਪੱਸ਼ਟ ਟਿਪਣੀ ਹੈ ਕਿ ਦੇਸ਼ ਵਿਚ ਪੁਲਸੀਆਂ ਨਾਲੋਂ ਵੱਧ ਕੋਈ ਵਡਾ ਚੋਰ, ਡਾਕੂ, ਬਲੈਕੀਆ ਜਾਂ ਜਬਰ-ਜਨਾਹ ਕਰਨ ਵਾਲਾ ਨਹੀਂ, ਨਾਵਲ ਦੇ ਅੰਤ ਵਿਚ ਪੁਲਸੀਆਂ ਦੇ ਹਥੋਂ ਜ਼ਬਰ-ਜਨਾਹ ਵਿਚ ਜਦੋਂ ਸੀਮੋਂ ਦੀ ਕੁੱਖ ਉੱਜੜਦੀ ਹੈ ਤਾਂ ਪੁਲਸੀਏ ਘਬਰਾ ਕੇ ਔਰਤਾਂ ਤੇ ਗ਼ੈਰ-ਕਾਨੂੰਨੀ ਕਰਦੀ ਇਕ ਵਾਕਫ਼ ਦਾਈ ਨੂੰ ਲਿਆਂਦੇ ਹਨ—

"ਬੱਚਾ ਹੋਣ ਵਾਲਾ ਸੀ, ਖੌਰੇ ਕਿਸ ਤਰ੍ਹਾਂ ਕੋਹਿਆ ਵਿਚਾਰੀ ਮਸੂਮ ਨੂੰ। ਆਦਮੀ ਤੇ ਜਾਨਵਰ ਤੋਂ ਵੀ ਪਰਲੇ ਪਾਰ ਹੋ ਜਾਂਦਾ ਹੈ।"

ਤੇ ਉਹਨਾਂ ਢੀਠਾਂ ਦਾ ਜਵਾਬ—

"ਤੂੰ ਵੀ ਦੋ ਦੋ ਚਾਰ ਸੌ ਲੈ ਕੇ ਇਹੋ ਹੀ ਧੰਦਾ ਕਰਨੀ ਆਂ। ਸਾਡੇ ਕੋਲ ਘਲ ਦਿਆ ਕਰ ਕੋਈ ਕੋਈ ਕੇਸ ਵਿਚੋਂ ...। ਫ਼ੀਸ ਲੈਣ ਦੀ ਥਾਂ ਸਗੋਂ ਪਲਿਉਂ ਦੇ ਕੇ ਤੋਰਿਆ ਕਰਾਂਗੇ।"

ਬਾਅਦ ਵਿਚ ਸੀਮੋਂ ਨੂੰ ਜਸੂਸਨੀ ਕਰਾਰ ਦੇ ਕੇ ਇੰਟੈਰੋਗੇਸ਼ਨ ਸੈਂਟਰ ਵਿਚ ਉਹਦੀ ਬੇਪੱਤੀ ਹੁੰਦੀ ਹੈ। ਉਹ ਪਾਗ਼ਲ ਹੋ ਜਾਂਦੀ ਹੈ ਤੇ ਪਾਗ਼ਲ ਹੋਈ ਦੇ ਇਹ ਸ਼ਬਦ ਕਾਨੂੰਨ ਅਤੇ ਕਾਨੂੰਨ ਵਾਲਿਆਂ ਨੂੰ ਫ਼ੂਕ ਵੰਗਾਰ ਹੈ—

"ਭੈਣ ਤੇ ਗਿੱਟੇ ਮੇਰੇ ... ... ਖਾਖੀ ਬਰਦੀਆਂ... ਲੁੱਚੇ ਮਾਵਾਂ ਨਾਲ ਸੌਂਦੇ ... ... (ਗਲਮੇ 'ਚ ਹੱਥ ਪਾ ਕੇ ਕੁਰਤੇ ਦਾ ਲੰਗਾਰ ਲਾਹਦਿਆਂ ਹੋਇਆਂ) ਲਓ ਚੂੰਗ ਲੌ — ਚੱਕ ਵੱਢ ਖਾਓ ਹਲਕਾਏ ਬੂਲੀਓ, ਬਘਿਆੜੀ ਨਸਲ ਦਿਓ (ਛਾਤੀ ਤੋਂ ਧੁੰਨੀ ਵਲ ਨੂੰ ਪੋਟੇ ਨਾਲ ਲਕੀਰ ਖਿੱਚਦਿਆਂ) ...ਆਹ ਹੈਗੀ ਜੇ ਸਰਹੱਦ... ਐਧਰ ਹਿੰਦੁਸਤਾਨ, ਐਧਰ ਪਾਕਿਸਤਾਨ ... ... ।"

ਨਾਵਲ ਸੀਮੋਂ ਨੂੰ ਜਿਸ ਦਸ਼ਾ ਵਿਚ ਵਿਖਾ ਕੇ ਖਤਮ ਹੁੰਦਾ ਹੈ, ਮਨ ਵਿਚ ਇਹ ਸਵਾਲ ਪੈਦਾ ਹੁੰਦਾ ਹੈ ਕਿ ਜ਼ਿੰਦਗੀ ਦੀਆਂ ਕਿਹੜੀਆਂ ਤਾਕਤਾਂ ਇਸ ਜ਼ੁਲਮ ਨੂੰ ਖਤਮ ਕਰਨਗੀਆਂ। ਮੋਹਨ ਕਾਹਲੋਂ ਨੇ ਇਸ ਦੇ ਬਾਰੇ ਕੋਈ ਸੰਕੇਤ ਨਹੀਂ ਦਿਤਾ। ਇਹ ਸ਼ਾਇਦ ਉਹਦੇ ਖੇਤਰ ਤੋਂ ਬਾਹਰ ਹੈ (ਭਾਵੇਂ ਹੋਣਾ ਨਹੀਂ ਚਾਹੀਦਾ) ਪਰ ਇਹ ਵੀ ਗਲ ਆਪਣੇ ਆਪ ਵਿਚ ਮੁਬਾਰਕ ਹੈ ਅਤੇ ਨਾਵਲ ਦੀ ਪ੍ਰਾਪਤੀ ਹੀ ਕਹੀ ਜਾ ਸਕਦੀ ਹੈ ਕਿ ਪਾਠਕ ਦੇ ਦਿਲ ਵਿਚ ਇਹ ਸਵਾਲ ਉੱਠਦਾ ਹੈ। ਜਵਾਬ ਸਪਸ਼ਟ ਸ਼ਕਲ ਵਿਚ ਲੋਕਾਂ ਦੇ ਦਿਲ ਵਿਚ ਸਮਾ ਰਿਹਾ ਹੈ। ਕਾਹਲੋਂ ਜੇਕਰ 'ਵਾਸ਼ਨਾ' ਦੀ ਲਜ਼ਤ ਵਾਲੀ ਲੇਖਣੀ ਤੋਂ ਬਾਹਰ ਨਿਕਲ ਕੇ ਜ਼ਿੰਦਗੀ ਦੀ ਅਸਲੀ ਟੱਕਰ ਵਿਚ ਆਪਣੀ ਕਲਮ ਨਾਲ ਵਿਚਰੇ ਤਾਂ ਉਹ ਆਪਣੀ ਪ੍ਰਤਿਭਾ ਅਤੇ ਜ਼ੋਰਦਾਰ ਕਲਮ ਨਾਲ ਸਾਹਿਤ ਵਿਚ ਆਪਣੀ ਨਵੇਕਲੀ ਥਾਂ ਬਣਾ ਸਕਦਾ ਹੈ।

## ੩. ਸਿਧਾਂਤਕ ਸੂਝ ਕਿ ਸਿੱਧੜਪੁਣਾ

ਇਕਬਾਲ ਸਿੰਘ

ਪੰਜਾਬੀ ਸਾਹਿਤਕ ਆਲੋਚਨਾ ਦੀ ਮੁੰਡੇਰ ਤੇ ਇਕ ਨਵਾਂ ਦੀਵਾ ਜਗਿਆ ਹੈ ਜਿਸ ਤੋਂ ਪਾਠਕਾਂ ਨੂੰ ਵਧੇਰੇ ਚਾਨਣ ਦੀ ਆਸ ਸੀ। ਪਰ ਉਨ੍ਹਾਂ ਦੀਆਂ ਆਸਾਂ ਤੇ ਇਕ ਵਾਰ ਫੇਰ ਪਾਨੀ ਫਿਰ ਗਿਆ ਜਦੋਂ ਉਨ੍ਹਾਂ ਨੂੰ ਦਲੀਲ ਦੇ ਚਾਨਣ ਦੀ ਥਾਂ ਗਾਲ੍ਹਾਂ ਦੇ ਧੂਏਂ ਦਾ ਸਾਹਮਣਾ ਕਰਨਾ ਪਿਆ। ਮੇਰਾ ਭਾਵ ਸ੍ਰੀ ਸੁਰਜੀਤ ਖੁਰਸ਼ੀਦੀ ਤੋਂ ਹੈ ਜਿਨ੍ਹਾਂ ਨੇ ੨੫ ਸਤੰਬਰ ਦੇ ਨਵਾਂ ਜ਼ਮਾਨਾ ਵਿਚ "ਅਗਸਤ ਦੇ ਰੋਹਲੇ ਬਾਣ ਦਾ ਪੋਸਟ ਮਾਰਟਮ" ਕਰਕੇ ਆਪਣੀ ਜ਼ੋਰਦਾਰ ਪ੍ਰਤਿਭਾ ਤੇ ਦਿੱਬ-ਦ੍ਰਿਸ਼ਟੀ ਨਾਲ ਪਾਠਕਾਂ ਨੂੰ ਹੈਰਾਨ ਕਰ ਦਿੱਤਾ ਹੈ। ਉਨ੍ਹਾਂ ਦੀ 'ਨਵੀ ਲਭਤ' ਸੁਣੋ :

"ਸ਼ਾਤਰ ਸਾਮਰਾਜ ਅੱਗੇ ਵਧ ਰਹੀਆਂ ਜੁਝਾਰ ਸ਼ਕਤੀਆਂ ਦੇ ਰਾਹ ਵਿਚ ਭਾਂਤ ਭਾਂਤ ਦੇ ਰੋੜੇ ਅਟਕਾਂਦਾ ਹੈ। ਦਰਸ਼ਨ ਤੇ ਸਾਹਿਤ ਦੇ ਪਿੜ ਵਿਚ ਆਪਣੇ ਜਮੂਰਿਆਂ ਨੂੰ ਕਦੇ ਪ੍ਰਯੋਗਵਾਦ, ਕਦੇ ਸ਼ਕਤੀਵਾਦ, ਕਦੇ ਅਸਤਿਤਵਵਾਦ ਅਤੇ ਕਦੇ ਕਰਾਂਤੀਵਾਦ ਦੇ ਝੰਡੇ ਫੜਾ ਦਿੰਦਾ ਹੈ, ਅਤੇ ਇਹ ਸਾਰੇ ਵਾਦ ਉਸ ਵਲੋਂ ਇਹ ਕਹਿ ਕੇ ਪਿੜ ਵਿਚ ਲਿਆਂਦੇ ਜਾਂਦੇ ਹਨ ਕਿ ਜੀ ਇਹ ਹੁਣ ਪ੍ਰਗਤੀਵਾਦ ਦੀ ਉਤਰ-ਅਧਿਕਾਰੀ ਲਹਿਰ ਹੈ। ਪ੍ਰਗਤੀਵਾਦ ਦੇ ਦਿਨ ਹੁਣ ਵਿਹਾਜ ਗਏ। ਪਰ ਇਸ ਦਾ ਕੀ ਕੀਤਾ ਜਾਵੇ ਕਿ ਇਨ੍ਹਾਂ ਦੇ ਚਿਹਰਿਆਂ ਦੇ ਨਕਾਬ ਏਨੀ ਛੇਤੀ ਘਸ ਜਾਂਦੇ ਹਨ ਅਤੇ ਹੇਠੋਂ ਉਹੋ ਸੀ. ਆਈ. ਏ. ਦਾ ਮਨਹੂਸ ਚਿਹਰਾ ਨਜ਼ਰ ਆਣ ਲੱਗ ਜਾਂਦਾ ਹੈ। ਅੱਜ ਪ੍ਰਗਤੀਵਾਦ ਨਾਲ ਇਸ ਦੁਸ਼ਮਣ ਨੇ ਆਪਣੇ ਆਪ ਨੂੰ ਕਰਾਂਤੀਕਾਰੀ ਲਹਿਰ ਦਾ ਧਾਰਨੀ ਬਣਾ ਕੇ ਆਢਾ ਲਿਆ ਹੋਇਆ ਹੈ।"

ਮੈਂ ਸ੍ਰੀ ਖੁਰਸ਼ੀਦੀ ਦੀ ਇਸ ਧਾਰਨਾ ਕਿ ਦਰਸ਼ਨ ਤੇ ਸਾਹਿਤ ਦੇ ਖੇਤਰ ਵਿਚ ਵਖ ਵਖ ਜਮਾਤਾਂ ਦੀ ਵਿਚਾਰਧਾਰਕ ਜਦੋ-ਜਹਿਦ ਚਲਦੀ ਹੈ, ਨਾਲ ਪੂਰੀ ਤਰ੍ਹਾਂ ਸਹਿਮਤ ਹਾਂ। ਇਕ ਆਲੋਚਕ ਦੇ ਤੌਰ ਤੇ ਉਨ੍ਹਾਂ ਦਾ ਫਰਜ ਬਣਦਾ ਸੀ ਕਿ ਉਹ ਪਾਠਕਾਂ ਸਾਹਮਣੇ ਇਹ

ਸਪਸ਼ਟ ਕਰਦੇ ਕਿ ਉਪਰੋਕਤ ਸਾਰੇ ਵਾਦਾਂ ਦਾ ਆਰਥਕ, ਰਾਜਸੀ ਤੇ ਸਮਾਜਕ ਅਧੀਨ ਕੀ ਹੈ, ਮੂਲ ਰੂਪ ਵਿਚ ਇਨ੍ਹਾਂ ਵਿਚ ਕੀ ਏਕਤਾ ਜਾਂ ਸਮਾਨਤਾ ਹੈ, ਪ੍ਰਗਤੀਵਾਦ ਦਾ ਭੱਤ ਤੇ ਵਰਤਮਾਨ ਸਮੇਂ ਵਿਚ ਇਸ ਦਾ ਕੀ ਸਰੂਪ ਹੈ; ਅਤੇ ਇਸਦਾ ਇਨ੍ਹਾਂ ਸਾਰੇ ਵਾਦਾਂ ਨਾਲ ਕੀ ਵਿਰੋਧ ਹੈ ਤੇ ਇਹ ਕਿਵੇਂ ਚਲ ਰਿਹਾ ਹੈ ਅਤੇ ਜਮਾਤੀ ਜਦੋ-ਜਹਿਦ ਵਿਚ ਇਸਦਾ ਰੋਲ ਕੀ ਹੈ ? ਪਰ ਉਨ੍ਹਾਂ ਇਸ ਸਾਰੇ ਝੇੜੇ ਵਿਚ ਪੈਣ ਦੀ ਥਾਂ ਇਕੋ ਫਿਕਰੇ ਵਿਚ ਸਾਰੀ ਗੱਲ ਨਿਬੇੜ ਦਿੱਤੀ ਕਿ ਉਪਰੋਕਤ ਸਾਰੇ ਵਾਦ ਸਿਰਫ ਸੀ. ਆਈ. ਏ. ਦੀ ਚਾਲ ਹਨ ਅਤੇ ਕਰਾਂਤੀਵਾਦ ਇਸਦੀ ਨਵੀਨਤਮ ਉਦਾਹਰਣ ਹੈ। ਹੈ ਵੀ ਠੀਕ; ਜੇ ਲੁਹਾਰ ਦੀ ਇਕੋ ਸੱਟ ਨਾਲ ਕੰਮ ਸਿਰੇ ਚੜ੍ਹਦਾ ਹੋਵੇ ਤਾਂ ਸੁਨਿਆਰ ਦੀ ਠਕ ਠਕ ਦੀ ਕੀ ਲੋੜ ? ਇਸੇ ਨੂੰ ਮੈਂ ਉਨ੍ਹਾਂ ਦੀ ਪ੍ਰਤਿਭਾ ਤੇ ਦਿੱਬ-ਦ੍ਰਿਸ਼ਟੀ ਦਾ ਚਮਤਕਾਰ ਕਿਹਾ ਹੈ ।

ਇਸ ਰਹੱਸ ਉਦਘਾਟਨ ਪਿਛੋਂ ਉਨ੍ਹਾਂ ਡਾ: ਸ. ਸ. ਦੁਸਾਂਝ ਉਤੇ ਬੜਾ ਜ਼ਬਰਦਸਤ ਹਮਲਾ ਕੀਤਾ ਹੈ। ਉਹ ਲਿਖਦੇ ਹਨ : "ਸਾਡੇ ਪੰਜਾਬ ਵਿਚ ਇਸ ਲਹਿਰ ਦੇ ਸਭ ਤੋਂ ਵੱਡੇ ਨਕਾਬਪੋਸ਼ ਡਾ: ਦੁਸਾਂਝ ਜੀ ਹਨ, ਜਿਨ੍ਹਾਂ ਦੀ ਕਲਮ ਅਜੇ ਸਾਡੇ ਅਨੇਕਾਂ ਹੋਣਹਾਰ ਯੁਵਕਾਂ ਦਾ ਖ਼ੂਨ ਪੀ ਕੇ ਰੱਜੀ ਨਹੀਂ। ਉਨ੍ਹਾਂ ਤੋਂ ਅਗਵਾਈ ਲੈ ਕੇ ਕਿਤਨੇ ਨੌਜੁਆਨਾਂ ਨੇ ਜਾਨਾਂ ਗੁਆਈਆਂ ਤੇ ਕਿਤਨੇ ਇੰਟੈਰੋਗੇਸ਼ਨ ਸੈਂਟਰਾਂ ਵਿਚ ਮਾਰਾਂ ਖਾ ਖਾ ਕੇ ਸਦਾ ਲਈ ਨਕਾਰਾ ਹੋ ਗਏ। ਇਸਦਾ ਪੂਰਾ ਪਤਾ ਤਾਂ ਉਨ੍ਹਾਂ ਨੂੰ ਹੋਵੇਗਾ, ਸਾਨੂੰ ਤਾਂ ਬਸ ਇਹੀ ਪਤਾ ਹੈ ਕਿ ਡਾ: ਦੁਸਾਂਝ ਨੂੰ ਕਦੇ ਕਿਸੇ ਨੇ ਓਏ ਵੀ ਨਹੀਂ ਕਿਹਾ। ਕਦੇ ਪੁਲਸ ਨੇ ਉਨ੍ਹਾਂ ਨੂੰ ਪੁਛ ਗਿੱਛ ਲਈ ਨਹੀਂ ਫੜਿਆ । ਕੀ ਇਸ ਲਈ ਕਿ ਉਹ ਬਹੁਤ ਵੱਡੇ ਕਾਂਤੀਕਾਰੀ ਹਨ ?"

ਪਾਠਕਾਂ ਨੂੰ ਚੰਗੀ ਤਰ੍ਹਾਂ ਪਤਾ ਹੈ ਕਿ ਕੁਝ ਸਾਲ ਪਹਿਲਾਂ ਨਕਸਲ ਬਾੜੀ ਦੀ ਲਹਿਰ ਦੇ ਪ੍ਰਭਾਵ ਨੇ ਕ੍ਰਾਂਤੀਕਾਰੀ ਕਵਿਤਾ ਨੂੰ ਜਨਮ ਦਿੱਤਾ ਅਤੇ ਡਾ: ਦੁਸਾਂਝ ਨੇ ਪੰਜਾਬੀ ਸਾਹਿਤ ਵਿਚ ਇਸਦੀ ਵਕਾਲਤ ਕੀਤੀ ਜਿਸ ਨਾਲ ਉਹ ਵਾਦ ਵਿਵਾਦ ਦਾ ਕੇਂਦਰ ਬਣੇ, ਭਾਵੇਂ ਉਨ੍ਹਾਂ ਦੀ ਇਸ ਵਕਾਲਤ ਤੋਂ ਕ੍ਰਾਂਤੀਕਾਰੀ ਕਵੀ ਖੁਦ ਵੀ ਸੰਤੁਸ਼ਟ ਨਹੀਂ (ਪੜ੍ਹੋ "ਰੋਹਲੇ ਬਾਣ" ਨੰ: ੩ ਵਿਚ ਪਾਸ਼ ਦਾ ਡਾ: ਦੁਸਾਂਝ ਦੇ ਨਾਂ ਖੁਲ੍ਹਾ ਖਤ)। ਜੇ ਡਾ: ਦੁਸਾਂਝ ਨੂੰ ਕ੍ਰਾਂਤੀਕਾਰੀ ਕਵਿਤਾ ਦੀ ਵਕਾਲਤ ਅਤੇ ਪੁਲਸ ਵਲੋਂ ਪੁਛ ਗਿਛ ਨਾ ਕੀਤੇ ਜਾਣ ਕਰਕੇ ਸੀ. ਆਈ. ਏ. ਦਾ ਏਜੰਟ ਗਰਦਾਨਿਆ ਜਾ ਸਕਦਾ ਹੈ ਤਾਂ ਕ੍ਰਾਂਤੀਕਾਰੀ ਕਵੀ ਵੀ ਇਸ ਦੋਸ਼ ਤੋਂ ਬਰੀ ਨਹੀਂ ਅਤੇ ਇਹੀ ਗੱਲ ਸ੍ਰੀ ਖੁਰਸ਼ੀਦੀ ਨੇ ਬੜੇ ਜ਼ੋਰ ਸ਼ੋਰ ਨਾਲ ਸਿੱਧ ਕੀਤੀ ਹੈ। ਉਨ੍ਹਾਂ ਦੀ 'ਦਲੀਲ' ਤੋਂ ਸਿੱਧ ਹੁੰਦਾ ਹੈ ਕਿ ਪੁਲਸ ਸੀ. ਆਈ. ਏ. ਦੀਆਂ ਸਰਗਰਮੀਆਂ ਨੂੰ ਸ਼ਹਿ ਦੇ ਰਹੀ ਹੈ। ਪਰ ਉਸੇ ਪੁਲਸ ਨੇ (ਜਾਂ ਸ੍ਰੀ ਖੁਰਸ਼ੀਦੀ ਦੀਆਂ 'ਜੁਝਾਰ ਸ਼ਕਤੀਆਂ' ਅਨੁਸਾਰ "ਕੁਝ ਵਿਗੜੇ ਹੋਏ ਅਫ਼ਸਰਾਂ" ਨੇ) ਕਈ ਕ੍ਰਾਂਤੀਕਾਰੀ ਕਵੀਆਂ ਨੂੰ ਗੋਲੀ ਤੇ ਇੰਟੈਰੋਗੇਸ਼ਨ ਸੈਂਟਰਾਂ ਦੇ ਜ਼ੁਲਮ ਦਾ ਨਿਸ਼ਾਨਾਂ ਕਿਉਂ ਬਣਾਇਆ ? ਸ਼ਾਇਦ ਖੁਰਸ਼ੀਦੀ ਜੀ ਇਹ ਦਲੀਲ ਦੇਣ ਕਿ ਭਾਰਤ ਸਰਕਾਰ "ਕਾਫੀ ਹੱਦ ਤਕ" ਸਾਮਰਾਜ ਵਿਰੋਧੀ ਰੋਲ ਅਦਾ ਕਰ ਰਹੀ ਹੈ (ਜਿਵੇਂ ਬੰਗਲਾ ਦੇਸ਼ ਵਿਚ 'ਲੋਕ ਫ਼ੌਜ' ਭੇਜ ਕੇ 'ਸਮਾਜਵਾਦ' ਸਥਾਪਤ ਕਰਨਾ ਆਦਿ), ਅਤੇ ਉਹ ਸੀ. ਆਈ. ਏ. ਦੀਆਂ ਸਰਗਰਮੀਆਂ ਨੂੰ ਸਹਿਣ ਨਹੀਂ ਕਰਦੀ। ਇਸ 'ਦਲੀਲ' ਨੂੰ ਹੋਰ ਜ਼ੋਰਦਾਰ ਬਣਾਉਣ ਲਈ ਉਹ ਕਾਂਗਰਸ ਦੇ ਪ੍ਰਧਾਨ ਸ਼ੰਕਰ ਦਿਆਲ ਸ਼ਰਮਾ ਦਾ ਤਾਜ਼ਾ ਬਿਆਨ ਪਾਠਕਾਂ ਦੇ ਦ੍ਰਿਸ਼ਟੀ ਗੋਚਰ ਕਰ ਸਕਦੇ ਹਨ ਕਿ ਭਾਰਤ ਤੇ ਬੰਗਲਾ ਦੇਸ਼ ਵਿਚਕਾਰ ਸਬੰਧ ਵਿਗਾੜਨ ਲਈ ਸੀ. ਆਈ. ਏ. ਸਰਗਰਮ ਹੈ। ਪੁਲਸ ਤੇ ਸਰਕਾਰ ਨੂੰ ਨਿਖੇੜ ਕੇ ਦੇਖਣ ਵਾਲੀ ਸ੍ਰੀ ਖੁਰਸ਼ੀਦੀ ਦੀ ਦਿੱਬ ਦ੍ਰਿਸ਼ਟੀ ਦਾ ਜੁਆਬ ਨਹੀਂ। ਪਰ ਉਹ ਪੰਜਾਬ ਦੇ ਨੌਜਵਾਨ ਪਿਛਲੇ ਸਮੇਂ ਵਿਚ ਜਿਸ ਦਹਿਸ਼ਤ ਪਸੰਦੀ ਦੇ ਰਾਹ ਤੇ ਚੱਲੇ ਉਸ ਦੀ ਅਗਵਾਈ ਸ੍ਰੀ ਚਾਰੂ ਮਾਜੂਮਦਾਰ ਨੇ ਕੀਤੀ ਅਤੇ ਪੰਜਾਬ ਵਿਚ ਉਸਦੇ ਆਗੂ ਡਾ: ਦੁਸਾਂਝ ਨਹੀਂ।

ਉਪਰਲੀ ਸੰਖੇਪ ਜਿਹੀ 'ਭੂਮਿਕਾ' ਪਿਛੋਂ ਸ੍ਰੀ ਖੁਰਸ਼ੀਦੀ ਆਪਣੇ ਅਸਲੀ ਮੰਤਵ ਭਾਵ "ਅਗਸਤ ਦੇ ਰੋਹਲੇ ਬਾਣ ਦਾ ਪੋਸਟ ਮਾਰਟਮ" ਕਰਨ ਵਲ ਮੁੜੇ

ਹਨ। ਉਨ੍ਹਾਂ ਨੇ ਸਭ ਤੋਂ ਪਹਿਲਾਂ ਇਸ ਪਰਚੇ ਵਿਚ ਛਪੇ ਡਾ: ਦੁਸਾਂਝ ਦੇ ਲੇਖ "ਕ੍ਰਾਂਤੀਕਾਰੀ ਕਵਿਤਾ" ਦੀ ਚੀਰ-ਫਾੜ ਕੀਤੀ ਹੈ, ਜਿਸ ਵਿਚ ਡਾ: ਸਾਹਿਬ ਨੇ ਇਕ ਨਵੇਂ ਕ੍ਰਾਂਤੀਕਾਰੀ ਕਵੀ ਬੂਟਾ ਰਾਮ ਦੀ ਪਹਿਲੀ ਕਾਵਿ-ਪੁਸਤਕ "ਗਹਿਰੀ ਅੱਖ" ਵਿਚੋਂ ਇਸੇ ਨਾਂ ਦੀ ਕਵਿਤਾ, ਜੋ "ਹੱਦਾਂ ਦੇ ਯੁੱਧ" ਤੇ "ਲੋਕ ਯੁੱਧ" ਦੇ ਅੰਤਰ ਬਾਰੇ ਹੈ, ਦੀ ਚਰਚਾ ਕੀਤੀ ਹੈ। ਇਸਤੇ ਗੁੱਸੇ ਨਾਲ ਲਾਲ ਪੀਲੇ ਹੁੰਦਿਆਂ ਸ੍ਰੀ ਖੁਰਸ਼ੀਦੀ ਫੁਰਮਾਂਦੇ ਹਨ: ਡਾ: ਸਾਹਿਬ ਨੇ ਕਵੀ ਤੇ ਰਾਜਨੀਤਕ ਨੇਤਾ ਨੂੰ ਇਕੋ ਰੂਪ ਵਿਚ ਮੰਨ ਲਿਆ ਹੈ। ਡਾ: ਸ਼ਾਹਿਬ ਤੁਹਾਨੂੰ ਦਾਦ ਮਿਲਣੀ ਚਾਹੀਦੀ ਹੈ ਕਿ ਤੁਸੀਂ ਆਪਣਾ ਆਪ ਛੁਪਾ ਨਹੀਂ ਸਕੇ। ਤੁਸੀਂ ਕਵੀ ਪਾਸੋਂ ਲੋਕ-ਯੁੱਧ ਦੀ ਗੱਲ ਕਰਵਾ ਰਹੇ ਹੋ। ਪਰ ਇਹ ਕੌਣ ਪਰਖੇਗਾ ਕਿ ਇਹ ਯੁਧ ਕਰਨ ਵਾਲੇ ਲੋਕ ਸਹੀ ਸਿਆਸੀ ਸੂਝ ਨਾਲ, ਜੋ ਕਵੀ ਨੇ ਨਹੀਂ ਰਾਜਨੀਤਕ ਨੇ ਦੇਣੀ ਹੈ, ਯੁਧ ਕਰਨ ਲਈ ਤਿਆਰ ਵੀ ਹੋ ਰਹੇ ਹਨ ਕਿ ਅਜੇ ਕਵੀ ਜੀ ਵੀ ਮਹਾਰਾਜ ਇਕੱਲੇ ਹੀ ਕਲਮ ਨੂੰ ਮੱਥਾ ਟੇਕ ਕੇ ਦੇਸੀ ਪਿਸਤੌਲ ਚੁੱਕੀ ਫਿਰਦੇ ਹਨ।"

ਬੜੀ ਸਿਧੀ ਜਿਹੀ ਗੱਲ ਹੈ ਕਿ ਕਵੀ ਨੇ ਜੋ ਲਿਖਿਆ, ਡਾ: ਦੁਸਾਂਝ ਨੇ ਉਸ ਦਾ ਜ਼ਿਕਰ ਲੇਖ ਵਿਚ ਕਰ ਦਿੱਤਾ। ਪਰ ਸ੍ਰੀ ਖੁਰਸ਼ੀਦੀ ਕਹਿੰਦੇ ਹਨ ਕਿ ਉਹ ਕਵੀ ਤੋਂ ਲੋਕ ਯੁੱਧ ਦੀ ਗੱਲ ਕਰਵਾ ਰਹੇ ਹਨ। ਕੀ ਇਸ ਦਾ ਭਾਵ ਇਹ ਲਿਆ ਜਾਵੇ ਕਿ ਕਵੀ ਨੇ ਕਵਿਤਾ ਡਾ: ਦੁਸਾਂਝ ਦੇ ਕਹਿਣ ਤੇ ਲਿਖੀ। ਜੇ ਗੱਲ ਇਉਂ ਹੈ ਤਾਂ ਸ੍ਰੀ ਖੁਰਸ਼ੀਦੀ ਨੂੰ ਇਸਦੀ ਜਾਣਕਾਰੀ ਕਿਵੇਂ ਹੋਈ? ਸ਼ਾਇਦ ਉਨ੍ਹਾਂ ਦੀ ਦਿੱਬ-ਦ੍ਰਿਸ਼ਟੀ ਏਥੇ ਵੀ ਆਪਣਾ ਜਲਵਾ ਦਿਖਾ ਗਈ ਹੈ। ਇਹ ਠੀਕ ਹੈ ਕਿ ਕਵੀ ਨੇ ਰਾਜਨੀਤਕ ਦਾ ਕੰਮ ਨਹੀਂ ਕਰਨਾ ਤੇ ਨਾ ਹੀ ਡਾ: ਦੁਸਾਂਝ ਨੇ ਉਸ ਨੂੰ ਇਉਂ ਕਰਨ ਲਈ ਮਜਬੂਰ ਹੀ ਕੀਤਾ ਹੈ। ਪਰ ਕੀ ਕਵੀ ਦਾ ਰਾਜਨੀਤੀ ਨਾਲ ਉੱਕਾ ਹੀ ਕੋਈ ਵਾਸਤਾ ਨਹੀਂ? ਕੀ ਇਹੀ ਸ੍ਰੀ ਖੁਰਸ਼ੀਦੀ ਤੇ ਉਨ੍ਹਾਂ ਦੀਆਂ "ਅੱਗੇ ਵਧ ਰਹੀਆਂ ਜੁਝਾਰ ਸ਼ਕਤੀਆਂ" ਦਾ "ਪ੍ਰਗਤੀਵਾਦ" ਹੈ? ਕਵੀ ਦੇ ਦੇਸੀ ਪਿਸਤੌਲ ਚੁੱਕੀ ਫਿਰਨ ਬਾਰੇ ਤਾਂ ਸ੍ਰੀ ਖੁਰਸ਼ੀਦੀ ਹੀ ਚੰਗੀ ਜਾਣਦੇ ਹੋਣਗੇ, "ਸਾਨੂੰ ਤਾਂ ਬਸ ਏਹੀ ਪਤਾ ਹੈ" ਕਿ ਕਵੀ ਨੇ ਕਵਿਤਾ ਲਿਖੀ ਹੈ ਤੇ ਕਲਮ ਨੂੰ ਅਜੇ ਮੱਥਾ ਨਹੀਂ ਟੇਕਿਆ।

ਸ੍ਰੀ ਖੁਰਸ਼ੀਦੀ ਨੇ ਡਾ: ਦੁਸਾਂਝ ਤੇ "ਕ੍ਰਾਂਤੀਕਾਰੀ ਲਹਿਰ ਦੇ ਪ੍ਰਚਾਰਕ ਬਣ ਕੇ ਸਾਹਿਤਕਾਰ ਨੂੰ ਜਨਤਾ ਨਾਲੋਂ ਨਿਖੇੜਨ" ਦਾ ਦੋਸ਼ ਲਾਇਆ ਹੈ। ਪਰ ਉਨ੍ਹਾਂ ਇਹ ਨਹੀਂ ਦਸਿਆ ਕਿ ਕਿਹੜੇ ਸਾਹਿਤਕਾਰ ਨੂੰ। ਕੀ ਕ੍ਰਾਂਤੀਕਾਰੀ ਕਵੀਆਂ ਨੂੰ? ਪਰ ਇਹ ਤਾਂ ਸ੍ਰੀ ਖੁਰਸ਼ੀਦੀ ਅਨੁਸਾਰ ਸੀ. ਆਈ. ਏ. ਦੇ ਏਜੰਟ ਹਨ ਅਤੇ ਇਨ੍ਹਾਂ ਦੇ ਜਨਤਾ ਨਾਲੋਂ ਨਿਖੜਨ ਤੇ ਉਨ੍ਹਾਂ ਨੂੰ ਤਕਲੀਫ ਕਿਉਂ ਹੋਈ?

ਉਨ੍ਹਾਂ ਅੱਗੇ ਲਿਖਿਆ ਹੈ: "ਤੁਸੀਂ ਹਿੰਦ-ਪਾਕ ਸਰਹੱਦਾਂ ਤੇ ਲੜ ਰਹੇ ਜੁਆਨਾਂ ਦਾ ਜ਼ਿਕਰ ਕੀਤਾ ਹੈ। ਉਂਝ ਤੁਹਾਨੂੰ ਚੀਨ-ਭਾਰਤ ਅਤੇ ਚੀਨ-ਰੂਸ ਦੀਆਂ ਸਰਹੱਦਾਂ ਤੇ ਮਰ ਰਹੇ ਜੁਆਨ ਵੀ ਨਜ਼ਰ ਆਉਣੇ ਚਾਹੀਦੇ ਹਨ, ਡਾ: ਸਾਹਿਬ!" ਹਿੰਦ-ਪਾਕ ਸਰਹੱਦਾਂ ਤੇ ਲੜ ਰਹੇ ਜੁਆਨਾਂ ਦਾ ਜ਼ਿਕਰ ਕਵਿਤਾ ਵਿਚ ਹੈ ਅਤੇ ਡਾ: ਦੁਸਾਂਝ ਨੇ ਸਿਰਫ ਉਸ ਤੇ ਟਿਪਣੀ ਕਰਦਿਆਂ ਕਵੀ ਦਾ ਪੱਖ ਸਪਸ਼ਟ ਕੀਤਾ ਹੈ। ਇਥੇ ਚੀਨ-ਭਾਰਤ ਤੇ ਚੀਨ-ਰੂਸ ਦੀਆਂ ਸਰਹੱਦਾਂ ਦੇ ਝਗੜੇ ਦੇ ਜ਼ਿਕਰ ਦੀ ਕੀ ਲੋੜ ਸੀ? ਕੀ ਇਸ ਤਰ੍ਹਾਂ ਡਾ: ਸਾਹਿਬ ਰਾਜਨੀਤਕ ਰੋਲ ਕਰਕੇ ਸ੍ਰੀ ਖੁਰਸ਼ੀਦੀ ਤੋਂ ਹੋਰ ਗਾਲ੍ਹਾਂ ਖਾਂਦੇ? ਸ਼ਾਇਦ ਇਸੇ ਗੱਲ ਦਾ ਉਨ੍ਹਾਂ ਨੂੰ ਦੁੱਖ ਹੈ।

ਫਿਰ ਉਹ ਡਾ: ਦੁਸਾਂਝ ਨੂੰ ਸੱਦਾ ਦਿੰਦੇ ਹਨ: "ਹੁਣ ਆਓ ਡਾ: ਸਾਹਿਬ ਤੁਹਾਡੇ (?) ਇਸੇ ਅੰਕ ਵਿਚ ਦੀਆਂ 'ਕ੍ਰਾਂਤੀਕਾਰੀ' ਕਵਿਤਾਵਾਂ ਨੂੰ ਸਾਹਿਤ ਤੇ ਸਿਧਾਂਤ ਦੀ ਛਾਨਣੀ ਰਾਹੀਂ ਛਾਣ ਕੇ ਦੇਖੀਏ।" ਉਨ੍ਹਾਂ ਨੂੰ ਇਹ ਵੀ ਦਸ ਦੇਣਾ ਚਾਹੀਦਾ ਸੀ ਕਿ ਡਾ: ਸ਼ਾਹਿਬ ਦੇ ਲੇਖ ਦੀ 'ਪਰਖ' ਵੇਲੇ ਉਨ੍ਹਾਂ ਕਿਹੜਾ ਔਜ਼ਾਰ ਵਰਤਿਆ। ਸ਼ਾਇਦ ਚਮੜਾ ਲਾਹੁਣ ਵਾਲੀ ਰੰਬੀ।

ਸਰਦਾਰਾ ਸਿੰਘ ਮਾਹਲ ਦੀ ਕਵਿਤਾ 'ਪਹੁ ਫੁਟਾਲਾ' ਵਿਚ ਉਨ੍ਹਾਂ ਨੂੰ ਇਕ ਸਤਰ 'ਸਿਧਾਂਤਕ ਤੌਰ ਤੇ' ਗਲਤ ਜਾਪੀ। ਅੰਨ੍ਹਾ ਕੀ ਭਾਲੇ, ਦੋ ਅੱਖਾਂ। ਪਰ ਇਥੇ ਤਾਂ ਇਕੋ ਸਤਰ ਨੇ ਹੀ ਸ੍ਰੀ ਖੁਰਸ਼ੀਦੀ ਨੂੰ ਕਵੀ ਦੇ ਸੀ. ਆਈ.

ਏ. ਦਾ ਏਜੰਟ ਹੋਣ ਦਾ ਸਬੂਤ ਦੇ ਦਿੱਤਾ। ਉਨ੍ਹਾਂ ਬੜੇ ਜਜ਼ਬਾਤੀ ਵੇਗ ਵਿਚ ਆ ਕੇ ਇਸ ਕਵਿਤਾ ਨੂੰ 'ਲਾਲ ਕਿਤਾਬ' ਦੇ ਅਖ਼ੀਰ ਵਿਚ ਅੰਕਤ ਕਰ ਦੇਣ ਦਾ 'ਕੀਮਤੀ ਸੁਝਾ' ਦਿੰਦੇ ਹੋਏ, ਕ੍ਰਾਂਤੀਕਾਰੀ ਕਵਿਤਾਵਾਂ ਨੂੰ ਦੁਨੀਆਂ ਭਰ ਦੇ ਇਨਕਲਾਬਾਂ ਨੂੰ ਫੇਲ੍ਹ ਕਰਨ ਦੇ ਜ਼ੁੰਮੇਵਾਰ ਠਹਿਰਾ ਕੇ ਆਪਣੀਆਂ 'ਅੱਗੇ ਵਧ ਰਹੀਆਂ ਜੁਝਾਰ ਸ਼ਕਤੀਆਂ' ਲਈ ਰਾਹ ਸਾਫ਼ ਕਰ ਦਿੱਤਾ ਹੈ।

ਕਵਿਤਾਵਾਂ ਦੇ ਅਰਥ ਕੱਢਣ ਦਾ ਉਨ੍ਹਾਂ ਦਾ ਆਪਣਾ ਹੀ 'ਮੌਲਿਕ' ਅੰਦਾਜ਼ ਹੈ। ਦਰਸ਼ਨ ਖਟਕੜ ਦੀ ਇਕ ਕਵਿਤਾ ਹੈ, 'ਕਲਾਕਾਰਾਂ ਦੇ ਕੋਲ' ਜਿਸ ਵਿਚ ਉਹ ਵਿਅਕਤੀਵਾਦੀ ਲੇਖਕਾਂ ਨੂੰ ਪਿੰਡ ਦੇ ਕਿਰਤੀ ਲੋਕਾਂ ਨਾਲ ਇਕ-ਮਿੱਕ ਹੋਣ ਲਈ ਪ੍ਰੇਰਦਾ ਹੈ। ਪਰ ਸ੍ਰੀ ਖੁਰਸ਼ੀਦੀ ਇਸ ਕਵਿਤਾ ਨੂੰ ਪਿੰਡ ਦੀ ਖੁਸ਼ਹਾਲੀ ਦਾ ਬਿਆਨ ਸਮਝੀ ਬੈਠੇ ਹਨ। ਇਸੇ ਤਰ੍ਹਾਂ ਇਕ ਕਵੀ ਸੁਰਜੀਤ ਨੇ "ਘਰ ਦੀ ਨੁੱਕਰ ਵਿਚ ਬੈਠ ਕੇ ਲਿਖੀ ਵਲੂੰਧਰੇ ਦਿਲਾਂ ਦੀ ਕਹਾਣੀ ਕਿੰਨੀ ਕੁ ਸੱਚੀ ਹੋ ਸਕਦੀ ਹੈ", ਲਿਖ ਕੇ ਜਨਤਾ ਨਾਲੋਂ ਟੁੱਟੇ ਕਵੀ ਨੂੰ ਕਰਮਸ਼ੀਲ ਹੋਣ ਦਾ ਸੱਦਾ ਦਿੱਤਾ ਹੈ। ਪਰ ਸ੍ਰੀ ਖੁਰਸ਼ੀਦੀ ਲਈ ਇਸ ਦਾ ਅਰਥ ਇਹ ਹੈ ਕਿ ਕਵੀ ਉਨ੍ਹਾਂ ਨੂੰ ਵੀਤਨਾਮ ਜਾਂ ਲਮੂੰਬਾ ਦੇ ਕਤਲ ਬਾਰੇ ਲਿਖਣੋਂ ਰੋਕਦਾ ਹੈ।

ਏਨਾ ਕੁਝ ਗਿਆਤ ਕਰਾਉਣ ਪਿਛੋਂ ਉਹ ਪੁਛਦੇ ਹਨ : "ਆਖ਼ਿਰ ਵਿਚ ਮੈਂ ਤੁਹਾਡੇ ਪਾਸੋਂ ਜਾਨਣਾ ਚਾਹਾਂਗਾ ਕਿ ਸਥਾਪਤ ਲਿਖਾਰੀਆਂ ਦੀਆਂ ਪੱਗਾਂ ਉਛਾਲ ਕੇ, ਬੰਦੂਕ, ਬਰੂਦ, ਖੂਨ ਆਦਿ ਸ਼ਬਦ ਵਰਤ ਕੇ, ਮਰ ਜੂੰ ਮਾਰ ਦੂੰ ਦੀ ਰਟ ਲਾ ਕੇ ਕੋਈ ਕ੍ਰਾਂਤੀਕਾਰੀ ਕਵੀ ਬਣ ਸਕਦਾ ਹੈ ?" ਉਨ੍ਹਾਂ ਇਹ ਨਹੀਂ ਦਸਿਆ ਕਿ ਕਿਹੜੇ ਸਥਾਪਤ ਲਿਖਾਰੀਆਂ ਦੀਆਂ ਪੱਗਾਂ ਉਛਾਲੀਆਂ ਗਈਆਂ ਹਨ। ਕੀ ਉਹ ਸਾਰੇ 'ਪ੍ਰਗਤੀਵਾਦੀ' ਹਨ ? ਕੀ ਬੰਦੂਕ ਆਦਿ ਸ਼ਬਦ ਨਾ ਵਰਤਣਾ ਹੀ ਪ੍ਰਗਤੀਵਾਦੀ ਹੋਣਾ ਹੈ ? ਇਸ ਵਾਦ ਵਿਵਾਦ ਵਿਚ ਪੈਣ ਦੀ ਥਾਂ ਉਨ੍ਹਾਂ ਦੂਸ਼ਣਬਾਜ਼ੀ ਕਰਕੇ ਆਪਣਾ ਗੁੱਸਾ ਕੱਢ ਲਿਆ ਹੈ। ਏਨਾ ਤਰੱਦਦ ਕਰਨ ਨਾਲੋਂ ਤਾਂ ਚੰਗਾ ਸੀ ਕਿ ਉਹ 'ਨਵਾਂ ਜ਼ਮਾਨਾ' ਵਿਚ ਇਹ ਬਿਆਨ ਛਪਵਾ ਦਿੰਦੇ ਕਿ ਡਾ: ਦੁਸਾਂਝ ਤੇ ਸਾਰੇ ਕ੍ਰਾਂਤੀਕਾਰੀ ਕਵੀ ਸੀ.ਆਈ.ਏ. ਦੇ ਏਜੰਟ ਹਨ। ਪਰ ਇਉਂ ਉਨ੍ਹਾਂ ਨੂੰ ਇਕ ਆਲੋਚਕ ਦੇ ਤੌਰ ਤੇ ਸਥਾਪਤ ਹੋ ਸਕਣ ਅਤੇ ਸਿਧਾਂਤਕ ਸੂਝ ਦੇ ਨਾਂ 'ਤੇ ਸਿੱਧੜ-ਪੁਣਾ ਜ਼ਾਹਰ ਕਰਨ ਦਾ ਸ਼ੁਭ ਅਵਸਰ ਨਹੀਂ ਸੀ ਮਿਲਣਾ।

## ੪. ਜੰਗਲੀ ਫੁੱਲ ਤੇ ਤਰਸਪਾਲ/ਜਗਤਾਰ

ਜੰਗਲੀ ਫੁੱਲ ਦੀ ਮਹਿਕ ਤੇ ਸੁਹੱਪਣ ਕੋਈ ਵਿਰਲਾ ਹੀ ਮਾਣ ਸਕਦਾ ਹੈ, ਕਿਉਂਕਿ ਜੰਗਲੀ ਫੁੱਲ ਅਣਵੇਖਿਆ, ਅਣਮਾਣਿਆ, ਅਣਜਾਣਿਆਂ ਤੇ ਅਣ-ਗੌਲਿਆ ਹੀ ਆਪਣਾ ਵਾਤਾਵਰਨ ਮਹਿਕਾ ਕੇ ਤੇ ਜੰਗਲ ਨੂੰ ਖੁਸ਼ਬੂ ਨਾਲ ਸੁਗੰਧਿਤ ਕਰ ਕੇ ਖ਼ਾਮੋਸ਼ ਤੁਰ ਜਾਂਦਾ ਹੈ। ਪਰ ਜੰਗਲ ਦੀ ਮੁਸਾਫ਼ਤ ਤੈ ਕਰਨ ਵਾਲੇ ਜਾਣਦੇ ਹਨ ਕਿ ਜੰਗਲੀ ਫੁੱਲ ਦੀ ਖ਼ੂਬਸੂਰਤੀ ਬੜੀ ਫਿੱਕੀ ਫਿੱਕੀ ਤੇ ਅਰਥਹੀਣ ਜਾਪਦੀ ਹੈ।

ਤਰਸਪਾਲ ਦੀ ਕਵਿਤਾ ਦੇ 'ਜੰਗਲੀ ਫੁੱਲ' ਵੀ ਜੰਗਲ ਦੀ ਮੁਸਾਫ਼ਤ ਤੈ ਕਰਨ ਵਾਲੇ ਲੋਕਾਂ ਲਈ ਇਕ ਵਿਸ਼ੇਸ਼ ਖਿੱਚ ਰੱਖਦੇ ਹਨ। ਮੈਂ ਇਸ ਜੰਗਲ ਵਿਚੋਂ ਗੁਜ਼ਰ ਰਿਹਾ ਕਈ ਵਾਰੀ ਇਹਨਾਂ ਫੁੱਲਾਂ ਦੀ ਤੇਜ਼ ਮਹਿਕ ਨਾਲ ਚੌਂਕਿਆ ਹਾਂ। 'ਜੰਗਲੀ ਫੁੱਲ' ਦੇ ਕਰਤਾ ਨੂੰ ਆਪਣੀ ਕਲਾ ਤੇ ਬੜਾ ਭਰੋਸਾ ਹੈ ਤਾਂ ਉਹ ਕਹਿੰਦਾ ਹੈ :

ਮੈਂ ਤਾਂ ਜੀਵਨ ਮਾਣ ਕੇ ਹਾਂ ਮਰ ਰਿਹਾ,
ਉਹ ਵੀ ਨੇ ਜੋ ਜਿਉਂਦਿਆਂ ਮੁਰਦੇ ਰਹੇ।
ਹੁਸਨ ਹੈ ਜਾਂ ਇਸ਼ਕ ਹੈ ਜਾਂ ਕੁਝ ਵੀ ਹੈ,
ਚੀਜ਼ ਹਰ ਇਕ ਉਪਜਦੀ ਹੈ ਪਿਆਰ ਤੋਂ।
ਡੁੱਬ ਰਹੀ ਬੇੜੀ ਦਾ ਛੱਡੋ ਆਸਰਾ,
ਹੁਣ ਤਾਂ ਆਪੇ ਤੁਰਨ ਦਾ ਚਾਰਾ ਕਰੋ।
ਲੱਖ ਦੇਵੋ ਜ਼ਹਿਰ ਦੁਨੀਆਂ ਵਾਲਿਓ,
ਸੱਚ ਨਹੀਂ ਮਰਨਾ ਕਦੇ ਸੁਕਰਾਤ ਦਾ।

ਇਨ੍ਹਾਂ 'ਜੰਗਲੀ ਫੁੱਲਾਂ' ਵਿਚ ਮਹਿਕ ਤੇ ਖ਼ੂਬਸੂਰਤੀ ਹੀ ਨਹੀਂ ਸਮੇਂ ਦੀ ਆਵਾਜ਼ ਹੈ—ਚੇਤਨਤਾ ਹੈ ਤੇ ਸਮਾਜੀ ਸੂਝ ਵੀ। ਇਸ ਆਧੁਨਿਕ ਦੌਰ ਵਿਚ ਜਦੋਂ ਕਿ ਬਹੁਤ ਸਾਰੇ ਸਾਹਿੱਤਕਾਰ ਅੰਦਰਲੀ ਦੁਨੀਆਂ ਵਿਚ

ਹੀ ਖੱਚਤ ਹੋ ਰਹੇ ਹਨ ਤੇ ਘੋਰ ਨਿਰਾਸ਼ਾ ਵਿਚ ਘਿਰੇ ਹੋਏ ਹਨ ਤਰਸਪਾਲ ਆਸ਼ਾਵਾਦੀ ਹੈ ਤੇ ਆਪਣੀ ਅੰਦਰਲੀ ਦੁਨੀਆਂ ਦੀ ਬਾਹਰਲੀ ਦੁਨੀਆਂ ਨਾਲ ਸਾਂਝ ਪਾਉਂਦਾ ਪ੍ਰਤੀਤ ਹੁੰਦਾ ਹੈ।

ਤਰਸਪਾਲ ਦੀਆਂ ਗਜ਼ਲਾਂ ਵਿਚ ਨਿਰਧਨ, ਰਣਧੀਰ ਚੰਦ ਤੇ ਮੁਕਤਸਰੀ ਗਰੁੱਪ ਨਾਲੋਂ ਕਿਤੇ ਵੱਧ ਸੰਗੀਤਕਤਾ, ਆਸ਼ਾ, ਤੁਗ਼ਜ਼ਲ ਤੇ ਗ਼ਜ਼ਲੀਆ ਰੰਗ ਹੈ ਤੇ ਉਸ ਦੀਆਂ ਕਵਿਤਾਵਾਂ ਵਿਚ ਬਨਾਵਟ ਨਹੀਂ—ਪਰ ਸ਼ਾਇਦ 'ਜੰਗਲੀ ਫੁੱਲਾਂ' ਕਰ ਕੇ ਇਹ ਵਧੇਰੀ ਪਾਬੰਦੀ ਦੇ ਕਾਇਲ ਨਹੀਂ । ਮੇਰਾ ਭਾਵ ਹੈ ਕਿਤੇ ਕਿਤੇ ਬਹਿਰ ਵਲੋਂ ਅਣਗਹਿਲੀ ਵਰਤੀ ਗਈ ਹੈ ਤੇ ਕਿਤੇ ਰੂਪ ਤੇ ਵਿਸ਼ੇ ਦੋਹਾਂ ਵਲੋਂ ਕਚਿਆਈ ਹੈ। ਪਰ ਇਹ "ਜੰਗਲੀ ਫੁੱਲ" ਹੁਣ ਵਧੇਰੇ ਦੇਰ ਅਣ-ਗੌਲੇ ਨਹੀਂ ਰਹਿਣਗੇ, ਕਿਉਂਕਿ ਇਹ ਸਾਨੂੰ ਆਪਣੀ ਖ਼ੂਬਸੂਰਤੀ ਦੁਆਰਾ ਖਿੱਚਣ ਦੀ ਸ਼ਕਤੀ ਰੱਖਦੇ ਹਨ।

## ੫. ਪਰਦੇਸੀ ਰੁੱਖ ਤੇ ਇਕ ਹੋਰ ਵਿਚਾਰ

ਦਲਜੀਤ ਸਿੰਘ

ਮੋਹਨ ਕਾਹਲੋਂ ਦਾ ਨਾਵਲ "ਪਰਦੇਸੀ ਰੁੱਖ" ਦੇਸ਼-ਵੰਡ ਦੇ ਦਿਨਾਂ ਤੋਂ "ਲੁੱਟੀ" ਹੋਈ ਮੁਸਲਮਾਨ ਕੁੜੀ "ਸੀਮਾਂ" ਦੀ ਕਹਾਣੀ ਹੈ (ਹੋ ਸਕਦੈ ਪੜ੍ਹੇ ਲਿਖੇ ਵਿਦਵਾਨ ਇਸ ਨਾਵਲ ਵਿਚੋਂ ਡੂੰਘੇ ਤੇ ਵਿਸ਼ਾਲ ਘੇਰੇ ਵਾਲਾ ਕੋਈ ਅਰਥ ਕੱਢ ਲੈਣ)। ਸੀਮਾ ਕੁਝ ਰਾਤਾਂ ਇਕ ਥਾਣੇਦਾਰ ਕੋਲ ਰੱਖ ਕੇ, ਸਰਹੱਦੀ ਪਿੰਡ ਵਿਚ ਇਕ ਅਮਲੀ ਕੋਲ ਵੇਚੀ ਜਾਂਦੀ ਹੈ (ਅਮਲੀ "ਬਿਸ਼ਨਾ" ਆਪਣੇ ਪਿਉ ਦਾ ਨਹੀਂ, ਸਗੋਂ ਇਕ ਸਾਧ ਦਾ ਪੁੱਤਰ ਹੁੰਦਾ ਹੈ) ਅਮਲੀ ਦੇ ਭਰਾ ਸਮਗਲਿੰਗ ਦਾ ਕੰਮ ਕਰਦੇ ਹਨ। ਅਮਲੀ ਨੂੰ ਕਿਸੇ ਸਥਾਨਕ ਝਗੜੇ ਵਿਚ ਸੱਤ ਸਾਲਾਂ ਦੀ ਜੇਲ੍ਹ ਹੋ ਜਾਂਦੀ ਹੈ। ਪਿਛੋਂ ਅਮਲੀ ਦੀ ਭੈਣ ਆਪਣੀ "ਭਰਜਾਈ" ਨੂੰ ਆਪਣੇ ਘਰ ਲੈ ਜਾਂਦੀ ਹੈ। ਓਥੇ ਭੈਣ ਦੇ ਦੋ ਬੱਚੇ ਬਿੰਦੋ ਤੇ ਬੱਲਾ ਸੀਮਾ ਨੂੰ ਬਹੁਤ ਚੰਗੇ ਲਗਦੇ ਹਨ। ਬੱਲੇ ਨਾਲ ਸੀਮਾ ਰੋਮਾਂਸ ਰਚਾਉਂਦੀ ਹੈ ਅਤੇ ਉਸ ਦੇ ਪਲ ਜਾਣ ਉਤੇ, ਉਸੇ ਨਾਲ ਹੀ ਮਰਦ-ਇਸਤਰੀ ਤਰ੍ਹਾਂ ਰਹਿਣ ਲੱਗ ਜਾਂਦੀ ਹੈ। ਬਿਸ਼ਨਾ ਜੇਲ੍ਹ ਤੋਂ ਛੁੱਟ ਕੇ ਆਉਂਦਾ ਹੈ ਤਾਂ ਉਸਨੂੰ ਇਕ ਓਪਰੇ ਮਰਦ ਵਾਂਗ ਘਰ ਵਿਚ ਰਹਿਣਾ ਪੈਂਦਾ ਹੈ। ਬੱਲਾ ਪਾਕਿਸਤਾਨ ਜਾਂਦਾ ਹੈ। ਪਿਛੋਂ ਸੀਮਾ ਬੱਲੇ ਦੇ ਮਾਪਿਆਂ ਦੇ ਸ਼ਹਿਰ ਤੁਰ ਪੈਂਦੀ ਹੈ, ਪਰ ਰਾਹ ਵਿਚ ਪੁਲਸੀਆਂ ਦੇ ਹੱਥ ਚੜ੍ਹ ਜਾਂਦੀ ਹੈ। ਜਿਸ ਕਾਰਨ ਉਸਦਾ ਤਿੰਨ ਚਾਰ ਮਹੀਨਿਆਂ ਦਾ ਗਰਭ ਡਿੱਗ ਜਾਂਦਾ ਹੈ। ਅੰਤ ਵਿਚ ਸੀਮਾ ਸ਼ਹਿਰ ਵਿਚ ਪਾਗ਼ਲ ਹੋਈ ਵਿਖਾਈ ਗਈ ਹੈ ਅਤੇ ਉਹ ਬਾਰ ਬਾਰ ਆਪਣੇ ਆਪ ਨੂੰ ਨੰਗਿਆਂ ਕਰ ਕੇ ਲੋਕਾਂ ਨੂੰ ਤੇ ਪੁਲੀਸ ਨੂੰ ਗਾਲ੍ਹਾਂ ਕਢਦੀ ਰਹਿੰਦੀ ਹੈ ਅਤੇ ਰੇਹੜੀ ਵਾਲਿਆਂ ਅਤੇ ਹੋਰ ਲੋਕਾਂ ਨੂੰ ਫਰਮਾਇਸ਼ੀ "ਚੋਂਦੇ ਚੋਂਦੇ" ਗਾਉਣ, ਮਾਹੀਏ ਦੇ ਟੱਪੇ ਆਦਿ ਝੂਮ ਝੂਮ ਕੇ ਸੁਣਾਉਂਦੀ ਹੈ। ਅੰਤ ਵਿਚ ਕਿਸੇ ਪਹਿਲਵਾਨ ਕਿਸਮ ਦੇ ਮੰਗਤੇ ਨਾਲ ਗ਼ਾਇਬ ਹੋ ਜਾਂਦੀ ਹੈ।

ਇਹ ਤਾਂ ਹੋਇਆ "ਪਰਦੇਸੀ ਰੁੱਖ" ਦਾ ਪਿੰਜਰ। ਨਾਵਲ ਨੂੰ ਨਿੱਗਰ ਸ਼ਕਲ ਦੇਂਦੀਆਂ ਹਨ ਸਾਰੇ ਦੇ ਸਾਰੇ ਪਾਤਰਾਂ ਦੀਆਂ ਆਪੋ ਵਿਚਲੀਆਂ ਲਿੰਗ-ਉਕਸਾਹਟ ਭਰੀਆਂ ਗੱਲਾਂ ਅਤੇ ਗਾਹਲਾਂ। ਕਿਸੇ ਕੁੜੀ ਦੇ ਜੰਮਣ, ਜਵਾਨ ਹੋਣ, ਮੰਗੇ ਜਾਣ, ਵਿਆਹੇ ਜਾਣ, ਗਰਭਵਤੀ ਹੋ ਜਾਣ, ਮਾਂ ਬਣ ਜਾਣ ਅਤੇ ਉਸਦੇ ਪਿੱਛੋਂ ਤੱਕ, ਜਿੰਨੀ ਕਿਸਮ ਦੀਆਂ ਸੈਕਸ ਦੀਆਂ ਤੁਖਣੀਆਂ ਬੋਲੀਆਂ ਜਾ ਸਕਦੀਆਂ ਨੇ, ਇਸ ਕਿਤਾਬ ਵਿਚ ਮਿਲਦੀਆਂ ਹਨ। ਖੁਲ੍ਹ ਕੇ ਮਾਵਾਂ ਭੈਣਾਂ ਦੀਆਂ ਗਾਲ੍ਹਾਂ ਅੰਕਿਤ ਹਨ; ਏਨੀ ਦਲੇਰੀ ਸ਼ਾਇਦ ਪਹਿਲਾਂ ਕਿਸੇ ਨੇ ਨਹੀਂ ਕੀਤੀ।

ਮੈਨੂੰ ਜਾਪਿਆ ਹੈ (ਪੂਰੀ ਈਮਾਨਦਾਰੀ ਨਾਲ) ਕਿ ਨਾਵਲ ਦਾ ਮੁੱਖ ਵਿਸ਼ਾ ਨਾ ਸੀਮਾ ਹੈ ਅਤੇ ਨਾ ਹੀ ਉਸ ਉਤੇ ਕਿਸੇ ਤਰ੍ਹਾਂ ਦਾ ਜ਼ੁਲਮ! ਮੁੱਖ ਵਿਸ਼ਾ ਜਾਪਿਆ ਹੈ ਸੈਕਸ-ਚਸਕੇ ਦੀ ਗੱਲ ਅਤੇ ਇਸ ਵਿਚ ਕਾਹਲੋਂ ਕਾਮਯਾਬ ਰਿਹਾ ਹੈ। ਸਾਡੇ ਸਾਹਿਤ ਵਿਚ ਸੈਕਸ ਦਾ ਬਿਆਨ ਹਾਲਾਂ ਉਸ "ਉੱਚ ਪੱਧਰ" ਉਤੇ ਨਹੀਂ ਪਹੁੰਚਿਆ ਜਿੰਨਾ ਕਿ ਹੋਰਨਾਂ ਕਈ ਦੇਸ਼ਾਂ ਦੇ ਜੰਗ ਪਿਛੋਂ ਦੇ ਮਾਡਰਨ ਸਾਹਿਤ ਵਿਚ ਹੈ। ਕੋਈ ਵਜ੍ਹਾ ਨਹੀਂ ਕਿ ਜੇ ਹੋਰ ਨਿਝੱਕ ਹੁੰਦਾ ਜਾਵੇ ਤਾਂ ਕਾਹਲੋਂ ਦੀ ਸਾਧੀ

ਹੋਈ ਕਲਮ ਆਉਣ ਵਾਲੇ ਨਾਵਲਾਂ ਵਿਚ, ਹੋਰ ਉੱਚੀਆਂ ਸਿਖਰਾਂ ਨਾ ਛੋਹੇ ਅਤੇ ਸੈਕਸ ਦੇ ਮੁਆਮਲੇ ਵਿਚ ਬਦੇਸ਼ੀ ਸਾਹਿਤ ਨੂੰ ਪਿੱਛੇ ਨਾ ਛੱਡ ਜਾਵੇ।

ਪਰ ਕੀਹ ਕਾਹਲੋਂ ਨਿਰੋਲ ਸੈਕਸ ਨੂੰ ਛੱਡ ਕੇ ਜ਼ਿੰਦਗੀ ਦੇ ਬੇਅੰਤ ਭਾਰੀ ਮਸਲਿਆਂ ਵਿਚੋਂ ਕਿਸੇ ਇਕ ਨੂੰ ਸਿਹਤਮੰਦ ਹੱਥ ਪਾਉਣ ਦੀ ਦਲੇਰੀ ਵਿਖਾ ਸਕਦਾ ਹੈ ? ਕੋਈ ਅਜੇਹਾ ਨਾਇਕ ਲੈ ਕੇ ਨਾਵਲ ਲਿਖ ਸਕਦਾ ਹੈ ਜਿਸ ਵਿਚੋਂ ਅੱਜ ਦੇ ਨੌਜਵਾਨ ਸੂਝਵਾਨ ਪਾਠਕਾਂ ਨੂੰ ਆਪਣੀ ਹੀ ਅੱਜ ਦੀ ਜ਼ਿੰਦਗੀ ਅਤੇ ਭਵਿੱਖ ਦੇ ਸੁਫ਼ਨਿਆਂ ਦੀ ਝਲਕ ਮਿਲ ਸਕੇ ?

## ੯. ਸਿਧਾਂਤਕ ਵਾਦ-ਵਿਵਾਦ

ਕ੍ਰਾਂਤੀ ਦੇ ਸੰਦਰਭ ਵਿਚ ਹੋ ਰਹੇ ਵਾਦ-ਵਿਵਾਦ ਵਿਚ ਇਹਨਾਂ ਕਾਲਮਾਂ ਵਿਚ ਅਸੀਂ ਸੁਰਜੀਤ ਖੁਰਸ਼ੀਦੀ ਦਾ ਲੇਖ "ਅਗਸਤ ਦਾ ਰੌਹਲੇ ਬਾਣ ਪੋਸਟ-ਮਾਰਟਮ" ਜੋ 24 ਸਤੰਬਰ ਦੇ 'ਨਵਾਂ ਜ਼ਮਾਨਾ' ਵਿਚ ਛਪਿਆ ਸੀ ਅਤੇ ਇਕਬਾਲ ਸਿੰਘ ਦਾ ਉਸ ਦੇ ਉੱਤਰ ਵਿਚ ਲਿਖਿਆ ਲੇਖ 'ਸਿਧਾਂਤਕ ਸੂਝ ਕਿ ਸਿਧੜਪੁਣ' (ਜੋ ਪਿੱਛੇ ਦਿਤਾ ਜਾ ਚੁਕਿਆ ਹੈ) ਦੋਨੋਂ ਪੱਖਾਂ ਉਤੇ ਪਾਠਕਾਂ ਨੇ ਆਪ ਸੋਚ-ਵਿਚਾਰ ਕਰਨੀ ਹੈ। ਖੁਰਸ਼ੀਦੀ ਨੇ ਆਪਣੇ ਇਕ ਹੋਰ ਲੇਖ ਵਿਚ ਲਾਲ ਸਿੰਘ ਦਿੱਲ ਨਾਲ ਹੋਈ ਗਲਬਾਤ ਦਾ ਜ਼ਿਕਰ ਕਰਨ ਲਈ ਖੁਲ੍ਹ ਲਈ ਹੈ। ਉਸ ਅਨੁਸਾਰ ਦਿਲ ਬੜੇ ਜੋਸ਼ ਨਾਲ ਮਾਓਵਾਦ ਦਾ ਬਿਪਤਿਸਮਾ ਕਰਵਾ ਰਿਹਾ ਸੀ ਅਤੇ ਨਾਲ ਦੀ ਨਾਲ ਪੁਲਸ ਅਤੇ ਸਰਕਾਰ ਦੀਆਂ ਮਾਵਾਂ ਭੈਣਾਂ ਨਾਲ ਅਜੀਬ ਰਿਸ਼ਤੇ ਜੋੜ ਰਿਹਾ ਸੀ ਫੇਰ ਉਸਦਾ ਰੁਖ ਉਹਦੇ (ਖੁਰਸ਼ੀਦੀ) ਵਲ ਭਾਵ ਸੀ. ਪੀ. ਆਈ. ਵਲ ਮੁੜਿਆ ਅਤੇ ਕਹਿਣ ਲਗਾ "ਕੀ ਤੂੰ ਨਪੁੰਸਕ ਜਿਹੀ ਪਾਰਟੀ ਨਾਲ ਚਿਮਟਿਆ ਬੈਠਾ ਹੈਂ, ਸਾਡੇ ਨਾਲ ਤੁਰ ਕੁਝ ਕਰੀਏ" ਖੁਰਸ਼ੀਦੀ ਦਾ ਜਵਾਬ ਸੀ "ਗੱਲ ਇਸ ਤਰ੍ਹਾਂ ਹੈ ਕਿ ਆਪਣੇ ਸਾਹਮਣੇ ਦੁਸ਼ਮਣ ਇਕ ਪਹਾੜ ਵਾਂਗ ਖੜਾ ਹੈ। ਅਸੀਂ ਉਸ ਨੂੰ ਸਰ ਕਰਨ ਲਈ ਕੋਈ ਘਾਟੀ, ਕੋਈ ਵਾਦੀ ਭਾਲ ਰਹੇ ਹਨ। ਉਪਰ ਚੜ੍ਹ ਕੇ ਪਾਰ ਕਰਨ ਦੀਆਂ ਤਿਆਰੀਆਂ ਕਰ ਰਹੇ ਹਾਂ, ਪਰ ਤੁਸੀਂ ਮਾਰ-ਖੁੰਡੇ ਭੇਡੂ ਵਾਂਗ ਉਸ ਪਹਾੜ ਨਾਲ ਟੱਕਰਾਂ ਮਾਰਦੇ ਹੋ। ਜਦੋਂ ਟੱਕਰਾਂ ਦਾ ਸਿੱਟਾ ਤੁਹਾਡੇ ਸਿਰ ਦੇ ਫੱਟਨ ਵਿਚ ਅਤੇ ਖੂਨ ਵਗਣ ਵਿਚ ਨਿਕਲਦਾ ਹੈ ਤਾਂ ਫੇਰ ਪਹਾੜ ਨੂੰ ਗਾਲ੍ਹਾਂ ਕੱਢਦੇ ਹੋ, ਕੋਸਦੇ ਹੋ ਅਤੇ ਆਪਣੇ ਸਿਰ ਦੇ ਖੂਨ ਵਿਚ ਹੱਥ ਲਬੇੜ ਕੇ ਨਾਅਰੇ ਮਾਰਦੇ ਹੋ ਕਿ ਇਹ ਜ਼ੁਲਮ, ਇਹ ਲਾਲ ਖੂਨ ਕੁਝ ਕਰ ਕੇ ਵਿਖਾਏਗਾ।

ਕੀ ਖੁਰਸ਼ੀਦੀ ਜਾਂ ਉਹਦੀ ਪਾਰਟੀ (ਸੀ. ਪੀ. ਆਈ.) ਵਾਕਈ ਪਹਾੜ ਸਰ ਕਰਨ ਦੀ ਤਿਆਰੀ ਕਰ ਰਹੀ ਹੈ ਜਾਂ ਹੈਭ ਕੇ ਪਹਾੜ ਵਰਗੇ ਦੁਸ਼ਮਣ ਨਾਲ ਸਮਝੌਤਾ ਕਰ ਗਈ ਹੈ ? ਕੀ ਪਹਾੜ ਵਰਗੇ ਦੁਸ਼ਮਣ ਨਾਲ ਸਿੱਧੀ ਟੱਕਰ ਲੈਣ ਵਾਲੇ ਸਿਰਫ ਭੇਡੂ ਦੀ ਅਕਲ ਰਖਦੇ ਨੇ ? ਇਨ੍ਹਾਂ ਸਿਆਸੀ ਪ੍ਰਸ਼ਨਾਂ ਦਾ ਕਿਉਂਕਿ ਪੰਜਾਬੀ ਸਾਹਿਤਕ ਖੇਤਰ ਵਿਚ ਇਕ ਵਿਸ਼ੇਸ਼ ਚਰਚਾ ਹੈ। ਇਸ ਲਈ ਅਸੀਂ ਚਾਹਵਾਂਗੇ ਕਿ ਪਾਠਕ ਲੇਖਕ ਫੋਰਮ ਵਿਚ ਇਨ੍ਹਾਂ ਤੇ ਖੁਲ੍ਹ ਕੇ ਬਹਿਸ ਹੋਵੇ। ਇਸ ਬਹਿਸ ਨੂੰ ਅਸੀਂ ਖੁਰਸ਼ੀਦੀ ਅਤੇ ਇਕਬਾਲ ਸਿੰਘ ਦੇ ਲੇਖਾਂ ਨਾਲ ਸ਼ੁਰੂ ਕਰਦੇ ਹਾਂ :—

ਖੁਰਸ਼ੀਦੀ ਦਾ ਲੇਖ ਵੀ ਥੱਲੇ ਦਿਤਾ ਜਾਂਦਾ ਹੈ—

### ੯(ੳ) ਅਗਸਤ ਦਾ "ਰੌਹਲੇ ਬਾਣ" ਪੋਸਟ ਮਾਰਟਮ

ਸੁਰਜੀਤ ਖੁਰਸ਼ੀਦੀ

ਸ਼ਾਤਰ ਸਾਮਰਾਜ ਅਗੇ ਵਧ ਰਹੀਆਂ ਜੁਝਾਰ ਸ਼ਕਤੀਆਂ ਦੇ ਰਾਹਾਂ ਵਿਚ ਭਾਂਤ ਭਾਂਤ ਦੇ ਰੋੜ੍ਹੇ ਅਟਕਾਂਦਾ ਹੈ। ਦਰਸ਼ਨ ਅਤੇ ਸਾਹਿਤ ਦੇ ਪਿੜ ਵਿਚ ਆਪਣੇ ਜਮੂਰਿਆਂ ਨੂੰ ਕਦੇ ਪਰਯੋਗਵਾਦ ਕਦੇ ਸ਼ਕਤੀਵਾਦ, ਕਦੇ ਅਸਤੀਤਵਵਾਦ-ਵਾਦ, ਅਤੇ ਕਦੇ ਕਰਾਂਤੀਕਾਰੀ-ਵਾਦ ਦੇ ਝੰਡੇ ਫੜਾ ਦਿੰਦਾ ਹੈ ਅਤੇ ਇਹ ਸਾਰੇ ਵਾਦ ਉਸ ਵਲੋਂ ਇਹ ਕਹਿ ਕੇ ਪਿੜ ਵਿਚ ਲਿਆਂਦੇ ਜਾਂਦੇ ਹਨ ਕਿ ਜੀ ਇਹ ਹੁਣ ਪ੍ਰਗਤੀਵਾਦ ਦੀ ਉਤਰ ਅਧਿਕਾਰੀ ਲਹਿਰ ਹੈ। ਪ੍ਰਗਤੀਵਾਦ ਦੇ ਦਿਨ ਹੁਣ ਵਿਹਾਜ ਗਏ। ਪਰ ਇਸਦਾ ਕੀ ਕੀਤਾ ਜਾਵੇ ਕਿ ਇਹਨਾਂ ਦੇ ਚਿਹਰਿਆਂ ਦੇ ਨਕਾਬ

ਛੇਤੀ ਹੀ ਘਸ ਜਾਂਦੇ ਹਨ ਅਤੇ ਹੋਠੋਂ ਉਹੋ ਸੀ. ਆਈ. ਏ. ਦਾ ਮਨਹੂਸ ਚਿਹਰਾ ਨਜ਼ਰ ਆਣ ਲਗ ਜਾਂਦਾ ਹੈ। ਅਜ ਪ੍ਰਗਤੀਵਾਦ ਨਾਲ ਇਸ ਦੁਸ਼ਮਨ ਨੇ ਆਪਣੇ ਆਪਨੂੰ ਕਰਾਂਤੀਕਾਰੀ ਲਹਿਰ ਦਾ ਧਾਰਨੀ ਬਣਾ ਕੇ ਆਢਾ ਲਿਆ ਹੋਇਆ ਹੈ। ਸਾਡੇ ਪੰਜਾਬ ਵਿਚ ਇਸ ਲਹਿਰ ਦੇ ਸਭ ਤੋਂ ਵਡੇ ਨਿਕਾਬਪੋਸ਼ ਡਾ: ਦੁਸਾਂਝ ਜੀ ਹਨ। ਜਿਹਨਾਂ ਦੀ ਕਲਮ ਅਜੇ ਸਾਡੇ ਅਨੇਕਾਂ ਹੋਣਹਾਰ ਯੁਵਕਾਂ ਦਾ ਖੂਨ ਪੀ ਕੇ ਰਜੀ ਨਹੀਂ। ਉਹਨਾਂ ਤੋਂ ਅਗਵਾਈ ਲੈ ਕੇ ਕਿਤਨੇ ਨੌਜਵਾਨਾਂ ਨੇ ਜਾਨਾਂ ਗੁਆਈਆਂ ਅਤੇ ਕਿਤਨੇ ਇੰਟੈਰੋਗੇਸ਼ਨ ਸੈਂਟਰਾਂ ਵਿਚ ਮਾਰਾਂ ਖਾ ਖਾ ਕੇ ਸਦਾ ਲਈ ਨਾਕਾਰਾ ਹੋ ਗਏ। ਇਸ ਦਾ ਪੂਰਾ ਪਤਾ ਤਾਂ ਉਹਨਾਂ ਨੂੰ ਹੀ ਹੋਵੇਗਾ ਸਾਨੂੰ ਤਾਂ ਬਸ ਇਹ ਪਤਾ ਹੈ ਕਿ ਡਾਕਟਰ ਸਾਹਿਬ ਨੂੰ ਕਦੇ ਕਿਸੇ ਓਏ ਵੀ ਨਹੀਂ ਕਿਹਾ। ਕਦੇ ਪੁਲੀਸ ਨੇ ਉਹਨਾਂ ਨੂੰ ਪੁੱਛ-ਗਿੱਛ ਲਈ ਨਹੀਂ ਫੜਿਆ। ਕੀ ਇਸ ਲਈ ਕਿ ਉਹ ਬਹੁਤ ਵਡੇ ਕਰਾਂਤੀ-ਕਾਰੀ ਹਨ?

ਅਗਸਤ ਦੇ ਰੋਹਲੇ ਬਾਣ ਵਿਚ ਉਹਨਾਂ ਦਾ ਇਕ ਲੇਖ "ਕਰਾਂਤੀਕਾਰੀ" ਕਵਿਤਾ ਸਾਡੇ ਸਾਹਮਣੇ ਹੈ। ਇਸ ਸਿਰਲੇਖ ਹੇਠ ਉਹਨਾਂ ਨੇ ਕੁਲ ਸਵਾ ਸਫ਼ਾ ਹੀ ਲਿਖਿਆ ਹੈ ਅਤੇ ਆਪਣੀ ਜਾਚੇ ਸਮੁੰਦਰ ਨੂੰ ਕੈਪਸੂਲ ਵਿਚ ਬੰਦ ਕੀਤਾ ਹੈ। ਇਸ ਲੇਖ ਵਿਚ ਵਿਦਵਾਨ ਡਾਕਟਰ ਸਾਹਿਬ ਨੇ ਬੜੀਆਂ ਸਿਆਣੀਆਂ ਗਲਾਂ ਕੀਤੀਆਂ ਹਨ। ਹਰ ਪ੍ਰਗਤੀਵਾਦੀ ਉਹਨਾਂ ਦੀ ਇਸ ਗਲ ਦੀ ਤਾਰੀਫ ਹੀ ਕਰੇਗਾ। ਲਿਖਦੇ ਹਨ :

"ਕ੍ਰਾਂਤੀਕਾਰੀ ਕਵਿਤਾ ਲੋਕ-ਯੁੱਧ ਦੀ ਗਲ ਕਰਦੀ ਹੈ। ਕ੍ਰਾਂਤੀਕਾਰੀ ਕਵਿਤਾ ਲੋਕ ਦੋਸਤੀ ਦੀ ਗਲ ਕਰਦੀ ਹੈ। ਇਹ ਲੋਕ ਦੁਸ਼ਮਣਾਂ ਨੂੰ ਲਲਕਾਰਦੀ ਤੇ ਬੇ-ਨਕਾਬ ਕਰਦੀ ਹੈ। ਬੁਰਜੂਆ ਡੈਮੋਕਰੇਸੀ ਵਿਚ ਲੋਕ-ਦੁਸ਼ਮਣਾਂ ਦੀ ਪਹਿਚਾਨ ਬੜੀ ਔਖੀ ਹੁੰਦੀ ਹੈ। ਲੋਕ-ਦੁਸ਼ਮਨ ਕਈ ਵਾਰ ਨਕਾਬ ਪਹਿਨ ਕੇ ਲੋਕ-ਦੋਸਤ ਹੋਣ ਦਾ ਐਲਾਨ ਕਰ ਦਿੰਦਾ ਹੈ। ਪਰ ਕਰਾਂਤੀਕਾਰੀ ਕਵੀ ਦੀ ਅੱਖ ਏਨੀ ਗਹਿਰੀ ਹੈ ਕਿ ਉਹ ਨਕਾਬ ਥਲੇ ਚਿਹਰੇ ਨੂੰ ਪਹਿਚਾਨ ਲੈਂਦੀ ਹੈ।"

ਡਾ: ਸਾਹਿਬ ਨੇ ਕਵੀ ਅਤੇ ਰਾਜਨੀਤਕ ਨੇਤਾ ਨੂੰ ਇਕ ਰੂਪ ਮੰਨ ਲਿਆ ਹੈ। ਡਾਕਟਰ ਸਾਹਿਬ ਤੁਹਾਨੂੰ ਦਾਦ ਮਿਲਣੀ ਚਾਹੀਦੀ ਹੈ ਕਿ ਤੁਸੀਂ ਆਪਣਾ ਆਪ ਛੁਪਾ ਨਹੀਂ ਸਕੇ। ਤੁਸੀਂ ਕਵੀ ਪਾਸੋਂ ਲੋਕ-ਯੁਧ ਦੀ ਗੱਲ ਕਰਵਾ ਰਹੇ ਹੋ। ਪਰ ਇਹ ਕੌਣ ਪਰਖੇਗਾ ਕਿ ਇਹ ਯੁਧ ਕਰਨ ਵਾਲੇ ਲੋਕ ਸਹੀ ਸਿਆਸੀ ਸੂਝ ਨਾਲ, ਜੋ ਕਿ ਕਵੀ ਨੇ ਨਹੀਂ ਰਾਜਨੀਤਕ ਨੇ ਦੇਣੀ ਹੈ ਯੁਧ ਕਰਨ ਲਈ ਤਿਆਰ ਵੀ ਹੋ ਰਹੇ ਹਨ ਕਿ ਅਜੇ ਕਵੀ ਜੀ ਮਹਾਰਾਜ ਇਕੱਲੇ ਹੀ ਕਲਮ ਨੂੰ ਮੱਥਾ ਟੇਕ ਕੇ ਦੇਸੀ ਪਸਤੌਲ ਚੁਕੀ ਫਿਰਦੇ ਹਨ। ਇਹ ਜਿਸ ਨਕਾਬ ਦੀ ਤੁਸਾਂ ਉਪਰੋਕਤ ਟੂਕ ਵਿਚ ਗਲ ਕੀਤੀ ਹੈ ਕਿਤੇ ਤੁਹਾਡੇ ਆਪਣੇ ਚਿਹਰੇ ਉਪਰ ਤਾਂ ਨਹੀਂ ਚੜ੍ਹਿਆ ਹੋਇਆ। ਇਸੇ ਲਈ ਕਰਾਂਤੀਕਾਰੀ ਸਾਹਿਤ ਦੇ ਪਰਚਾਰਕ ਬਣ ਕੇ ਸਾਹਿਤਕਾਰ ਨੂੰ ਜੰਤਾ ਨਾਲੋਂ ਨਿਖੇੜ ਕੇ ਕਹਿ ਰਹੇ ਹੋ ਕਿ ਚੜ੍ਹ ਜਾ ਬੱਚਾ ਸੂਲੀ ਭਲੀ ਕਰੇਗੇ ਰਾਮ?

ਅਗੇ ਜਾ ਕੇ ਤੁਸੀਂ ਹਿੰਦ-ਪਾਕ ਦੇ ਸਰਹੱਦਾਂ ਤੇ ਲੜ ਰਹੇ ਜੁਆਨਾਂ ਦਾ ਜ਼ਿਕਰ ਕੀਤਾ ਹੈ ਉਂਝ ਤੁਹਾਨੂੰ ਚੀਨ-ਭਾਰਤ ਅਤੇ ਚੀਨ-ਰੂਸ ਦੀਆਂ ਸਰਹੱਦਾਂ ਤੇ ਮਰ ਰਹੇ ਜੁਆਨ ਵੀ ਨਜ਼ਰ ਆਉਣੇ ਚਾਹੀਦੇ ਸਨ ਡਾਕਟਰ ਸਾਹਿਬ। ਅਤੇ ਕਿਹਾ ਹੈ "ਇਕ ਦਿਨ ਇਹ ਲੋਕ ਸੋਚਣਗੇ ਕਿ ਲੋਕਾਂ ਦੇ ਪੈਸੇ ਨਾਲ ਲੋਕ ਖਰੀਦੇ ਜਾਂਦੇ ਹਨ ਅਤੇ ਲੜਾਈ ਲਾ ਕੇ ਲੋਕਾਂ ਹਥੋਂ ਲੋਕ ਮਰਵਾ ਦਿਤੇ ਜਾਂਦੇ ਹਨ। ਹੁਣ ਲੋਕ-ਕਵੀਆਂ ਨੇ ਪੂੰਜੀ-ਪਤੀਆਂ ਦੀਆਂ ਸ਼ਤਰੰਜ ਦੀਆਂ ਚਾਲਾਂ ਮਿਣ ਲਈਆਂ ਹਨ। ਹੁਣ ਕਵੀਆਂ ਨੇ ਦੋਸਤ ਅਤੇ ਦੁਸ਼ਮਣਾਂ ਦੀ ਪਹਿਚਾਣ ਕਰ ਲਈ ਹੈ। ਲੋਕ-ਕਵੀ ਲੋਕਾਂ ਦੇ ਦੁਸ਼ਮਣਾਂ ਦੇ ਮੂੰਹ ਤੋਂ ਨਕਾਬ ਲਾਹੁਣ ਲਈ ਤਿਆਰ ਹੋ ਗਏ ਹਨ। ਲੋਕ ਕਵੀ ਦੀ ਅੱਖ ਹੁਣ ਬੜੀ ਗਹਿਰੀ ਹੈ। ਹੁਣ ਕਵੀ ਹੱਦਾਂ ਦੇ ਯੁਧ ਨੂੰ ਅਤੇ ਲੋਕ-ਯੁਧ ਨੂੰ ਪਹਿਚਾਣ ਗਿਆ ਹੈ। ਹੁਣ ਕਵੀ ਦੀ ਗਹਿਰੀ ਅੱਖ ਲੋਕਾਂ ਦੇ ਅਸਲੀ ਦੁਸ਼ਮਣਾਂ ਵਲ ਉੱਠੀ ਹੈ।"

ਡਾਕਟਰ ਦੁਸਾਂਝ ਅਸਲ ਵਿਚ ਗਲ ਕਰਦੇ ਕਰਦੇ "ਪਿਛੇ ਨੂੰ" ਚਲੇ ਗਏ। ਉਹ ਕਰਾਂਤੀਕਾਰੀ ਕਵੀ ਦੀ ਥਾਂ ਲੋਕ ਕਵੀ ਦੀ ਪ੍ਰੀਭਾਸ਼ਾ ਦਸਣ ਲੱਗ ਗਏ ਪਰ ਉਨ੍ਹਾਂ ਨੂੰ ਪਤਾ ਹੋਣਾ ਚਾਹੀਦਾ ਹੈ ਕਿ ਇਹ ਸਿਫਤਾਂ ਜੋ ਉਹ

ਅਜ ਦੇ ਲੋਕ ਕਵੀ ਵਿਚ ਪੈਦਾ ਹੋ ਗਈਆਂ ਦਸਦੇ ਹਨ ਇਹ ਸਿਫ਼ਤਾਂ ਤਾਂ ਹਰ ਯੁਗ ਦੇ ਲੋਕ ਕਵੀ ਵਿਚ ਹੁੰਦੀਆਂ ਆਈਆਂ ਹਨ। ਲੋਕ-ਕੁਖ ਕਦੇ ਵੀ ਬਾਂਝ ਨਹੀਂ ਰਹੀ ਹੈ। ਹਾਂ ਅਜੇ ਇਹ ਜ਼ਰੂਰ ਹੋਇਆ ਹੈ ਕਿ ਡਾਕਟਰ ਦਾ ਕਰਾਂਤੀਕਾਰੀ ਕਵੀ ਕਲਮ ਦਾ ਤਿਆਗ ਕਰ ਕੇ ਸਾਹਿਤਕ ਖੇਤਰ ਨਾਲ ਗਦਾਰੀ ਕਰਕੇ ਗਤਕੇ ਦੇ ਖਿਡਾਰੀ ਵਾਂਗ ਇਕ ਪਸਤੌਲ ਘੁਮਾਂਦਾ ਫਿਰਦਾ ਨਜ਼ਰ ਆ ਰਿਹਾ ਹੈ। ਇਹ ਕਰਾਂਤੀਕਾਰੀ ਕਵੀ ਜਨਤਾ ਨਾਲੋਂ ਟੁਟ ਕੇ ਜਨਤਾ ਲਈ ਝਬਦੇ ਹੀ ਕਰਾਂਤੀਕਾਰੀ ਕਰਨ ਲਈ ਤੁਰ ਪਏ ਹਨ। ਪਰ ਜਦ ਤਕ ਕਿਸੇ ਜੁਝਾਰ ਦੀਆਂ ਜੜ੍ਹਾਂ ਜਨਤਾ ਵਿਚ ਨਹੀਂ ਹੋਣਗੀਆਂ ਉਹ ਲੜ ਕਿਵੇਂ ਸਕੇਗਾ ਬੰਗਲਾ ਦੇਸ਼ ਅਤੇ ਵੀਅਤਨਾਮ ਦੀਆਂ ਮਸਾਲਾਂ ਸਾਡੇ ਸਾਹਮਣੇ ਹਨ। ਬੰਗਲਾ ਦੇਸ਼ ਵਿਚ ਇਕ ਲੱਖ ਪਾਕੀ ਫ਼ੌਜ ਨੂੰ ਇਸ ਕਾਰਨ ਹਥਿਆਰ ਸੁਟਣੇ ਪਏ ਕਿ ਉਸਦੀ ਪਿਠ ਤੇ ਹਮਦਰਦ ਲੋਕ ਨਹੀਂ ਸਨ। ਪਰ ਵੀਅਤਨਾਮ ਵਿਚ ਕੀ ਅਤੇ ਕਿਉਂ ਹੋ ਰਿਹਾ ਹੈ ਇਹ ਤੁਸੀਂ ਵੀ ਜਾਣਦੇ ਹੀ ਹੋ!

ਹੁਣ ਆਓ ਡਾਕਟਰ ਸਾਹਿਬ ਤੁਹਾਡੇ ਇਸੇ ਅੰਕ ਵਿਚ ਦੀਆਂ "ਕਰਾਂਤੀਕਾਰੀ" ਕਵਿਤਾਵਾਂ ਨੂੰ ਸਾਹਿਤ ਅਤੇ ਸਿਧਾਂਤ ਦੀ ਛਾਨਣੀ ਰਾਹੀਂ ਛਾਣ ਕੇ ਦੇਖੀਏ।

ਪਹਿਲਾਂ ਇਕ ਕਵਿਤਾ ਹੈ "ਪਹੁ ਫੁਟਾਲਾ" ਉਸ ਦੇ ਕਰਾਂਤੀਕਾਰੀ ਰਚਣਹਾਰੇ ਹਨ ਸਰਦਾਰਾ ਸਿੰਘ ਮਾਹਲ। ਇਹ ਕਵਿਤਾ ਅਸਲ ਵਿਚ ਲਾਲ ਕਿਤਾਬ ਦੇ ਅਖੀਰ ਵਿਚ ਅੰਕਤ ਕਰ ਲੈਣੀ ਚਾਹੀਦੀ ਹੈ, ਕਿਉਂ ਜੋ ਇਹ ਸਾਰੀ ਤਹਿਰੀਕ ਦੀ ਸਹੀ ਪ੍ਰਤੀਨਿਧਤਾ ਕਰਦੀ ਹੈ। ਉਂਝ ਤਾਂ ਸਾਰੀ ਕਵਿਤਾ ਹੀ ਮਹਾਨ ਕਰਾਂਤੀਕਾਰੀ ਹੈ ਪਰ ਇਕ ਪੰਕਤੀ ਤਾਂ ਸੋਨੇ ਵਿਚ ਸੁਗੰਧ ਵਾਲੀ ਗਲ ਹੈ। ਕਵੀ ਲਿਖਦਾ ਹੈ:

ਆ ਪਾਤ ਕਰ ਦਈਏ ਗਰਭ
ਮਸਿਆ ਦੀ ਕਾਲੀ ਰਾਤ ਦਾ।

ਕਰਾਂਤੀਕਾਰੀ ਸਜਣੋ ਤੁਹਾਡੇ ਗਿਆਤ ਲਈ ਅਰਜ਼ ਹੈ ਕਿ ਮਸਿਆ ਦੀ ਕਾਲੀ ਰਾਤ ਦੇ ਗਰਭ ਵਿਚ ਹੀ ਤਾਂ ਹੁੰਦੀ ਹੈ ਸਵੇਰ ਪਰ ਤੁਸੀਂ ਇਹਨਾਂ ਕਾਲੀਆਂ ਰਾਤਾਂ ਦੇ ਗਰਭ ਪਾਤ ਕਰਨ ਵਿਚ ਸਿਰ ਦੇ ਮਾਹਿਰ ਹੋ। ਕੀ ਇੰਡੋਨੇਸ਼ੀਆ, ਕੀ ਸੂਡਾਨ, ਘਾਨਾ, ਇਰਾਕ, ਮਿਸਰ ਲੰਕਾ, ਤੁਸੀਂ ਹਰ ਥਾਂ ਕਾਲੀ ਰਾਤ ਦਾ ਗਰਭ ਪਾਤ ਕਰ ਸਕਣ ਵਿਚ ਸਫਲ ਰਹੇ ਹੋ, ਸ਼ਾਬਾਸ਼ ਆਪਣੇ ਚਿਹਰਿਆਂ ਤੇ ਕਰਾਂਤੀਕਾਰੀ ਹੋਣ ਦਾ ਨਿਕਾਬ ਪਾ ਕੇ ਲਗੇ ਰਹੋ ਆਪਣੇ ਹਾਕਮਾਂ ਦੇ ਕੰਮ ਕਿਤੇ। ਇੰਜ ਨਾ ਹੋ ਜਾਵੇ ਕਿ ਕੋਈ ਗਰਭ ਤੁਹਾਡੇ ਪਾਸੋਂ ਪਾਕ ਹੋਣ ਤੋਂ ਰਹਿ ਜਾਵੇ ਅਤੇ ਉਥੇ ਸੂਰਜ ਹੀ ਚੜ੍ਹ ਜਾਵੇ। ਤੁਹਾਨੂੰ ਬਹੁਤ ਹੀ ਚੌਕਸ ਰਹਿਣ ਦੀ ਲੋੜ ਹੈ ਪਿਆਰੇ। ਕਵਿਤਾ ਦੇ ਅੰਤ ਤੇ ਕਾਵਿ-ਮਈ ਛੁਹ ਦਿਤੀ ਹੈ ਅਤੇ ਪੂਰਬ ਦੀ ਲਾਲੀ ਨੂੰ ਪ੍ਰਗਟਾਣ ਲਈ ਜਿਹੜਾ ਬਿੰਬ ਵਰਤਿਆ ਹੈ ਸ਼ਾਇਦ ਹੀ ਕਿਸੇ ਨੇ ਊਸ਼ਾ ਦੀ ਸ਼ਾਨ ਵਿਚ ਵਰਤਿਆ ਹੋਵੇ। ਡਾਕਟਰ ਸਾਹਿਬ ਤੁਸੀਂ ਵੀ ਸੁਣੋ:

ਔਹ ਪੂਰਬ ਦੇ ਮੁਖ ਤੋਂ
ਹੈ ਲਾਲ ਲਹੂ ਚੋ ਰਿਹੈ।

ਦੂਸਰੇ ਮਿਸਰੇ ਵਿਚ ਹੈ ਦੀ ਤਕਰਾਰ ਕਵੀ ਨੂੰ "ਮਹਾਂ ਕਰਾਂਤੀਕਾਰੀ ਕਵੀ" ਬਣਾਉਂਦੀ ਹੈ।

ਅਗੇ ਕਵਿਤਾ ਹੈ ਜੀ, ਕਰਾਂਤੀਕਾਰੀ ਕਵੀ ਦਰਸ਼ਨ ਖਟਕੜ ਦੀ—ਸਿਰਲੇਖ ਹੈ 'ਕਲਾਕਾਰਾਂ ਦੇ ਕੋਲ' ਕਵਿਤਾ ਪੜ੍ਹ ਕੇ ਇਕ ਪੁਰਾਣਾ ਗੀਤ "ਪਿੰਡਾਂ ਦੀਆਂ ਅਜਬ ਬਹਾਰਾਂ ਨੇ" ਚੇਤੇ ਆ ਗਿਆ। ਕਵਿਤਾ ਅਨੁਸਾਰ ਪਿੰਡਾਂ ਵਿਚ ਬਸ ਚੈਨ ਹੀ ਚੈਨ। ਪਿੰਡ ਰੰਗੀ ਵਸਦੇ ਹਨ। ਕਵੀ ਕਹਿੰਦਾ ਹੈ ਕਿ ਸਾਹਿਤਕਾਰ ਉਤਸ਼ਾਹ ਲੈਣ ਲਈ ਪਿੰਡਾਂ ਵਿਚ ਜਾਣ। ਪਰ ਫਿਰ ਕਰਾਂਤੀ ਦੀ ਲੋੜ ਕਿਸ ਨੂੰ ਰਹਿ ਗਈ ਹੈ ਪਿਆਰਿਓ।

ਅਗੇ ਇਸੇ ਅੰਕ ਵਿਚ ਇਕ ਕਵਿਤਾ ਹੈ ਕਿਸੇ ਕਵੀ "ਸੁਰਜੀਤ" ਦੀ ਉਸ ਵਿਚ ਇਕ ਨਵਾਂ ਸ਼ਬਦ ਸਾਰੇ ਪੜ੍ਹੇ ਲਿਖੇ ਜਗਤ ਨੂੰ ਮਿਲਿਆ ਹੈ—ਸ਼ਬਦ ਹੈ "ਜਵਾਹਰਾਤਾਂ" ਇਹ ਕਿਸ ਸ਼ਬਦ ਦਾ ਬਹੁ-ਵਚਨ ਹੈ? ਇਹ ਕਿਹੜੀਆਂ ਰਾਤਾਂ ਹਨ ਜੀ? ਜ਼ਰਾ ਦਸਣਾ ਸਾਨੂੰ ਵੀ?

ਜਵਾਹਰਾਤਾਂ ਤੋਂ ਅਗੇ ਲਿਖਿਆ ਹੈ "ਘਰ ਦੀ ਨੁੱਕਰ ਵਿਚ ਬੈਠ ਕੇ ਲਿਖੀ ਗਈ ਵਲੂੰਧਰੇ ਦਿਲਾਂ ਦੀ ਕਹਾਣੀ ਕਿੰਨੀ ਕੁ ਸੱਚ ਹੋ ਸਕਦੀ ਹੈ।"

ਨਕਾਬ ਸੰਭਾਲੋ ਸਾਹਿਬ ਨਕਾਬ। ਤੁਸੀਂ ਸਾਨੂੰ

ਭਾਰਤ 'ਚ ਬੈਠਿਆਂ ਨੂੰ ਵੀਅਤਨਾਮ ਵਿਚ ਹੋ ਰਹੇ ਜ਼ੁਲਮਾਂ ਬਾਰੇ ਲਿਖਣ ਤੋਂ ਰੋਕਦੇ ਹੋ । ਲੰਮਬੂਬਾ ਦੇ ਕਤਲ ਬਾਰੇ ਲਿਖਣ ਤੋਂ ਰੋਕਦੇ ਹੋ। ਤੁਹਾਡੇ ਵਲੋਂ ਸੂਡਾਨ, ਇਰਾਕ ਅਤੇ ਇੰਡੋਨੇਸ਼ੀਆ ਵਿਚ ਕੀਤੇ ਇਨਕਲਾਬਾਂ ਦੇ ਗਰਭ ਪਾਤਾਂ ਬਾਰੇ ਲਿਖਣ ਤੋਂ ਵਰਜਦੇ ਹੋ। ਜੇ ਤੁਹਾਡੀ ਮੰਨ ਲਈਏ ਤਾਂ ਫਿਰ ਆਪਣੇ ਨਿੱਜੀ ਇਸ਼ਕਾਂ ਅਤੇ ਵਸਾਦ ਤੋਂ ਵਧ ਕੇ ਕੁਝ ਵੀ ਨਾ ਲਿਖ ਸਕੀਏ। ਕਿਉਂ ਜੀ ਠੀਕ ਹੈ ? — ਪਸੀਨਾ ਪੂੰਛੀਏ ਅਪਨੀ ਜਬੀਂ ਸੇ —

ਖ਼ਤਮ ਕਰਨ ਤੋਂ ਪਹਿਲਾਂ ਇਕ ਹੋਰ ਕਰਾਂਤੀਕਾਰੀ ਕਵਿਤਾ ਬਾਰੇ ਵੀ ਕੁਝ ਕਹਿ ਹੀ ਦਿਆਂ। ਇਹ ਇਕ ਕਵਿਤਰੀ ਅਮਰਜੀਤ ਕੌਰ ਸਿਧੂ ਵਲੋਂ ਹੈ। ਕਵਿਤਾ ਦਾ ਨਾਂ ਹੈ "ਦੋ ਦਰਿਸ਼"। ਕਵਿਤਾ ਪੜ੍ਹ ਕੇ ਘਿਨ ਆਉਂਦੀ ਹੈ। ਕਵਿਤਾ ਵਿਚ ਵਿਸ਼ਰਾਮ ਚਿੰਨ੍ਹ ਮੈਂਟਲ ਹਸਪਤਾਲ ਦੇ ਕਿਸੇ ਕਵੀ ਵਾਂਗ ਵਰਤੇ ਹਨ।

ਆਖ਼ਿਰ ਵਿਚ ਮੈਂ ਤੁਹਾਡੇ ਪਾਸੋਂ ਜਾਨਣਾ ਚਾਹਾਂਗਾ ਕਿ ਸਥਾਪਤ ਲਿਖਾਰੀਆਂ ਦੀਆਂ ਪੱਗਾਂ ਉਛਾਲ ਕੇ ਬੰਦੂਕ, ਬਰੂਦ ਅਤੇ ਖ਼ੂਨ ਆਦਿ ਦੇ ਸ਼ਬਦ ਵਰਤ ਕੇ, ਮਰ ਜੂੰ ਮਾਰ ਦੂੰ ਦੀ ਰਟ ਲਾ ਕੇ ਕੋਈ ਕਰਾਂਤੀਕਾਰੀ ਬਣ ਸਕਦਾ ਹੈ ? ਕਵੀ ਬਣਨਾ ਤਾਂ ਵਡੀ ਗਲ ਹੈ ਜਿਤਨੀ ਛੇਤੀ ਤੁਸੀਂ ਆਪ ਆਪਣਾ ਨਕਾਬ ਲਾਹ ਸੁਟੋ ਤੁਹਾਡੇ ਲਈ ਉਤਨਾ ਹੀ ਚੰਗਾ ਹੋਵੇਗਾ।

ਕਿਉਂ ਜੋ ਜੰਤਾ ਦੀ ਅੱਖ ਤੁਹਾਡੇ ਵਲ ਗਹਿਰੀ ਹੋ ਚੁਕੀ ਹੈ ਇਹ ਗਹਿਰੀ ਅੱਖ ਤੁਹਾਨੂੰ ਪਹਿਚਾਣ ਚੁਕੀ ਹੈ ਡਾਕਟਰ ਦੁਸਾਂਝ।

## ੭. ਪੋਸਟ ਸਕਰਿਪਟ

ਬੂਟਾ ਸਿੰਘ ਸ਼ਾਦ ਦਾ ਨਾਵਲ ਕੁਤਿਆਂ ਵਾਲਾ ਸਰਦਾਰ ਪੜ੍ਹਨ ਦਾ ਮੌਕਾ ਮਿਲਿਆ। ਇਕ ਬਹੁਤ ਹੀ ਬੇਹੂਦਾ ਨਾਵਲ ਹੈ। ਅਫ਼ਸੋਸ ਹੈ ਕਿ ਇਹੋ ਜਹੇ ਨਾਵਲ ਲਿਖੇ ਵੀ ਜਾਂਦੇ ਹਨ ਤੇ ਫੇਰ ਛਾਪੇ ਵੀ ਜਾਂਦੇ ਹਨ ਤੇ ਕਈ ਵਾਰੀ ਮਜਬੂਰੀ ਨਾਲ ਪੜ੍ਹੇ ਵੀ ਜਾਂਦੇ ਹਨ।

ਤੀਸਰੀ ਅੱਖ
29.10.72

●

# ਗ਼ਜ਼ਲ

ਹਰਚਰਨ 'ਸੰਧੂ'

ਪਰਿਵਰਤਨ ਦੇ ਇਸ ਜੁਗ ਅੰਦਰ, ਘੁੱਟ ਘੁੱਟ ਕੇ ਨ ਜੀਅ ਵੇ ਲੋਕਾ !
ਕਿੰਨਾ ਅਰਸਾ ਜਬਰ ਜ਼ੁਲਮ ਦਾ, ਜ਼ਹਿਰ ਲਿਐ ਤੂੰ ਪੀ ਵੇ ਲੋਕਾ !

ਚੰਨ ਤਾਰਿਆਂ ਦੀ ਹਵਸ ਵਾਸਤੇ, ਸੋਚ ਫ਼ਜ਼ੂਲ ਲੜਾ ਨਾ ਆਪਣੀ,
ਤੱਕ ਖਾਂ ਸੱਖਣੇ ਪੇਟ ਪਏ ਨੇ, ਧਰਤ ਤੇਰੀ ਦੇ ਜੀਅ ਵੇ ਲੋਕਾ !

ਨ ਰੱਖ ਆਸਾਂ ਮਹਿਲਾਂ ਕੋਲੋਂ, ਕਿ ਓਥੋਂ ਤੈਨੂੰ ਕੁਝ ਮਿਲਜੂ,
ਨਾਅਰੇ, ਧੋਖੇ, ਲਾਰੇ ਫੋਕੇ, ਹੋਰ ਮਿਲੇਗਾ ਕੀ ਵੇ ਲੋਕਾ !

ਸੋਚ, ਕਿਵੇਂ ਹੈ ਤੇਰੀ ਮਿਹਨਤ, ਕੋਠੀਆਂ ਅੰਦਰ ਕਤਲ ਹੋਂਵਦੀ,
ਝੁੱਗੀਆਂ ਵਾਲਿਆ, ਕਿਉਂ ਏ ਤੇਰੀ, ਵਿਲਕ ਰਹੀ ਜ਼ਿੰਦਗੀ, ਵੇ ਲੋਕਾ !

ਨਿਰਖ ਨਿਰਖ ਕੇ ਹੱਸ ਨ ਐਵੇਂ, ਆਪਣੇ ਵੀਰਾਂ ਦੇ ਜ਼ਖ਼ਮਾਂ 'ਤੇ,
ਜੇ ਓਨ੍ਹਾਂ ਲਈ 'ਕੁਝ' ਕਰਨਾ ਏਂ, ਤਾਂ ਏਨ੍ਹਾਂ ਨੂੰ ਸੀ ਵੇ ਲੋਕਾ !

ਫ਼ੀਮ 'ਵਾਹਿਗੁਰੂ ਦੇ ਭਾਣੇ' ਦੀ, ਨਸ਼ਾ ਤਾਂ ਭਾਵੇਂ ਦੇਣੋਂ ਹਟ ਗਈ,
ਖੇਡ ਰਹੀ ਤੇਰੇ ਨਾਂ ਐਪਰ, ਅਜੇ ਵੀ ਚਾਰ ਸੌ ਵੀਹ, ਵੇ ਲੋਕਾ !

# ਪਾਠਕ ਲੇਖਕ ਫੋਰਮ

—ਅਕਤੂਬਰ ਅੰਕ ਪੜ੍ਹਿਆ। ਕਈ ਚੀਜ਼ਾਂ ਕਮਾਲ ਦੀਆਂ ਸਨ ਪਰ ਕਈਆਂ ਨੇ ਮਾਯੂਸ ਕੀਤਾ। ਦਲਜੀਤ ਸਿੰਘ ਦੀਆਂ 'ਗਿੱਧਾਂ' ਇਕ ਘੋਰ ਸਚਾਈ ਹੈ। ਜੇ ਅਸੀਂ ਅਵੇਸਲੇ ਰਹੇ ਤਾਂ ਵਾਕਈ ਇਹ ਸਮਾਜਕ ਗਿੱਧਾਂ ਸਾਡੀਆਂ ਬੋਟੀਆਂ ਨੋਚ ਲੈਣਗੀਆਂ। ਕਵਿਤਾ ਭਾਗ ਵਿਚ ਅਮਰ ਯਾਦਵ, ਵਰਿਯਾਮ ਅਸਰ, ਸਵਰਨਜੀਤ, ਲਿੰਦਰ, ਐਸ਼ਯਾਰ ਸ਼ਰਮਾ ਤੇ ਸ਼ੇਰ ਸਿੰਘ ਕੰਵਲ ਬਹੁਤ ਵਧੀਆ ਰਹੇ ਹਨ। ਮਿਨੀ ਸਾਹਿਤ ਦੇ ਬੂਟੇ ਅਨੁਰੂਪ ਬਾਰੇ ਵਾਕਫੀਅਤ ਉਹਦੇ ਵਿਚ ਛਪੀਆਂ ਕੁਝ ਰਚਨਾਵਾਂ ਦੁਵਾਰਾ ਦੇਕੇ ਇਕ ਚੰਗਾ ਕਦਮ ਚੁਕਿਆ ਹੈ। ਸਾਡੀ ਸਾਰਿਆਂ ਦੀ ਇਹ ਚਾਹ ਹੈ ਕਿ ਇਹ ਬੂਟਾ ਵੱਧੇ ਫੁੱਲੇ। ਕਹਾਣੀਆਂ ਵਿਚ ਗੁਰਚਰਨ ਭੁਲਰ ਦੀ 'ਦੋ ਮੂੰਹੇ' ਰਣਜੀਤ ਰਾਹੀ ਦੀ 'ਚਿੱਟੀ ਪੱਗ ਵਾਲੇ' ਬਖਸ਼ਿੰਦਰ ਦੀ 'ਹੁਲੀਆ' ਅਤੇ ਰਾਜਿੰਦਰ ਸਿੰਘ ਦੀ 'ਆਕਾਰ' ਨੇ ਪ੍ਰਭਾਵਿਤ ਕੀਤਾ। ਕਿਰਪਾਲ ਸਿੰਘ ਅਵਾਰਾ ਦੀ 'ਸੌਂਕਣ' ਕੋਈ ਨਵੀਂ ਗਲ ਨਹੀਂ। ਮਛਾਹੜ ਦੀ ਕਹਾਣੀ 'ਮੈਂ ਉਹ ਨਹੀਂ' ਕੋਈ ਚੰਗੀ ਤਨਜ਼ ਨਹੀਂ ਉਹੋ ਜਹੇ ਸਥਾਪਤ ਕਹਾਣੀ ਲੇਖਕ ਨੂੰ ਡੂੰਘੇ ਵਿਸ਼ਿਆਂ ਉਤੇ ਕਲਮ ਚੁੱਕਣੀ ਚਾਹੀਦੀ ਹੈ, ਦੇਵਿੰਦਰ ਦੀਦਾਰ ਦੀ 'ਸੁੱਖਨਾ' ਦਾ ਵਿਸ਼ਾ ਵਧੀਆ ਸੀ, ਪਰ ਕਹਾਣੀ ਨਹੀਂ ਬਣੀ ਉਸ ਕੋਲੋਂ, ਇਸੇ ਤਰ੍ਹਾਂ ਮਿਤਰ ਸੈਨ ਮੀਤ ਕੋਲੋਂ ਵੀ ਕਹਾਣੀ ਪੂਰੀ ਤਰ੍ਹਾਂ ਨਹੀਂ ਬਣੀ। ਇਨ੍ਹਾਂ ਨੌਜਵਾਨ ਲੇਖਕਾਂ ਨੂੰ ਆਪਣੀਆਂ ਰਚਨਾਵਾਂ ਤੇ ਹੋਰ ਮੇਹਨਤ ਕਰਨੀ ਚਾਹੀਦੀ ਹੈ। ਗੁਰਸ਼ਰਨ ਸਿੰਘ ਨੇ ਬਿਮਾਰ ਦੇਸ਼ ਦੀ ਬਿਮਾਰੀ ਤੇ ਉਂਗਲ ਰਖੀ ਹੈ। 'ਇਨਕਲਾਬ' ਵਾਲੇ ਇਲਾਜ ਬਾਰੇ ਹੁਣ ਵਿਸਥਾਰ ਨਾਲ ਵਿਚਾਰ ਵਟਾਂਦਰੇ ਦੀ ਲੋੜ ਹੈ। ਜਵਾਬਾਂ ਵਿਚੋਂ ਇਹ ਜਵਾਬ ਹੁਣ ਨਿਖਰਕੇ ਲੋਕਾਂ ਅੱਗੇ ਆਉਣਾ ਚਾਹੀਦਾ ਹੈ। ਤੀਜੀ ਅੱਖ ਵਿਚ ਸਾਰੀਆਂ ਹੀ ਗੱਲਾਂ ਸਾਹਿਤ ਵਿਚ ਸਮੇਂ ਦੀ ਲੋੜ ਦੇ ਅਨੁਕੂਲ ਹਨ। ਉਮੀਦ ਕੀਤੀ ਜਾਂਦੀ ਹੈ ਕਿ ਸਰਦਲ ਦਾ ਪਾਠਕ ਲੇਖਕ ਫੋਰਮ ਅਸਲ ਵਿਚ ਪੰਜਾਬੀ ਸਭਿਆਚਾਰਕ ਜ਼ਿੰਦਗੀ ਦਾ ਫੋਰਮ ਹੋ ਕੇ ਨਿਬੜੇਗਾ।

—ਗੁਰਚਰਨ ਸਿੰਘ

ਸਮੁੱਚੇ ਤੌਰ ਤੇ ਪਰਚਾ ਵਿਸ਼ੇਸ਼ਤਾ ਰਖਦਾ ਹੈ। 'ਇਹ ਹਮਾਰਾ ਜੀਵਣਾ' ਕਾਲਮ ਪਰਚੇ ਦੀ ਜਿੰਦ ਜਾਨ ਹੈ। ਇਸ ਵਾਰ ਦਾ ਟਾਈਟਲ ਅਤੇ ਨਾਲ ਲਗਦੀ ਕਵਿਤਾ ਬਹੁਤ ਖ਼ੂਬ ਹੈ, 'ਤੀਜ਼ਰੀ ਅੱਖ' ਡੂੰਘੀ ਤੇ ਸਾਫ਼ ਹੈ, ਇਸਨੂੰ ਮੈਲੀ ਨਾਂ ਹੋਣ ਦੇਣਾ। —ਗੁਰਸ਼ਰਨ ਸੇਖੋਂ

—ਅਕਤੂਬਰ ਅੰਕ ਦੀ ਸਰਦਲ ਅਤੇ ਪ੍ਰੀਤ ਲੜੀ ਦੋਨੋਂ ਇਕੱਠੇ ਪੜ੍ਹਣ ਦਾ ਮੌਕਾ ਮਿਲਿਆ ਹੈ, ਗੁਰਸ਼ਰਨ ਸਿੰਘ ਦਾ 'ਇਕ ਬਿਮਾਰ ਦੇਸ਼' ਅਤੇ ਗੁਰਬਖਸ਼ ਸਿੰਘ ਦਾ 'ਦੇਸ਼ ਚੋਰਾਹੇ ਉਤੇ' ਆਪਣੇ ਆਪ ਵਿਚ ਦੇਸ਼ ਦੇ ਮਸਲਿਆਂ ਵਲ ਦੋ ਪਹੁੰਚਾਂ ਦਾ ਅੰਤਰ ਹਨ। ਗੁਰਬਖਸ਼ ਸਿੰਘ ਦੀ ਪਹੁੰਚ ਵਿਚ ਸ਼ਕਾਇਤ ਹੈ ਕਿ ਹਾਕਮਾਂ ਨੇ ਚੋਣਾਂ ਵੇਲੇ ਜੰਤਾ ਨਾਲ ਜੋ ਵਹਿਦੇ ਕੀਤੇ ਸਨ, ਉਹ ਪੂਰੇ ਨਹੀਂ ਕੀਤੇ ਤੇ ਉਹਨਾਂ ਦੇ ਕਹੇ ਅਨੁਸਾਰ ਹਾਕਮਾਂ ਨੇ ਲੋਕਾਂ ਦੀਆਂ ਤਾਂਘਾਂ ਦੀ ਪੂਰਤੀ ਵਿਚ ਵਸਾਹ ਘਾਤ ਕੀਤਾ ਹੈ। ਉਹਨਾਂ ਨੇ ਕੁਝ ਕਦਮਾਂ ਵਲ ਇਸ਼ਾਰਾ ਕੀਤਾ ਹੈ ਕਿ ਜੇਕਰ ਸਰਕਾਰ ਉਹ ਕਦਮ ਚੁੱਕੇ ਤਾਂ ਮਸਲਾ ਹਲ ਹੋ ਸਕਦਾ ਹੈ। ਦੂਜੇ ਗੁਰਸ਼ਰਨ ਸਿੰਘ ਦੀ ਪਹੁੰਚ ਵਿਚ ਇਹ ਸਪਸ਼ਟ ਹੈ ਕਿ ਜਿਨ੍ਹਾਂ ਚਿਰ ਇਨਕਲਾਬ ਰਾਹੀਂ ਮੌਜੂਦਾ ਸਮਾਜ ਦੀਆਂ ਕੀਮਤਾਂ ਨੂੰ ਜੜ੍ਹੋਂ ਨਹੀਂ ਪੁਟਿਆ ਜਾਂਦਾ, ਉਨ੍ਹਾਂ ਚਿਰ ਦੇਸ਼ ਦੀ ਹਾਲਤ ੯੦ ਫੀ ਸਦੀ ਲੋਕਾਂ ਦੇ ਹੱਕ ਵਿਚ ਨਹੀਂ ਬਦਲੀ ਜਾ ਸਕਦੀ। ਉਹਨਾਂ ਨੇ ਇਹ ਸੱਪਸ਼ਟ ਕਰ ਦਿਤਾ ਹੈ ਕਿ ਸਰਕਾਰ ਜੇਕਰ ਕੁਝ ਕਰਨਾ ਵੀ ਚਾਹੇ ਤਾਂ ਵੀ ਉਹ ਮੌਜੂਦਾ ਪ੍ਰਬੰਧ ਵਿਚ ਕੁਝ ਕਰ ਹੀ ਨਹੀਂ ਸਕਦੀ ਯਨੀ ਉਹ ਵਹਿਦੇ ਜਿਨੇ ਮਰਜੀ ਪਈ ਕਰੇ ਉਹ ਕੋਈ ਵੀ ਵਹਿਦਾ ਪੂਰਾ ਕਰ ਹੀ ਨਹੀਂ ਸਕਦੀ— ਜਿਹੜੇ ਕਿਰਨ ਵੇਖਣ ਦੀ ਡੀਂਗ ਮਾਰਦੇ ਹਨ ਉਹ ਅਪਣੇ ਦਿਲਾਂ ਵਿਚ ਬਖੂਬੀ ਜਾਣਦੇ ਹਨ ਕਿ ਉਹ ਲੋਕਾਂ ਨੂੰ ਧੋਖਾ ਦੇ ਰਹੇ ਹਨ—ਦੇਸ਼ ਦਾ ੨੫ ਸਾਲ ਦਾ ਇਤਹਾਸ ਗੁਰਸ਼ਰਨ ਸਿੰਘ ਦੇ ਪੱਖ ਦੀ ਪੁਸ਼ਟੀ ਕਰਦਾ ਹੈ। ਕੀ ਨਹਿਰੂ ਨੇ ਲੋਕਾਂ ਨਾਲ ਕੋਈ ਘੱਟ ਵਹਿਦੇ

ਕੀਤੇ ਸਨ ? ਇੰਦਰਾ ਨੇ ਕੋਈ ਨਵਾਂ ਵਹਿਦਾ ਨਹੀਂ ਕੀਤਾ ? ੨੫ ਸਾਲ ਦੇਸ਼ ਦੀ ਜੋ ਉੱਨਤੀ ਹੋਈ ਹੈ ਜੇਕਰ ਉਹਨੇਂ ਸਾਧਾਰਨ ਲੋਕਾਂ ਦਾ ਕੋਈ ਮਸਲਾ ਹਲ ਨਹੀਂ ਕੀਤਾ ਸਗੋਂ ਸਾਧਾਰਨ ਲੋਕਾਂ ਤੇ ਭਾਰ ਵਧਾਇਆ ਹੈ ਤਾਂ ਅਗੋਂ ਕੀ ਉਮੀਦ ਕੀਤੀ ਜਾ ਸਕਦੀ ਹੈ ? ਲੋੜ ਹੈ ਕਿ ਖੱਬੀ ਸੋਚ ਵਾਲੇ ਲੋਕ ਇਹਨਾਂ ਦੋਨਾਂ ਪਹੁੰਚਾਂ ਵਿਚ ਚੰਗੀ ਤਰ੍ਹਾਂ ਨਿਤਾਰਾ ਕਰਨ ਆਪਣੇ ਦਿਮਾਗਾਂ ਵਿਚੋਂ ਭੁਲੇਖੇ ਕਢਣ ਤਾਂ ਜੋ ਇਨਕਲਾਬ ਦੇ ਰਾਹ ਵਲ ਸਾਬਤ ਕਦਮੀ ਨਾਲ ਚਲਿਆ ਜਾ ਸਕੇ ।—ਸਰਦੂਲ ਸਿੰਘ

—ਨਾਨਕ ਦੇ ਜਨਮ ਦਿਨ ਤੇ ਨਾਨਕ ਸਬੰਧੀ ਇਕ ਕਵਿਤਾ ਭੇਜ ਰਿਹਾ ਹਾਂ । ਹੁਣ ਤਾਂ ਹੋਰ ਸਿਰਫ਼ ਮੋਗਾ ਨਹੀਂ, ਸਾਰੇ ਪੰਜਾਬ 'ਚ ਬਾਬਰ ਵਹਿਸ਼ੀ ਨਾਚ ਨਚ ਰਿਹਾ ਹੈ । ਖ਼ੂਨ ਦੇ ਸੋਹਿਲੇ ਹੋਰ ਵੀ ਗਾਏ ਜਾਣਗੇ ।

—ਸਰਦਾਰਾ ਸਿੰਘ ਮਾਹਲ

—ਮੋਗੇ ਵਿਚਲੇ ਘਲੂਘਾਰੇ ਬਾਰੇ ਪਤਾ ਲਗ ਹੀ ਗਿਆ ਹੋਵੇਗਾ । ਇਥੇ ਜਲ੍ਹਿਆਂ ਵਾਲੇ ਬਾਗ ਦੀ ਯਾਦ ਦਿਵਾਈ ਗਈ ਹੈ ਤੇ ਗਲ ਦੁਹਰਾਈ ਗਈ ਹੈ । ਉਥੇ ਗੋਲੀ ਤੋਂ ਪਹਿਲਾਂ ਦਸਿਆ ਗਿਆ ਤੇ ਇਥੇ ਚੁੱਪ ਚੁਪੀਤੇ ਗੋਲੀ ਚਲੀ । ਉਥੇ ਲਾਸ਼ਾਂ ਪਈਆਂ ਰਹੀਆਂ, ਇਥੇ ਉੱਕਾ ਗਾਇਬ ਕਰ ਦਿੱਤੀਆਂ ਗਈਆਂ । ਉਥੇ ਜਿਊਂਦਿਆਂ ਨੂੰ ਭੱਜਣ ਦਿਤਾ ਗਿਆ ਸੀ ਪਰ ਇਥੇ ਜਿਊਂਦਿਆਂ ਨੂੰ ਫੜ ਫੜ ਮ ਰਿਆ ਹੈ ।

—ਹਰਪਾਲਜੀਤ ਪਾਲੀ

ਇਸ ਮਹੀਨੇ ਸਰਦਲ ਦਾ ਟਾਈਟਲ ਪੇਜ ਬਹੁਤ ਅਰਥ-ਭਰਪੂਰ ਹੈ । ਇਹ ਗਿਧਾਂ ਕਦੋਂ ਖਤਮ ਹੋਣਗੀਆਂ ? ਦੋ ਮੂਹੇਂ ਵਧੀਆ ਵਿਅੰਗ ਹੈ । ਅਨੂ ਰੂਪ ਸਚਮੁੱਚ ਪ੍ਰਸੰਸਾ ਦਾ ਪਾਤਰ ਹੈ। ਐਡਵਰਨਈਜ਼ਮੈਂਟ ਨੰਗਾ ਯਥਾਰਥ ਹੈ । ਕੌੜਾ ਸੱਚ ਹੈ । ਇਹ ਕੁੰਡਲੀਏ ਸੱਪ ਪਤਾ ਨਹੀਂ ਕਦੋਂ ਖ਼ਤਮ ਹੋਣ । 'ਹੁਲੀਆ' ਸਚਾਈ ਭਰਪੂਰ ਗਲ ਹੈ ਤੇ ਮੈਂ ਇਹ ਵੀ ਦਸ ਦੇਣਾ ਚਾਹੁੰਦੀ ਹਾਂ ਇਹ ਆਕਾਰ ਹੁਣ ਚੁੱਪ ਨਹੀਂ ਬੈਠਣਗੇ । ਕਵਿਤਾ ਭਾਗ ਸਲਾਹੁਣਾ ਯੋਗ ਹੈ । —ਸੁਰਿੰਦਰ ਭਾਟੀਆ

ਮੁੱਖ ਪੰਨੇ ਦੀ ਕਵਿਤਾ ਵਾਲਾ ਚਿੱਤਰ ਬਹੁਤ ਖ਼ੂਬ ਸੀ । ਕਹਾਣੀ ਭਾਗ ਇਸ ਵਾਰ ਬਹੁਤ ਹੀ ਖ਼ੂਬਸੂਰਤ ਲਗਿਆ । ਖਾਸ ਕਰਕੇ ਮਛਾਹੜ ਅਤੇ ਰਾਹੀ ਦੀਆਂ ਕਹਾਣੀਆਂ । ਕਵਿਤਾਵਾਂ 'ਚੋਂ ਦਲਜੀਤ ਸਿੰਘ ਤੋਂ ਬਿਨਾ ਸੰਧੂ ਵੀ ਮਾਅਰਕੇ ਦੀ ਗਲ ਕਰ ਗਿਐ । ਤੀਸਰੀ ਅੱਖ ਸਚਮੁੱਚ ਵਾਧੂ ਐ । ਇਹ ਹਮਾਰਾ ਜੀਵਣਾ-ਉਵੇਂ ਜਵਾਨ ਹੈ । —ਸੁਖਜੀਤ ਭੱਠਲ

ਸਰਦਲ ਮਿਲ ਗਿਆ ਹੈ । ਬੜੇ ਹੀ ਅਫ਼ਸੋਸ ਦੀ ਗੱਲ ਹੈ ਕਿ ਸਰਦਲ ਦੇ ਕਵਿਤਾ ਭਾਗ ਦਾ ਪੱਧਰ ਬਿਲਕੁਲ ਹੀ ਬਚਗਾਨਾ ਬਣ ਰਿਹਾ ਹੈ । ਤੁਸੀਂ ਕਹੋਗੇ ਲਿਖਿਆ ਹੀ ਇਹੋ ਕੁਝ ਜਾ ਰਿਹਾ ਹੈ । ਮੈਂ ਮੰਨਦਾ ਹਾਂ, ਪ੍ਰੰਤੂ ਹਰ ਅੰਕ ਲਈ ਦੋ ਚਾਰ ਹੀ ਕੇਵਲ ਚੰਗੀਆਂ ਕਵਿਤਾਵਾਂ ਛਾਪ ਲਿਆ ਕਰੋ ਤਾਂ ਸਰਦਲ ਦਾ ਪਹਿਲ ਪੱਧਰ ਮੁੜ ਬਕਰਾਰ ਹੋ ਸਕਦਾ ਹੈ । ਗੁਰਭਜਨ ਗਿੱਲ

ਅਕਤੂਬਰ ਅੰਕ ਸਮੁੱਚਾ ਚੰਗਾ ਲਗਿਆ । 'ਰਾਤਾਂ ਦੇ ਸੂਰਜ' ਕਹਾਣੀ ਬਹੁਤ ਚੰਗੀ ਸੀ, ਕਵਿਤਾਵਾਂ ਵਿਚੋਂ ਸ਼ਮਸ਼ੇਰ ਸੰਧੂ ਤੇ ਸ਼ਿਵਤਾਰ ਮਾਂਗਟ ਚੰਗੇ ਰਹੇ ਹਨ ।

—ਗੁਰਪਤਾਪ ਧਰਮਪੁਰੀਆ

'ਸਰਦਲ' 'ਚ ਦੋ ਨਵੇਂ ਫੀਚਰ 'ਤੀਸਰੀ ਅੱਖ' ਤੇ 'ਪਾਠਕ-ਲੇਖਕ ਫੋਰਮ' ਚਾਲੂ ਕਰ ਕੇ ਤੁਸੀਂ ਬਹੁਤ ਚੰਗਾ ਕੀਤਾ ਹੈ । —ਦੇਵ ਭਾਰਦਵਾਜ

—ਡੇਢ ਦੋ ਸਾਲਾਂ ਤੋਂ 'ਸਰਦਲ' ਦਾ ਪਾਠਕ ਚਲਿਆ ਆ ਰਿਹਾ ਹਾਂ ਪਰ ਅਕਤੂਬਰ 'ਸਰਦਲ' ਵਿਚ ਛਪੀ ਕਹਾਣੀ 'ਰਾਤ ਦੇ ਸੂਰਜ' ਮੇਰੇ ਖਿਆਲ ਅਨੁਸਾਰ ਪ੍ਰਗਤੀਵਾਦੀ ਕਹਾਣੀਆਂ ਵਿਚੋਂ, ਜਿੰਨੀਆਂ ਵੀ ਹੁਣ ਤਕ ਇਸ ਲਹਿਰ ਅੰਦਰ ਪੰਜਾਬੀ ਸਾਹਿਤ ਨੂੰ ਪ੍ਰਾਪਤ ਹੋਈਆਂ ਹਨ, ਵਿਚੋਂ ਟਾਪ ਕਰਦੀ ਹੈ........ 'ਸੁੱਖਣਾ' ਕਹਾਣੀ ਦੇ ਪਿਛਲੇ ਦੋ ਪਹਿਰੇ ਲੇਖਕ ਦੀ ਫਿਲਾਸਫ਼ੀ ਨੂੰ ਪ੍ਰੀਚ ਕਰਦੇ ਸ਼ੋਭਾ ਨਹੀਂ ਦਿੰਦੇ, ਚੰਗਾ ਹੁੰਦਾ ਕੋਈ ਲੇਖ ਲਿਖ ਦਿਤਾ ਜਾਂਦਾ । 'ਨਮਰਦ' ਕਹਾਣੀ 'ਸਰਦਲ' ਵਿਚ ਸ਼ੋਭਾ ਨਹੀਂ ਦਿੰਦੀ । ਉਂਝ ਕਹਾਣੀ ਠੀਕ ਜਿਹੀ ਸੀ, ਗੋਂਦ ਭਾਵੇਂ ਢਿੱਲੀ ਰਹੀ । ਕਵਿਤਾਵਾਂ ਜਚੀਆਂ । 'ਤੀਸਰੀ ਅੱਖ' ਕਾਲਮ ਕਿਸ ਮਕਸਦ ਲਈ ਰਖਿਆ, ਸਮਝ ਨਹੀਂ ਪਈ ? ਪਾਠਕ ਲੇਖਕ ਫੋਰਮ ਦਾ ਨਾਂ ਬੜਾ ਸੋਹਣਾ ਲਗਿਆ । ਇਸ ਵਾਰ ਦਾ ਅੰਕ ਪਿਛਲੇ ਅੰਕਾਂ ਤੋਂ ਬਹੁਤ ਚੰਗਾ ਸੀ । —ਸੁਖਦੇਵ ਸਿੰਘ ਸਿਰਹਾ

—ਮੈਂ ਪਿਛਲੇ ਤਿੰਨ ਸਾਲਾਂ ਤੋਂ 'ਸਰਦਲ' ਪੜ੍ਹ ਰਿਹਾ ਹਾਂ। ਮੈਂ ਕਹਾਣੀ ਅੰਕ ਵਿਸ਼ੇਸ਼ ਧਿਆਨ ਨਾਲ ਪੜ੍ਹੇ ਹਨ ਅਤੇ ਪਾਠਕ-ਲੇਖਕ ਫੋਰਮ ਉਨ੍ਹਾਂ ਨਾਲੋਂ ਵੀ ਵਧੇਰੇ ਧਿਆਨ ਨਾਲ। ਲੇਖਕਾਂ ਵਿਚ ਤਾਂ ਗੁਠਬੰਦੀਆਂ ਹੈਨ ਹੀ। ਪਰ ਹੁਣ ਨਵ-ਅਲੋਚਕਾਂ ਵਿਚ ਵੀ ਇਹ ਕੈਂਸਰ ਵਧ ਰਹੀ ਹੈ, ਜਿਹੋ ਜਿਹਾ ਵੀ ਕਿਸੇ ਲਿਖਿਆ 'ਅਣਖੀ' ਨੇ ਸੰਪਾਦਕ ਕਰ ਦਿਤਾ ਅਤੇ ਰਹੀ ਕਸਰ ਆਲੋਚਕਾਂ ਪੂਰੀ ਕਰ ਦਿਤੀ। ਹਰਜੀਤ ਕੋਮਲ ਲਿਖਦੇ ਹਨ: ਕਿ 'ਸੇਵਾ' ਕਹਾਣੀ ਜਾਦੂ ਟੂਣਿਆਂ ਦੇ ਦੁਆਲੇ ਘੁੰਮਦੀ ਹੈ, ਪਰ ਕੀ ਇਹ ਸਾਡੇ ਸਮਾਜ ਨੂੰ ਅਕਸਦੀ ਨਹੀਂ? ਕੀ ਜਾਦੂ-ਟੂਣਿਆਂ ਨੂੰ ਲੋਕ ਤਿਆਗ ਚੁੱਕੇ ਹਨ? ਮੈਨੂੰ ਸਾਰੀਆਂ ਕਹਾਣੀਆਂ ਵਿਚੋਂ ਸੁਭਾਵਕ ਅਤੇ ਲੋਕ-ਜੀਵਨ ਨੂੰ ਪੇਸ਼ ਕਰਨ ਵਾਲੀ 'ਸੇਵਾ' ਕਹਾਣੀ ਹੀ ਲਗੀ ਹੈ। ਕੇਵਲ ਕੁਮਾਰ ਕੰਵਲ ਦਾ ਤਾਂ ਇਹਨੂੰ ਪੜ੍ਹ ਕੇ ਸੁਆਦ ਹੀ ਖੋਹਿਆ ਗਿਆ। ਕ੍ਰਿਪਾ ਕਰਕੇ ਕੁਝ ਲੋਕਾਂ ਦੇ ਸੁਆਦ ਲਈ ਸਾਹਿਤ ਨੂੰ ਸਮੂਹ ਨਾਲੋਂ ਨਾ ਤੋੜੋ, 'ਪਾਠਕ ਅਤੇ ਲੇਖਕ' ਦੀਪ ਮੋਹਨੀ ਦਾ ਸੋਹਣਾ ਉੱਦਮ ਹੈ। 'ਇਹ ਹਮਾਰਾ ਜੀਵਣਾ' ਦੇ ਬਲਹਾਰ ਜਾਈਏ। "ਤੀਸਰੀ ਅੱਖ" ਜ਼ਰੂਰੀ ਹੈ। —ਰਾਜ ਕਮਲ

—'ਸਰਦਲ' ਦਾ ਅਕਤੂਬਰ ਦਾ ਅੰਕ ਪੜ੍ਹਿਆ ਇਸ ਵਿਚ 'ਇਹ ਹਮਾਰਾ ਜੀਵਣਾ" ਅਤੇ 'ਤੀਸਰੀ ਅੱਖ' ਲੇਖ ਪੜ੍ਹ ਕੇ ਮੈਂ ਬੜਾ ਪ੍ਰਭਾਵਤ ਹੋਇਆ। ਕਹਾਣੀਆਂ ਵਿਚੋਂ ਮਿੱਤਰ ਸੈਨ ਮੀਤ ਦੀ ਲਿਖੀ "ਰਾਤ ਦੇ ਸੂਰਜ" ਬਖਸਿੰਦਰ ਦੀ "ਹੁਲੀਆ" ਰਾਜਿੰਦਰ ਸਿੰਘ ਦੀ "ਅਕਾਰ" ਅਤੇ ਜੇ. ਐਸ. ਸੇਖੋਂ ਦੀ "ਐਡਵਰਟਾਈਜ਼ਮੈਂਟ" ਆਦਿ ਕਹਾਣੀਆਂ ਪ੍ਰਸ਼ੰਸਾ ਜਨਕ ਹਨ ਪਰ ਸੁੱਖਜੀਤ ਭੱਠਲ ਦੀ ਕਹਾਣੀ "ਨਮਰਦ" ਇਸ ਪਤਰਕਾ ਵਿਚ ਸ਼ੋਭਾ ਨਹੀਂ ਦਿੰਦੀ। ਇਸ ਤਰ੍ਹਾਂ ਦੀਆਂ ਕਹਾਣੀਆਂ ਪ੍ਰਕਾਸ਼ਤ ਕਰਨ ਤੋਂ ਸੰਕੋਚ ਕਰੋ। ਕਵਿਤਾਵਾਂ ਵਿਚੋਂ ਦਲਜੀਤ ਸਿੰਘ ਦੀ ਲਿਖੀ ਕਵਿਤਾ "ਗਿਧਾਂ" ਬਹੁਤ ਪ੍ਰਭਾਵਸ਼ਾਲੀ ਹੈ। ਮੇਰੇ ਲੇਖਕ ਵੀਰਾਂ, ਆਪਣੇ ਲੇਖਾਂ ਵਿਚ ਸਮਾਜ ਵਿਚ ਵਾਪਰ ਰਹੇ ਅਤਿਆਚਾਰ ਅਤੇ ਭਰਿਸ਼ਟਾਚਾਰ ਦਾ ਚਿੱਤਰ ਬੜੇ ਸੁਚੱਜੇ ਢੰਗ ਨਾਲ ਉਲੀਕਿਆ ਹੈ ਪਰ ਸਿਰਫ਼ ਏਨਾਂ ਹੀ ਕਾਫ਼ੀ ਨਹੀਂ ਸਾਨੂੰ ਲੋੜ ਹੈ ਇਸ ਤੋਂ ਅਗਾਂਹ ਵਧਣ ਦੀ ਤੇ ਇਹ ਸੋਚਣ ਦੀ ਕਿ ਇਸ ਭਰਿਸ਼ਟਾਚਾਰ ਨੂੰ ਅਸੀਂ ਕਿਵੇਂ ਖ਼ਤਮ ਕਰਨਾ ਹੈ ਅਤੇ ਵਧ ਰਹੇ ਅਤਿਆਚਾਰ ਨਾਲ ਕਿਸ ਤਰ੍ਹਾਂ ਨਿਬੜਨਾ ਹੈ। ਆਸ ਹੈ ਮੇਰੇ ਲੇਖਕ ਵੀਰ ਆਪਣੀ ਕਲਪਨਾ ਨੂੰ ਨਵਾਂ ਮੋੜ ਦੇਣਗੇ। —ਬਰਜਿੰਦਰ ਚੋਪੜਾ

—ਰਾਮਪੁਰ ਫੂਲ ਦੀ ਸਹਿਤ ਸਭਾ ਦਾ ਸੁਨੇਹਾ ਪੜ੍ਹਿਆ ਹੈ। ਲੋਕ-ਸਹਿਤ ਹੀ ਅਸਲੀ ਸਾਹਿਤ ਹੈ ਤੇ ਉਸ ਨੂੰ ਲੋਕਾਂ ਦੀ ਬੋਲੀ ਵਿਚ ਹੀ ਸਿਰਜਿਆ ਜਾਣਾ ਚਾਹੀਦਾ ਹੈ—ਲੋਕ ਬੋਲੀ ਤੋਂ ਮੇਰਾ ਭਾਵ ਉਹ ਬੋਲੀ ਹੈ ਜੋ ਉਨ੍ਹਾਂ ਨੂੰ ਸਮਝ ਆ ਸਕੇ। ਊਲ ਜਲੂਲ ਜਾਂ ਅਸਪਸ਼ਟ ਲਿਖਤਾਂ ਨਾਲ ਮੈਨੂੰ ਸਖ਼ਤ ਨਫ਼ਰਤ ਹੈ—ਜੋ ਗਲ ਲੋਕਾਂ ਦੀ ਸਮਝ ਵਿਚ ਨਾ ਆਵੇ ਉਸ ਨੂੰ ਸਹਿਤ ਦਾ ਨਾਂ ਦੇਣਾ ਬੜੀ ਵਡੀ ਬੇਵਕੂਫ਼ੀ ਹੋਵੇਗੀ।

ਇਥੇ ਸਰਦਲ ਕੁਝ ਲੇਟ ਪੁਜਦਾ ਹੈ, ਪੜ੍ਹਨ ਦਾ ਮਜ਼ਾ ਕਿਰਕਿਰਾ ਹੋ ਜਾਂਦਾ ਹੈ—ਖ਼ੈਰ—

ਐਤਕੀਂ ਵੀ (ਅਕਤੂਬਰ ਅੰਕ) ਕਈ ਵਾਰ ਵਾਂਗ ਤੀਸਰੀ ਅਖ ਤੋਂ ਬਿਨਾਂ ਸਰਦਲ ਵਿਚ ਕੁਝ ਵੀ ਹੱਥ ਨਹੀਂ ਲਗਦਾ। ਸਰਦਾਰਾ ਸਿੰਘ ਮਾਹਲ ਦੀ ਕਵਿਤਾ ਇਸ ਫੀਚਰ ਤੋਂ ਬਾਹਰ ਛਾਪੀ ਜਾਂਦੀ ਤਾਂ ਕਵਿਤਾ ਭਾਗ ਵਿਚ ਰੌਣਕ ਆ ਜਾਂਦੀ।—ਫਿਰ ਵੀ—ਦਲਜੀਤ ਸਿੰਘ, ਸੁਖਵੰਤ ਕੌਰ ਮਾਨ, ਪ੍ਰਭਜੋਤ ਕੌਰ ਤੇ ਸ਼ਿਆਮ ਦੀਆਂ ਕਵਿਤਾਵਾਂ ਚੰਗੀਆਂ ਕਹੀਆਂ ਜਾ ਸਕਦੀਆਂ ਹਨ। 'ਮਿਨੀ ਸਹਿਤ ਦਾ ਬੂਟਾ' ਨੋਟ ਅੱਛਾ ਹੈ ਪਰ ਅਧੂਰਾ—। ਕਹਾਣੀ ਭਾਗ ਪੜ੍ਹ ਕੇ ਇਕ ਸੁਝਾਅ ਦੇਵਾਂਗਾ, ਸ਼ਬਦ 'ਕਹਾਣੀ' ਦੀ ਥਾਂ ਤੇ ਘਟਨਾ ਵਰਤਣਾ ਸ਼ੁਰੂ ਕਰ ਦਿਓ। ਹਾਂ ਟਾਈਟਲ ਬਹੁਤ ਜਚਿਆ। —ਹਰਜੀਤ ਅਟਵਾਲ

—'ਸਰਦਲ' ਦੇ ਵਿਸ਼ੇਸ਼ 'ਕਹਾਣੀ-ਅੰਕਾਂ' ਉਪਰ ਹੋ ਰਹੀ ਬਹਿਸ ਵਿਚ ਹਾਲੀ ਮੈਂ ਸ਼ਾਮਲ ਹੋਣਾ ਨਹੀਂ ਸੀ ਚਾਹੁੰਦੀ। ਵੇਖਣਾ ਸੀ ਹੋਰ ਕਿੰਨੇ ਕੁ ਝੋਲੀ ਚੁਕ ਅਣਖੀ ਦੇ ਸੋਹਲੇ ਗਾਉਂਦੇ ਹਨ ਕਿ ਉਹਨੇ ਨਵੇਂ ਕਹਾਣੀਕਾਰ ਛਾਪੇ ਹਨ (ਕਹਾਣੀਆਂ ਪੈਣ ਢਠੇ ਖੂਹ ਕਹਾਣੀਕਾਰ ਤਾਂ ਨਵੇਂ ਸਨ) ਪਰ ਰਹਿ ਨਾ ਹੋਇਆ। ਸਾਰੀ ਪੜਚੋਲ ਪਿਛੋਂ ਜਿਸ ਸਿਟੇ ਮੈਂ ਪਹੁੰਚੀ ਉਹ ਇਹੋ ਹੈ ਜਿਹੜੇ ਅਖੌਤੀ ਅਲੋਚਕਾਂ ਨੇ ਅਣਖੀ ਦੇ 'ਕਾਮ-ਅੰਕਾਂ' ਨੂੰ

ਸਲਾਹਿਆ ਹੈ ਉਹ ਸਾਰੇ ਦੇ ਸਾਰੇ ਉਹੋ ਕਹਾਣੀਕਾਰ ਹਨ ਜਿਨ੍ਹਾਂ ਨੂੰ ਇਸ 'ਮੁਕਾਬਲੇ ਯੁੱਗ' ਵਿਚ ਦੋ ਪੇਜ ਸਰਦਲ ਦੇ ਖ਼ਰਾਬ ਕਰਨ ਦੀ ਗ਼ਲਤੀ ਅਣਖੀ ਨੇ ਕੀਤੀ (ਕਿਹੜਾ ਕੁਝ ਜੇਬੋਂ ਖੁਸਨਾ ਸੀ ਜੋ 'ਸਰਦਲ' ਤੇ ਰਹਿਮ ਕਰਦਾ) ਉਹ ਆਪਣੀ ਸਹੀ ਰਾਏ ਦੇ ਕੇ ਅਣਖੀ ਨੂੰ ਕਿਵੇਂ ਨਰਾਜ਼ ਕਰ ਸਕਦੇ ਹਨ (ਕਦੇ ਫੇਰ ਛਪਣ ਦਾ ਮੌਕਾ ਗਵਾ ਬੈਠਨ) —ਜਿਵੇਂ ਸੁਖਜੀਤ ਭੱਠਲੇ, ਪ੍ਰੀਤਮ ਬਰਾੜ ਲੰਡੇ ਤੇ ਬਲਬੀਰ ਮਾਨ ਆਦਿ। ਨਾਲੇ ਇਹ ਸਾਰੇ ਖੁਦ ਵੀ 'ਕਾਮ-ਅੰਕਾਂ' ਦੀ ਆੜ ਵਿਚ ਆਉਂਦੇ ਹਨ ਤੇ ਬਾਕੀ ਸਮੁਚੀ ਰਾਏ ਮਿੱਤਰ ਸੈਨ ਮੀਤ ਦੇ ਕਥਨ ਕਾਮ-ਅੰਕ ਦੇ ਨਾਲ ਹੈ ! ਮੈਂ ਇਸ ਬਹਿਸ ਨੂੰ ਅੱਗੇ ਤੋਰਨਾ ਲੋਚਾਂਗੀ। 'ਸਰਦਲ' ਦੇ ਪਾਠਕਾਂ ਦਾ ਉਸ ਨਾਲ ਸਹਿਮਤ ਹੋਣਾ ਕੁਦਰਤੀ ਸੀ। 'ਸਰਦਲ' ਹਮੇਸ਼ਾਂ ਹੀ ਆਪਣੇ ਪਾਠਕਾਂ ਦੇ ਖ਼ੂਨ ਨੂੰ ਨਿੱਘ ਦਿੰਦੀ ਰਹੀ ਹੈ— ਨਿਘੇ ਖੂਨ ਦਾ ਇਕਦਮ ਬਰਫ਼ ਵਿਚ ਲਗ ਜਾਣਾ— ਪਾਠਕਾਂ ਦੇ ਖੂਨ ਨੂੰ ਗਰਮ-ਸਰਦ ਕਰਕੇ ਰੋਹ ਪਰਗਟ ਨਾ ਕਰੇ ਤਾਂ ਕੀ ਕਰੇ ? ਕੀ ਅਣਖੀ ਇਕ ਵੀ ਕਹਾਣੀ ਦਾ ਨਾਂ ਲੈ ਸਕਦਾ ਹੈ ਜਿਹੜੀ 'ਸਰਦਲ' ਦੇ ਇਕ ਅੰਕ ਵਿਚ ਛਪੇ ਲੇਖਕਾਂ ਦੇ ਮੈਨੀਫੈਸਟੋ ਤੇ ਪੂਰੀ ਉਤਰਦੀ ਹੋਵੇ ਜਿਹੜੀ 'ਸਰਦਲ' ਦੀ ਸੇਧ ਮੰਨੀ ਗਈ ਸੀ। ਕਸੂਰ ਅਣਖੀ ਦਾ ਵੀ ਨਹੀਂ ? ਟੱਕਰ ਅੱਗ ਤੇ ਪਾਣੀ ਦੀ ਹੈ। ਅਣਖੀ ਆਪਣੇ ਆਪ ਨੂੰ (ਆਪ ਹੀ) ਸੈਕਸੂਅਲ ਲੇਖਕ ਮੰਨਦਾ ਹੈ (ਸ਼ਾਇਦ ਮੰਟੋ ਬਨਣ ਦੇ ਸੁਪਨੇ ਵੇਖਦਾ ਹੋਵੇ)। 'ਅਗਾਂਹ ਵਧੂ-ਪਨ ਤੇ ਸੈਕਸ ਦਾ ਕੀ ਮੁਕਾਬਲਾ।' ਉਸ ਨੇ ਆਪਣੇ ਪੱਧਰ ਦੀ ਚੋਣ ਕਰਨੀ ਹੋਈ। ਮੇਰੇ ਇਕ ਪੰਜਾਬੀ ਵਿਦਿਆਰਥੀ ਨੇ (ਜੋ ਉਹਦੇ ਇਲਾਕੇ ਨੂੰ ਬਿਲੋਂਗ ਕਰਦੀ ਹੈ। ਉਸ ਦੇ ਇਕ ਲੇਖ ਦੀ ਕਟਇੰਗ ਵਿਖਾਈ ਜਿਸ ਵਿਚ ਉਹ ਆਖਦਾ ਹੈ 'ਮੈਨੂੰ ਬਦਲਨਾ ਚਾਹੁੰਦੇ ਹੋ ਤਾਂ ਸਮਾਜ ਬਦਲੋ'— ਤੇ ਪ੍ਰਗਤੀਵਾਦੀ ਲੇਖਕਾਂ ਦਾ ਨਾਅਰਾ ਇਸ ਤੋਂ ਉਲਟ ਹੈ ਜਾਨੀ ਸਮਾਜ ਬਦਲਨ ਦਾ। ਇਸ ਪਖੋਂ ਅਣਖੀ ਦੀ ਚੋਣ ਠੀਕ ਹੀ ਸੀ।

ਫੇਰ ਕਿਸੇ ਹੋਰ ਸੱਜਣ ਨੇ ਪਰਗਟ ਸਿੰਘ ਸਿੱਧੂ ਬਾਰੇ ਪਰਗਟਾਏ 'ਅਣਖੀ' ਦੇ ਵਿਚਾਰਾਂ ਤੇ ਵੀ ਸਹਿਮਤੀ ਪਰਗੋਟ ਕੀਤੀ ਹੈ। ਇਥੇ ਮੈਂ ਅੱਣਖੀ ਅਤੇ ਉਸ ਦੇ ਸਮਰਥਕ ਤੇ ਬੜੀ ਹੈਰਾਨ ਹਾਂ। ਅੱਣਖੀ ਨੇ ਪਰਗਟ ਸਿੰਘ ਸਿੱਧੂ ਦੀ ਕਾਇਰਤਾ (ਪੈਸਿਆਂ ਖ਼ਾਤਰ ਪੰਜਾਬੀ ਸਾਹਿਤ ਛਡ ਕੇ ਭਜ ਜਾਣ ਨੂੰ) ਨਾਲ ਹਮਦਰਦੀ ਪ੍ਰਗਟ ਕਰਕੇ ਕਿਹੜੀ ਬਹਾਦਰੀ ਵਿਖਾਈ ਹੈ। ਲੇਖਕ ਕਦੇ ਪੈਸੇ ਖ਼ਾਤਰ ਲਿਖਦਾ ਹੈ ? ਜੇ ਪੈਸੇ ਖ਼ਾਤਰ ਲਿਖਦਾ ਹੈ ਤਾਂ ਉਹ ਲੇਖਕ ਨਹੀਂ। ਜੇ ਕੋਈ ਲੇਖਕ ਪੈਸੇ ਨਾ ਮਿਲਣ ਤੇ ਆਪਣੀ ਮਾਤ-ਭਾਸ਼ਾ ਤੋਂ ਮੂੰਹ ਮੋੜ ਲਏ ਤਾਂ ਉਸ ਤੇ ਲਾਅਨਤਾਂ ਪਾਉਣੀਆਂ ਚਾਹੀਦੀਆਂ ਹਨ ਨਾ ਕਿ ਹਮਦਰਦੀ ਦਾ ਪ੍ਰਗਟਾਵਾ। ਪਰ ਅੱਣਖੀ ਤਾਂ ਖ਼ੁਦ ('ਸੁਰਤਾਲ' ਵਿਚ) ਪੰਜਾਬੀ ਛੱਡਣ ਨੂੰ ਤਿਆਰ ਹੈ (ਪਰ ਕਰੇ ਕੀ ਨਾ ਚੰਗੀ ਹਿੰਦੀ ਆਉਂਦੀ ਐ ਨਾ ਅੰਗਰੇਜ਼ੀ, ਜਾਵੇ ਕਿੱਥੇ) ਖੈਰ !

ਮੁੱਕਦੀ ਗੱਲ, ਇਥੇ ਮੈਂ ਇਹ ਕਹਿਣੋਂ ਵੀ ਸੰਕੋਚ ਨਹੀਂ ਕਰਦੀ ਕਿ ਜੌਲੀ ਸਾਹਿਬ ਨੇ ਆਪਣੀ ਵਿਚਾਰ-ਧਾਰਾ ਦੇ ਵਿਰੋਧੀ ਲੇਖਕ ਨੂੰ ਅੰਕ ਦੇ ਕੇ 'ਸਰਦਲ' ਨੂੰ ਹੀ ਨਹੀਂ ਸਗੋਂ ਸਮੁਚੇ ਪਾਠਕ ਵਰਗ ਦੀ ਰੁੱਚੀ ਨੂੰ ਨੁਕਸਾਨ ਪਹੁੰਚਾਇਆ ਹੈ। ਅਗੇ ਤੋਂ ਅਜੇਹੇ ਕਾਮ-ਅੰਕਾਂ ਤੋਂ ਪਰਹੇਜ਼ ਕਰੋ! ਇਨ੍ਹਾਂ ਨੂੰ 'ਹਾਣੀ, ਅਜੀਤ' ਤੱਕ ਸੀਮਤ ਰਹਿਣ ਦਿਉ।

'ਸਰਦਲ' ਨੂੰ 'ਨਮਰਦਾਂ' ਤੋਂ ਵੀ ਬਚਾਓ। ਸਰਦਲ ਨੂੰ ਤਾਂ ਅੱਗ ਦੇ ਮਨੁੱਖਾਂ ਦੀ ਲੋੜ ਹੈ ਜੋ ਖੁਦ ਜਲ ਕੇ ਚਾਨਣ ਵਿਖਾਣ ਤੇ ਉਨ੍ਹਾਂ ਸੂਰਜਾਂ ਦੀ ਜੋ ਹਨੇਰੀਆਂ ਰਾਤਾਂ ਵਿਚ ਵੀ ਚਮਕ ਸਕਣ।

ਅੰਤ ਵਿਚ ਮੈਂ ਸ: ਗੁਰਸ਼ਰਨ ਸਿੰਘ ਜੀ ਨੂੰ ਬੇਨਤੀ ਕਰਾਂਗੀ ਕਿ ਉਹ ਇਸ ਵਾਰ ਮੋਗੇ ਹੋਏ ਗੋਲੀ-ਕਾਂਡ ਤੇ ਖੁਲ੍ਹ ਕੇ ਅਤੇ ਵਿਸਥਾਰ ਨਾਲ ਆਪਣੇ ਵਿਚਾਰ ਪੇਸ਼ ਕਰਨ। ਧੰਨਵਾਦੀ ਹੋਵਾਂਗੀ। —ਸ. ਕੋਹਲੀ

—ਅਕਤੂਬਰ 'ਸਰਦਲ' ਅੰਕ ਪੜ੍ਹਿਆ ਏ। ਪਾਠਕਾਂ ਦੀ ਰਾਏ ਪੜ੍ਹੀ। ਤਿੰਨ ਕਹਾਣੀ ਅੰਕ ਬਾਰੇ ਜੋ ਰਾਮ ਸਰੂਪ ਅਣਖੀ ਨੇ ਸੰਪਾਦਕ ਕੀਤੇ, ਰਾਏ ਅਜੇ ਵੀ ਜਾਰੀ ਹੈ। ਲਿਖਿਆ ਏ—'ਕੁਲ ੪੫' ਕਹਾਣੀਕਾਰਾਂ 'ਚੋਂ ੧੯ ਕਹਾਣੀਕਾਰ ਸਨ, ਤੇ ਬਾਕੀ ਸਭ ਨਵੀਂ ਭਰਤੀ ਹੋਈ ਫ਼ੌਜ। ਮਾਲਕ ਤੇ ਸੰਪਾਦਕ ਤੇ ਤਰਸ

ਕੀਤਾ ਹੈ। ਨਵੀਂ ਭਰਤੀ ਨੇ ਤਾਂ ਕੀ ਕਹਾਣੀਕਾਰਾਂ ਨੇ ਵੀ ਕੋਈ ਚੱਜ ਦੀ ਗੱਲ ਨਹੀਂ ਕੀਤੀ। —ਸ਼ਕਰੀਰਮਾ

—ਦੁੱਗਲ ਨੇ ਤਾਂ ਅਗਲੇ ਜਨਮ ਵੀ ਕਹਾਣੀਆਂ ਲਿਖਣੀਆਂ ਨੇ। ਪਰ ਕੀ ਅਗਲੇ ਜਨਮ ਵੀ ਆਲੋਚਨਾ ਦਾ ਚੱਕਰ ਅਜਿਹਾ ਹੀ ਰਹੇਗਾ? ਤੇ ਕੀ ਅਗਲੇ ਜਨਮ ਵਿੱਚ ਤੁਸੀਂ ਪਾਠਕ ਲੱਭ ਲਵੋਗੇ ਕਿ ਉਹਕਿਸ ਪਰਚੇ ਵਿਚ ਆਪਣੀਆਂ ਕਹਾਣੀਆਂ ਛਪਵਾ ਰਿਹਾ ਹੈ। ਇਕ ਸਫਲ ਕਹਾਣੀ ਕਾਰ ਦੇ ਹੱਥ ਵਿੱਚ ਪੰਜਾਬੀ ਕਹਾਣੀ ਦਾ ਮਾਟੋ ਹੈ ਤੇ ਤੁਸੀਂ ਪਾਠਕ ਵੀ ਜਲੂਸ ਕੱਢਣਾ ਜਾਣਦੇ ਹੋ। ਬੇਸ਼ਕ ਜਲੂਸ ਕੱਢੋ ਹੱਥ ਵਿੱਚ ਮਾਟੋ ਫੜੀ—'ਪੰਜਾਬੀ ਕਹਾਣੀ ਨੂੰ ਬਚਾਓ' ਤੇ ਅਸੀਂ ਕਹਾਣੀਕਾਰ ਤੁਹਾਡਾ ਸੁਆਗਤ ਕਰਾਂਗੇ। ਹੱਥ ਵਿੱਚ ਕਲਮ ਤੇ ਸਫੇਦ ਮਾਟੋ ਲੈ ਕੇ ਤੁਹਾਨੂੰ ਇਹ ਲਿਖਣ ਲਈ ਕਹਾਂਗੇ ਕਿ ਸਾਨੂੰ ਇਹ ਦੱਸੋ ਕਿ ਕਹਾਣੀ ਕਿਵੇਂ ਲਿਖੀ ਦੀ ਹੋ? ਸਾਡਾ ਜਿਥੋਂ ਤੱਕ ਖਿਆਲ ਹੈ ਕਿ ਅਜਿਹੇ ਮੌਕੇ ਤੁਸੀਂ ਭੀੜ ਵਿਚ ਖਿਸਕ ਕੇ ਲੁਕ-ਛਿਪਣ ਦੀ ਵਿਉਂਤ ਹੀ ਸੋਚੋਗੇ। ਰਾਮ ਸਰੂਪ ਅਣਖੀ ਦਾ ਸਿਰ ਸਾਡੇ ਲੇਖਕਾਂ ਵਲੋਂ ਹਾਜ਼ਰ ਹੈ, ਜਿਵੇਂ ਮਰਜ਼ੀ ਆਵੇ ਨਜਿੱਠ ਲਵੋ, ਪਰ ਅਸੀਂ ਅਫ਼ਸੋਸ ਨਾਲ ਕਹਿੰਦੇ ਹਾਂ ਕਿ ਪੰਜਾਬੀ ਸਾਹਿਤ ਨੂੰ ਪ੍ਰੋਫੈਸਰ ਸ਼ਾਹੀ ਦੇ ਤੰਗ ਨਜ਼ਰੀਏ ਤੋਂ ਬਚਾਉ।

—ਇਕ ਲੇਖਕ ਵਲੋਂ

'ਸਰਦਲ' ਦੇ ਟਾਈਟਲ ਉਤੇ ਛਪੀ ਕਵਿਤਾ 'ਗਿੱਧਾਂ' ਪੂਜਣ ਯੋਗ ਹੈ ਅਤੇ ਸਰਦਲ ਦੇ ਪਿਛਲੇ ਸਫਿਆਂ ਤੇ ਛਾਪਿਆ ਦੀਪ ਮੋਹਿਨੀ ਦਾ ਲੇਖ 'ਪਾਠਕ ਅਤੇ ਲੇਖਕ' ਪਟਰੌਲ ਪਾਕੇ ਫੂਕਣ ਯੋਗ ਹੈ। ਦੀਪ ਮੋਹਿਨੀ ਨੇ ਲਿਖਿਆ ਹੈ। "ਮਨੁੱਖ ਤੁਰਨ ਵੇਲੇ ਦੋਵੇਂ ਕਦਮ ਪੁਟਦਾ ਹੈ ਇਕ ਅੱਗੇ ਨੂੰ ਤੇ ਇਕ ਪਿਛੇ ਨੂੰ। ਮਨੁੱਖ ਦਾ ਅਗੇ ਨੂੰ ਪੁਟਿਆ ਕਦਮ ਹੀ ਸਾਹਿਤ ਅਖਵਾ ਸਕਦਾ ਹੈ। ਪਿਛੇ ਰਹੇ ਕਦਮ ਨੂੰ ਸ਼ਾਹਿਤ ਆਖਣ ਵਾਲੇ ਬਹੁਤ ਪਿਛੇ ਰਹਿ ਜਾਣਗੇ।" ਕੀ ਮਨੁੱਖ ਦਾ ਅੱਗੇ ਪੁਟਿਆ ਕਦਮ ਪਹਿਲਾਂ ਪਿਛੇ ਨਹੀਂ ਸੀ? ਕੀ ਪਿਛਲਾ ਕਦਮ ਅੱਗੇ ਨਹੀਂ ਜਾਏਗਾ? ਲੇਖਕਾ ਕੁਝ ਉਲਝ ਗਈ ਲਗਦੀ ਹੈ। ਉਹਨਾਂ ਹੋਰ ਲਿਖਿਆ ਹੈ ਕਿ "ਮਨੁਖਤਾ ਕੰਡਿਆਂ ਤੇ ਤੁਰੇਗੀ ਸਾਹਿਤ ਵਿੱਚ ਕੰਡਿਆਂ ਦਾ ਜ਼ਿਕਰ ਹੋਏਗਾ"। ਇਹ ਵੀ ਬਿਲਕੁਲ ਗਲਤ ਹੈ। ਮੇਰਾ ਖਿਆਲ ਹੈ ਉਸ ਸਮੇਂ ਫੁਲਾਂ ਦਾ ਚਰਚਾ ਹੋਏਗਾ। ਭੁਖ ਵੇਲੇ ਸਾਨੂੰ ਰੋਟੀ ਯਾਦ ਆਉਂਦੀ ਹੈ ਭੁਖ ਨਹੀਂ। ਪਾਸ਼ ਦੇ ਪੈਰਾਂ ਨੂੰ ਅਣ-ਜੱਥੇਬੰਦਕ ਨਹੀਂ ਕਿਹਾ ਜਾ ਸਕਦਾ। ਪਹਿਲਾਂ ਉਹ ਲੜ ਖੜਾਕੇ ਤੁਰਦਾ ਸੀ ਪਰ ਹੁਣ ਆਪ ਬੰਦਿਆਂ ਦੀ ਸਧਾਰਨ ਤੋਰ ਤੁਰਦਾ ਹੈ। ਦੀਪ ਮੋਹਿਨੀ ਨੇ ਅੱਗੇ ਲਿਖਿਆ ਹੈ ਕਿ "ਸਾਹਿਤ ਨੂੰ ਨਵੇਂ ਤਰੀਕਿਆਂ ਨਾਲ ਨਹੀਂ ਲਿਖਿਆ ਜਾ ਸਕਦਾ" ਮੇਰਾ ਖਿਆਲ ਹੈ ਤਰੀਕਿਆਂ ਤੋਂ ਉਹਨਾਂ ਦਾ ਭਾਵ ਭਾਸ਼ਾ ਤੋਂ ਹੋਣਾ ਹੈ। ਸਾਹਿਤ ਸਮੇਂ ਦੇ ਮੁਤਾਬਕ ਆਪਣਾ ਕੁੜਤਾ ਪਜਾਮਾ ਨਾਲ ਲੈਕੇ ਆਉਂਦਾ ਹੈ।

'ਰਾਤ ਦੇ ਸੂਰਜ' ਕਹਾਣੀ ਬੜੀ ਚੰਗੀ ਲੱਗੀ 'ਐਡਵਰਟਾਈਜ਼ਮੈਂਟ' ਕਾਹਦੇ ਲਈ ਛਾਪੀ ਸੀ? ਸੁਖਜੀਤ ਭੱਠਲ 'ਨਮਰਦ' ਵਿੱਚ ਸੋਹਣੀ ਗੱਲ ਕਹਿ ਗਿਆ ਪਰ ਐਸੇ ਮੌਕੇ ਕੌਣ ਗਵਾਉਂਦਾ ਹੈ।

—ਸੁਖਪਾਲ ਸਿੰਘ ਰਤਨ

—'ਸਰਦਲ' ਦੀਆਂ ਕਵਿਤਾਵਾਂ ਵਿਚ ਜਿਥੇ ਲੋਹੜੇ ਦਾ ਵੇਗ ਤੇ ਸਮੇਂ ਦੀ ਤੋਰ ਨਾਲ ਚਲਣ ਦਾ ਬਲ ਹੈ, ਉਥੇ ਕਹਾਣੀਆਂ ਪੜ੍ਹ ਕੇ ਇੰਜ ਲਗਦਾ ਹੈ, ਜਿਵੇਂ ਕੋਈ ਫਿਲਮੀ ਰਸਾਲਾ ਹੱਥ ਆ ਗਿਆ ਹੋਵੇ। ਕੁਝ ਕੁ ਨੂੰ ਛੱਡ ਕੇ ਸਭ ਪਾਠਕ ਨੂੰ ਨਿਰਾਸ ਕਰਦੀਆਂ ਹਨ। ਹਾਂ 'ਸਰਦਲ' ਦੇ ਮੁੱਖ ਚਿੱਤ੍ਰ ਬੜੇ ਅਸਦਾਇਕ ਤੇ ਭਾਵ-ਪੂਰਤ ਹੁੰਦੇ ਹਨ। ਸੁਖਵੰਤ ਕੌਰ ਮਾਨ ਦੀ ਕਹਾਣੀ 'ਖਾਲੀ ਪਲੈਟ ਫਾਰਮ' ਬਹੁਤ ਅੱਛੀ ਲੱਗੀ। ਮੇਰੇ ਵਲੋਂ ਉਹਨਾਂ ਨੂੰ ਵਧਾਈ ਦੇਣਾ। 'ਸਰਦਲ' ਪੜ੍ਹਨ ਤੋਂ ਹੁਣ ਲਗਦਾ ਹੈ ਕਿ ਆਪ ਪੰਜਾਬੀ ਸਾਹਿਤ ਦੇ ਵੱਧਦੇ ਹੋਏ ਕਦਮਾਂ ਨਾਲ ਤੁਰਨਾ ਵੀ ਲੋਚਦੇ ਹੋ ਤੇ ਸਰਮਾਏਦਾਰੀ ਨਿਜ਼ਾਮ ਵਲੋਂ ਅਗਾਂਹ-ਵਧੂ ਸਾਹਿਤ ਤੇ ਢਾਏ ਜਾਂਦੇ ਜ਼ੁਲਮ ਦਾ ਡਰ ਵੀ ਹਿਰਦੇ ਵਿਚ ਸਮਾਈ ਬੈਠੇ ਹੋ। ਮੈਂ ਆਸ ਕਰਦਾ ਹਾਂ ਕਿ 'ਸਰਦਲ' ਸਭ ਤਰ੍ਹਾਂ ਦੇ ਡਰ ਤੇ ਮਜਬੂਰੀਆਂ ਦਾ ਪਰਦਾ ਫ਼ਾਸ਼ ਕਰਕੇ ਲੋਕ-ਹਿੱਤ ਦੀ ਸਹੀ ਸੇਵਾ ਲਈ ਮੈਦਾਨ ਵਿੱਚ ਆ ਨਿਤਰੇਗਾ। —ਮਨੋਹਰ ਖਹਿਰਾ

—ਆਪ ਜੀ ਨੂੰ ਬੜੇ ਅਫਸੋਸ ਨਾਲ ਲਿਖਣਾ

ਪੈਂਦਾ ਹੈ ਕਿ ਆਪ ਜੀ ਦੀ ਨਿਗਰਾਨੀ ਹੇਠ ਛਪਵਾਏ ਗਏ ਰਸਾਲੇ ਵਿਚ ਅਜਿਹੀ ਭਾਸ਼ਾ ਦੀ ਵਰਤੋਂ ਕੀਤੀ ਜਾਂਦੀ ਹੈ ਜੋ ਕਿ ਬੱਚਿਆਂ ਉਤੇ ਬੁਰਾ ਅਸਰ ਪਾਉਂਦੀ ਹੈ। ਉਦਾਹਰਣ ਲਈ ਸਤੰਬਰ 1972 ਦੀ ਐਡੀਸ਼ਨ ਵਿਚ 'ਜਰਨੈਲ ਪੁਰੀ' ਦੀ ਲਿਖੀ ਹੋਈ ਕਹਾਣੀ 'ਭਲਾ ਕੰਮ' ਦੇ ਸਫ਼ਾ ਨੰ: 8 ਅਤੇ ਸਫ਼ਾ 10 ਵਿਚ ਅਜਿਹੀਆਂ ਕੋੜੀਆਂ ਗਲਾਂ ਦੀ ਵਰਤੋਂ ਕੀਤੀ ਗਈ ਹੈ ਜੋ ਕਿ ਬੱਚਿਆਂ ਤੇ ਬੁਰਾ ਅਸਰ ਪਾਉਂਦੀਆਂ ਹਨ ਅਤੇ ਸਾਡੇ ਸਮਾਜ ਦੇ ਅਨੁਕੂਲ ਨਹੀਂ ਹਨ। ਇਸ ਕਰਕੇ ਕੋਈ ਕਹਾਣੀ ਛਾਪਣ ਤੋਂ ਪਹਿਲਾਂ ਅਜਿਹੀ ਸੋਧ ਕਰਨੀ ਜ਼ਰੂਰੀ ਹੈ। — ਵਿਦਿਆਰਥੀ ਅਤੇ ਸਟਾਫ਼ ਗੌਰਮਿੰਟ ਮਿਡਲ ਸਕੂਲ ਹੰਭੋਵਾਲ

—'ਸਰਦਲ' ਦੇ ਪਿਛਲੇ ਦੋ ਅੰਕ ਪੜ੍ਹਨ ਨਾਲ ਹੀ ਮੈਂ ਇਸ ਨਤੀਜੇ ਤੇ ਪਹੁੰਚ ਗਿਆ ਹਾਂ ਕਿ ਇਹ ਕਵਿਤਾ ਦੇ ਖੇਤਰ ਵਿਚ ਸਭ ਤੋਂ ਅੱਗੇ ਹੈ। ਸਤੰਬਰ ਅੰਕ ਵਿਚ 'ਸਵਿੰਦਰ' ਦੀ ਲੋਰੀ ਤੇ ਪਾਸੀ ਦਾ 'ਸਮਾਂ' ਮੈਨੂੰ ਬਹੁਤ ਚੰਗੇ ਲੱਗੇ। 'ਜਰਨੈਲ ਪੁਰੀ' ਦੀ ਕਹਾਣੀ 'ਭਲਾ ਕੰਮ' ਦੀ ਭਾਸ਼ਾ ਸੁਧਰੀ ਹੋਈ ਤੇ ਵਜ਼ਨੀ ਸੀ।

—ਅਜੈ ਕੁਮਾਰ

—ਸਤੰਬਰ ਅੰਕ ਰਾਹੀਂ 'ਸਰਦਲ' ਨਾਲ ਪਹਿਚਾਣ ਹੋਈ, ਕਵਿਤਾਵਾਂ ਕਾਫ਼ੀ ਪਸੰਦ ਆਈਆਂ। ਲੋਰੀ (ਸਵਿੰਦਰ) ਮਾਂ (ਸੁਰੇਸ਼ ਕੁਰਲ) ਕਾਹਦੀ ਖਾਤਰ (ਸੁਰਿੰਦਰ ਪਾਲ ਪੰਜਾਲ) ਅਹਿਮਦ ਸਲੀਮ ਦੇ ਹਾਮੀ (ਨਵਰਾਹੀ ਘੁਗਿਆਣਵੀ) ਅਤੇ ਸੁਲਗਦੇ ਬੋਲ (ਅਜੀਤ ਸਿੰਘ ਚੰਦਨ)ਖਾਸ ਤੌਰਤੇ ਤਾਰੀਫ਼-ਯੋਗ ਹਨ। ਕਹਾਣੀਆਂ ਸਾਰੀਆਂ ਹੀ ਕਰੀਬ ਇੱਕੋ ਪੱਧਰ ਦੀਆਂ ਹਨ। ਕਿਸੇ ਦਾ ਕਥਾਨਕ ਕਮਜ਼ੋਰ ਹੈ ਤਾਂ ਕਿਸੇ ਦੀ ਸ਼ੈਲੀ। ਹਮਦਰਦਵੀਰ ਅਤੇ ਅਤਰਜੀਤ ਕੁਝ ਹੱਦ ਤਕ ਠੀਕ ਹਨ। ਗੁਲ ਚੌਹਾਨ ਨੇ ਆਪਣੀ ਕਹਾਣੀ "ਮਾਰੂਥਲ 'ਚ ਇਕ ਪੈਰ ਦੀ ਲਾਸ਼" ਵਿਚ ਅਸ਼ਲੀਲਤਾ ਜਬਰ ਦਸਤੀ ਭਰੀ ਏ, ਕਥਾਨਕ ਨਾਲ ਉਹਦਾ ਕੋਈ ਸਬੰਧ ਨਹੀਂ, ਜੇ ਲੇਖਕ ਅਤੇ ਸੰਪਾਦਕ ਅਜਿਹੀ ਬੇਲੋੜੀ ਅਸ਼ਲੀਲਤਾ ਤੋਂ ਪਰਹੇਜ਼ ਕਰਨ ਲੱਗਣ ਤਾਂ ਸੰਭਵ ਹੈ ਕਿ ਅਜਿਹੇ ਲੋਕ ਜਿਹੜੇ ਅਜੋਕੇ ਸਾਹਿਤ ਤੋਂ ਪਰਹੇਜ਼ ਕਰਦੇ ਹਨ ਆਪਣਾ ਪਰਹੇਜ਼ ਛੱਡ ਦੇਣ। ਜਰਨੈਲ ਪੁਰੀ ਨੇ ਵੀ 'ਭਲਾ ਕੰਮ" ਵਿਚ ਗੰਦੀਆਂ ਗਾਲ੍ਹਾਂ ਦੀ ਖੁਲ੍ਹੀ ਵਰਤੋਂ ਕੀਤੀ ਏ।

—ਗੁਲਬੀਰ ਸਿੰਘ ਭਾਟੀਆ

—'ਸਰਦਲ' ਦਾ ਅਕਤੂਬਰ ਅੰਕ ਸਮੁੱਚਾ ਸਲਾਹੁਣ-ਯੋਗ ਹੈ। ਇਸ ਅੰਕ ਦੀਆਂ ਸਾਰੀਆਂ ਹੀ ਕਵਿਤਾਵਾਂ ਮੈਨੂੰ ਬੇਹਦ ਪਸੰਦ ਆਈਆਂ। ਗੁਰਸ਼ਰਨ ਸਿੰਘ ਦਾ 'ਇਹ ਹਮਾਰਾ ਜੀਵਣਾ' ਅਤੇ 'ਤੀਸਰੀ ਅੱਖ' ਅਤੇ 'ਪਾਠਕ-ਲੇਖਕ ਫੋਰਮ' ਸਚਮੁੱਚ ਹੀ ਕਮਾਲ ਦੀਆਂ ਚੀਜ਼ਾਂ ਹਨ ਅਤੇ ਪਾਠਕਾਂ ਦੀ ਦਿਲਚਸਪੀ ਦਾ ਵੱਡਾ ਕਾਰਨ ਬਣਦੀਆਂ ਹਨ।

ਕਹਾਣੀਆਂ ਵਿਚੋਂ ਮਿੱਤਰ ਸੈਨ ਮੀਤ ਦੀ 'ਰਾਤ ਦੇ ਸੂਰਜ' ਰਣਜੀਤ ਰਾਹੀ ਦੀ ਚਿੱਟੀ ਪੱਗ ਵਾਲੇ' ਰਾਜਿੰਦਰ ਸਿੰਘ ਦੀ 'ਆਕਾਰ' ਆਦਿ ਉੱਚ ਪੱਧਰ ਦੀਆਂ ਕਹਾਣੀਆਂ ਹਨ। ਅਤੇ ਪਾਠਕਾਂ ਦਾ ਮਾਰਗ ਦਰਸ਼ਨ ਕਰਦੀਆਂ ਹਨ। ਬਾਕੀ ਕਹਾਣੀਆਂ ਵੀ ਅੱਛੀਆਂ ਹਨ।

—ਅਮਰਤੇਜ ਸਿੰਘ ਗਿਲ

—ਸਰਦਲ ਦਾ ਅਕਤੂਬਰ ਅੰਕ ਪੜ੍ਹਿਆ ਉਸ ਬਾਰੇ ਕੁਝ ਜ਼ਿਆਦਾ ਕਹਿਣ ਵਾਲੀ ਗੱਲ ਤਾਂ ਹੈ ਨਹੀਂ, ਮੁਖ ਪੰਨਾ ਠੀਕ-ਠੀਕ ਹੀ ਸੀ, ਕਹਾਣੀਆਂ ਵਿਚੋਂ 'ਰਾਤ ਦੇ ਸੂਰਜ' ਅਤੇ ਹੁਲੀਆ ਬੜੀਆਂ ਚੰਗੀਆਂ ਕਹਾਣੀਆਂ ਹਨ—ਮਿੱਤਰ ਸੈਨ ਨੂੰ ਕਹਿਣਾ ਸਿਰਫ਼ ਲਿਖੀ ਜਾਣ ਨਾਲ ਤਾਂ ਕੁਝ ਨਹੀਂ ਬਨਣਾ। ਅਨੁਰੂਪ ਦੇ ਦੋ ਪੰਨਿਆਂ ਵਿਚ ਵੀ ਚਲੋ ਦਿਲਜਿੰਦਰ ਅਤੇ ਅਵਧ ਨਰਾਇਣ ਸਿੰਘ ਨੇ ਕੁਝ ਤਾਂ ਕਿਹਾ ਹੈ। ਮਾਹਲ ਨੇ ਲੋਕ-ਨਾਥ ਦਾ ਜਵਾਬ ਬੜਾ ਖ਼ਰਾ ਦਿੱਤਾ ਹੈ—ਲੋਕ ਨਾਥ ਦੀ ਇਹ ਕਵਿਤਾ ਤਾਂ ਪਹਿਲਾਂ ਪੜੀ ਸੀ ਪਤਾ ਨਹੀਂ ਕਿਉਂ ਮਾਹਲ ਦੀ ਇਹ ਕਵਿਤਾ ਅਣਪੜੀ ਰਹਿ ਗਈ ਸੀ। ਬਾਕੀ ਕਵਿਤਾ—ਭਾਗ ਤਾਂ ਠੀਕ ਠੀਕ ਹੀ ਸੀ ਹਾਂ ਗਜ਼ਲਾਂ ਤਿੰਨੇ ਹੀ ਚੰਗੀਆਂ ਹਨ। 'ਇਕ ਬੀਮਾਰ ਦੇਸ਼'—ਬੀਮਾਰੀ ਵੀ ਪਤਾ ਹੈ, ਇਲਾਜ ਦੀ ਕਸਰ ਕਾਹਦੀ!

—ਦਿਲਬੀਰ ਸਿੰਘ

—ਸਰਦਲ ਦੇ ਅਕਤੂਬਰ ਅੰਕ ਵਿਚਲੀ ਤੀਸਰੀ ਅੱਖ ਨੇ ਫਿਰ ਸੁਹਣੀ ਤਰ੍ਹਾਂ ਪਰਖ ਕੀਤੀ ਹੈ। ਮੁਬਾਰਕ ਕਬੂਲ ਕਰੋ!

ਕਵਿਤਾਵਾਂ 'ਚੋਂ ਸਰਦਾਰਾ ਸਿੰਘ ਮਾਹਲ, ਸੁਖਵੰਤ ਮਾਨ, ਸ਼ੇਰ ਸਿੰਘ ਕੰਵਲ, ਅਮਰ, ਸੁਰਿੰਦਰ ਮੋਹਨ ਤੇ ਗ਼ਜ਼ਲਾਂ ਦੇਵਿੰਦਰ ਤੇ ਸਾਜ਼ ਦੀਆਂ ਬਹੁਤ ਅਸਰਦਾਰ ਸਨ । ਸ਼ਰਮੇਂ ਦੀ ਨਜ਼ਮ ਵੀ ਅੱਛੀ ਸੀ । ਬਾਕੀ ਕਵਿਤਾਵਾਂ ਦਾ ਪ੍ਰਭਾਵ ਬਹੁਤ ਪੇਤਲਾ ਹੈ । ਵਰਿਆਮ ਅਸਰ ਦੀ ਨਜ਼ਮ ਸੀ ਜਾਂ ਸਵਾਲ-ਜਵਾਬ ! ਪੂਰੇ ਵਾਕ ਨੂੰ ਤਿੰਨ-ਚਾਰ ਹਿੱਸਿਆਂ 'ਚ ਵੰਡਣ ਨਾਲ ਕਵਿਤਾ ਨਹੀਂ ਬਣ ਜਾਂਦੀ । ਅਫ਼ਸੋਸ ਕਿ ਰਚਨਾਵਾਂ 'ਜੰਮੀਆਂ' ਨਹੀਂ ਜਾਂਦੀਆਂ, 'ਪੱਥੀਆਂ' ਜਾਂਦੀਆਂ ਹਨ ।—ਲੱਗ ਭਗ ਸਾਰੀਆਂ ਹੀ ਕਹਾਣੀਆਂ 'ਚ ਸੁਭਾਵਕਤਾ ਦੀ ਘਾਟ ਹੈ । ਪਾਤਰਾਂ ਦੀ ਗਲਬਾਤ 'ਚ ਬਨਾਵਟੀ-ਪਨ ਤੇ ਠੋਸਾਂ ਜ਼ਿਆਦਾ ਹੈ । ਫਿਰ ਵੀ ਕਿਰਪਾਲ ਤੇ ਦੀਦਾਰ ਕੁਝ ਕਹਿ ਗਏ ਨੇ !—ਇਹ ਹਮਾਰਾ ਜੀਵਣਾ, ਸੁਹਣਾ ਰਿਪੋਰਤਾਜ ਹੈ । ਵਿਅੰਗ ਤੇ ਸੇਧ-ਪੂਰਣ !! ਰਚਨਾਵਾਂ ਦੀ ਚੋਣ ਵੇਲੇ ਪੱਧਰ ਦਾ ਖ਼ਿਆਲ ਰੱਖਣਾ ਚਾਹੀਦਾ ਹੈ । ਐਤਕੀਂ ਮੈਟਰ ਵੱਲ ਦੇਖਿਆਂ, ਸਰਦਲ 'ਚ ਹੋਣ ਵਾਲੀ ਤਬਦੀਲੀ ਦਾ ਆਗਾਜ਼ ਹੁੰਦਾ ਹੈ । ਪਾਠਕ-ਲੇਖਕ ਫ਼ੋਰਮ ਵਿਚ ਸ੍ਵੈ-ਪੜਚੋਲ ਦਾ ਪਿੜ ਬੱਝਣਾ ਚਾਹੀਦਾ ਹੈ । ਅਸੀਂ ਦਿਆਨਤਦਾਰੀ ਨਾਲ ਸ਼ਰੀਕ ਹੋਵਾਂਗੇ ।

—ਕੁਲਦੀਪ ਸਿੰਘ ਪੁਰੇਵਾਲ

'ਸਰਦਲ' ਅਕਤੂਬਰ ਅੰਕ ਵੇਖਿਆ, ਤਾਂ ਪਹਿਲੇ ਸਫੇ ਤੇ ਹੀ ਅੰਕਿਤ ਗਿੱਧਾਂ ਦੇ ਭਿਆਨਕ ਰੂਪ ਨੇ ਸੱਚ ਮੁੱਚ ਹੀ ਮੈਨੂੰ ਡਰਾ ਦਿੱਤਾ । ਅਮਰ ਯਾਦਵੂ ਦੀ ਕਵਿਤਾ 'ਪਹਿਚਾਣ' ਜਿਉਂ ਜਿਉਂ ਪੜ੍ਹੀ ਟੁੰਬਦੀ ਹੀ ਚਲੀ ਗਈ, 'ਖੇਡਣ ਦੇ ਅਰਥ' ਸਚਮੁੱਚ ਹੀ ਅੱਜ ਹੋਰ ਨੇ ਤੇ ਜਿੰਦਰ ਨੂੰ ਮੇਰੀਆਂ ਸ਼ੁਭ ਇਛਾਵਾਂ—ਸ਼ਿਵਤਾਰ ਮਾਂਗਟ ਨੇ ਵੀ ਸੱਚ ਹੀ ਫੁਰਮਾਇਆ ਕਿ ਉਹ ਵਿਚਾਰਾ ਕੀ ਦੱਸੇਗਾ ਘਰ ਜਾਕੇ ਖ਼ੈਰ ਅਸੀਂ ਵੀ ਉਸ ਦੇ ਚਿਹਰੇ ਤੋਂ ਅਨੁਮਾਨ ਲਗਾ ਲਿਆ ਹੈ ਨਹੀਂ ਪੁੱਛਦੇ—ਗੁਰਸ਼ਰਨ ਸਿੰਘ ਸੇਖੋਂ 'ਕਦੇ ਕਦੇ'—'ਫ਼ਰਕ' ਕੱਢ ਹੀ ਲੈਂਦਾ ਹੈ ਪਰ ਸੁਹਣੀ ਤਰ੍ਹਾਂ । ਕਹਾਣੀਆਂ 'ਰਾਤ ਦੇ ਸੂਰਜ'—'ਚਿੱਟੀ ਪੱਗ ਵਾਲੇ' ਵਧੇਰੇ ਕਾਮਯਾਬ ਰਹੀਆਂ । ਇਕ ਬਿਮਾਰ ਦੇਸ਼-ਇਕ ਯਥਾਰਥ ਹੈ-ਗੁਰਸ਼ਰਨ ਸਿੰਘ ਨੇ ਠੀਕ ਹੀ ਕਿਹਾ ਹੈ !! ਇਹ ਹਮਾਰਾ ਜੀਵਣਾ ਹਰ ਵਾਰ ਹੀ ਸੱਚ ਨੂੰ ਨੰਗਿਆਂ ਕਰ ਛੱਡਦਾ ਹੈ ਚੰਗੀ ਗੱਲ ਹੈ ।

—ਪ੍ਰੇਮ ਸਾਹਿਲ

—ਮੈਨੂੰ ਨਾ ਬਹੁਤੀ ਪੰਜਾਬੀ ਆਉਂਦੀ ਹੈ ਅਤੇ ਨਾ ਹੀ ਅੰਗਰੇਜ਼ੀ । ਕੁਝ ਸਮੇਂ ਤੋਂ ਸਰਦਲ ਅਤੇ ਕੁਝ ਹੋਰ ਪੰਜਾਬੀ ਮੈਗਜ਼ੀਨਾਂ ਪੜ੍ਹਨੀਆਂ ਸ਼ੁਰੂ ਕੀਤੀਆਂ ਹਨ । ਜੇ ਬੁਰਾ ਨਾ ਮੰਨੋ ਤਾਂ ਮੈਂ ਵੀ ਕੁਝ ਕਹਾਂ ?

ਜਦੋਂ ਮੈਂ ਛੋਟਾ ਹੁੰਦਾ ਸਾਂ, ਤਾਂ ਕਦੇ ਕਦੇ ਆਪਣੀ ਅਨਪੜ੍ਹ ਮਾਂ ਨੂੰ ਕਿਹਾ ਕਰਦਾ ਸਾਂ "ਮਾਂ ਮੈਨੂੰ ਕਹਾਣੀ ਸੁਣਾ ।" ਮਾਂ ਨੇ ਝੱਟ ਕੋਈ ਕਹਾਣੀ ਸੁਣਾ ਦੇਣੀ । ਹਰ ਕਹਾਣੀ ਦਾ ਕੋਈ ਆਦਿ ਅਤੇ ਕੋਈ ਅੰਤ ਹੁੰਦਾ ਸੀ । ਕੋਈ ਨਾਇਕ ਹੁੰਦਾ ਸੀ ਅਤੇ ਕੋਈ ਉਸਦਾ ਦੋਖੀ । ਭਾਵਨਾਵਾਂ ਪੂਰੇ ਜ਼ੋਰ ਨਾਲ ਕੰਮ ਕਰਦੀਆਂ ਸਨ । ਹਰ ਕਹਾਣੀ ਮੈਨੂੰ ਸੋਚਣ ਲਾ ਦੇਂਦੀ ਸੀ । ਕਈ ਕਈ ਦਿਨ ਉਸਦੇ ਪਾਤਰ ਜਿਉਂਦੇ ਜਾਗਦੇ ਮੇਰੀਆਂ ਅੱਖਾਂ ਦੇ ਸਾਹਮਣੇ ਤੁਰੇ ਫਿਰਦੇ । ਮੈਂ ਆਪ ਆਪਣੇ ਸਾਥੀ ਬੱਚਿਆਂ ਨੂੰ ਕਹਾਣੀ ਸੁਣਾਉਂਦਾ ਅਤੇ ਉਨ੍ਹਾਂ ਕੋਲੋਂ ਕਹਾਣੀਆਂ ਸੁਣਦਾ ।

ਸ਼ਾਇਦ ਮੈਂ ਘੱਟ ਪੜ੍ਹਿਆ ਹਾਂ, ਜਾਂ ਭਲਾ ਅੱਜ ਦੇ ਸਮੇਂ ਦੇ ਸਾਹਿਤ ਨੂੰ ਸਮਝਦਾ ਨਹੀਂ, ਮੈਨੂੰ ਕਹਾਣੀ ਪੜ੍ਹ ਕੇ ਘੱਟ ਹੀ ਸਵਾਦ ਆਇਆ ਹੈ—ਕਹਾਣੀ ਦਾ ਜੇ ਕੋਈ ਆਦਿ ਹੈ ਤਾਂ ਅੰਤ ਨਹੀਂ, ਜੇ ਆਦਿ ਅੰਤ ਦੋਵੇਂ ਹਨ ਤਾਂ ਵਿਚਕਾਰ ਕੁਝ ਨਹੀਂ । ਜਦੋਂ ਪਾਤਰ ਆਪੋ ਵਿਚ ਗੱਲਾਂ ਕਰਦੇ ਹਨ ਤਾਂ ਇਹ ਜਾਣਨ ਲਈ ਦਿਲ ਨਹੀਂ ਧੜਕਦਾ ਕਿ ਅੱਗੋਂ ਕੀਹ ਹੋਇਆ ? ਉਨ੍ਹਾਂ ਦੀਆਂ ਆਪੋ ਵਿਚ ਕੀਤੀਆਂ ਗੱਲਾਂ ਯਾਦ ਨਹੀਂ ਰਹਿੰਦੀਆਂ । ਉਹ ਥੋਥੀਆਂ ਹੁੰਦੀਆਂ ਨੇ । ਜੇ ਔਖੇ ਸੌਖੇ ਕਿਸੇ ਕਹਾਣੀ ਨੂੰ ਯਾਦ ਕਰਕੇ ਕਿਸੇ ਨੂੰ ਸੁਣਾਉਣ ਦਾ ਯਤਨ ਕਰਾਂ ਮੈਨੂੰ ਜਾਪਦਾ ਏ ਕਾਮਯਾਬੀ ਨਹੀਂ ਹੋਈ । ਕੀਹ ਇਹ ਹੋ ਸਕਦਾ ਏ ਕਿ ਮੈਨੂੰ ਪੜ੍ਹਨ ਦਾ ਵੱਲ ਹੀ ਨਾ ਆਉਂਦਾ ਹੋਵੇ ?

ਲਿਖਣ ਵਾਲੇ ਸੱਜਣਾਂ ਅਤੇ ਆਪ ਜੀ ਨੂੰ ਬੇਨਤੀ ਹੈ ਕਿ ਕਹਾਣੀ ਅਜੇਹੀ ਲਿਖੋ ਜਿਸਨੂੰ ਕਹਾਣੀ ਵਾਂਗ ਪੜ੍ਹਿਆ ਜਾ ਸਕੇ, ਜਿਸਨੂੰ ਕਹਾਣੀ ਵਾਂਗ ਸੁਤੇ ਸਿਧ

ਯਾਦ ਰੱਖਿਆ ਜਾ ਸਕੇ, ਜਿਸਨੂੰ ਚਾਰ ਬੱਚਿਆਂ ਵਿਚ ਜਾਂ ਚਾਰ ਵੱਡਿਆਂ ਵਿਚ ਮੂੰਹ ਜ਼ਬਾਨੀ ਸੁਣਾਇਆ ਜਾ ਸਕੇ (ਚਲੋ ਜੇ ਮੂੰਹ ਜ਼ਬਾਨੀ ਨਹੀਂ ਤਾਂ ਪੜ੍ਹ ਕੇ ਹੀ ਸਹੀ), ਜਿਸਨੂੰ ਸੁਣਾਉਂਦਿਆਂ ਪੜ੍ਹਨ ਵਾਲੇ ਦੀ ਜ਼ਬਾਨ ਸ਼ਰਮ ਨਾਲ ਰੁਕ ਨਾ ਜਾਵੇ,ਅਤੇ ਸੁਣਨ ਵਾਲੇ ਨੂੰ ਕਹਾਣੀ, ਕਹਾਣੀ ਵਾਂਗ ਹੀ ਪਿਆਰੀ ਲੱਗੇ।

ਮੈਨੂੰ ਡਰ ਹੈ ਕਿ ਤੁਸੀਂ ਕਹੋਗੇ ਕਿ ਅਸੀਂ "ਕਹਾਣੀਆਂ" ਲਿਖਦੇ ਅਤੇ ਛਾਪਦੇ ਹਾਂ "ਬਾਤਾਂ" ਨਹੀਂ। ਤੁਸੀ ਜੰਮ ਜੰਮ "ਕਹਾਣੀਆਂ" ਲਿਖੋ, ਛਾਪੋ ਅਤੇ "ਪੜ੍ਹੋ", ਪਰ ਮੇਰੀ ਮੋਟੀ ਬੁੱਧੀ ਨੂੰ ਅੱਜ ਦੀਆਂ ਕਹਾਣੀਆਂ ਵਿਚੋਂ, ਬਹੁਗਿਣਤੀ ਦੇ, ਲਿਖੇ ਅਤੇ ਛਾਪੇ ਜਾਣ ਦਾ ਕੋਈ ਵਜ਼ਨਦਾਰ ਕਾਰਨ ਜਾਂ ਮੰਤਵ ਸਮਝ ਵਿਚ ਨਹੀਂ ਆਇਆ।

ਮੈਂ ਇਕ ਦੋ ਪੜ੍ਹੇ ਲਿਖਿਆਂ ਨੂੰ ਕਹਿੰਦਿਆਂ ਸੁਣਿਆ ਹੈ ਕਿ ਅਜ ਕਲ ਸਾਹਿਤ ਵਿਚ ਬੜਾ ਭਾਰੀ ਸੰਕਟ ਹੈ ਅਤੇ ਕਹਾਣੀ ਨਾਵਲ ਆਦਿ ਲਈ ਸਾਡੇ ਪੱਛੜੇ ਸਮਾਜ ਵਿਚੋਂ ਯੋਗ ਪਾਤਰ ਅਤੇ ਹੀਰੋ ਨਹੀਂ ਲੱਭਦੇ। ਉਹ ਕਹਿੰਦੇ ਹਨ ਇਸ ਦੇਸ ਦਾ ਸੌਦਾ-ਪੱਤਾ ਠੀਕ ਨਹੀਂ ਕੋਈ ਘੜੇ ਕੀਹ ? ਮੈਂ ਤੁਹਾਨੂੰ ਪੁਛਦਾ ਹਾਂ ਕਿ ਕੀਹ ਇਹ ਗੱਲ ਠੀਕ ਏ ?

ਮੇਰੀ ਮੋਟੀ ਬੁੱਧੀ ਇਹ ਕਹਿੰਦੀ ਏ ਕਿ ਸਾਡੇ ਦੇਸ ਦੇ ਹਰ ਇਸਤਰੀ ਪੁਰਸ਼ ਦੇ ਚਿਹਰੇ ਉਤੇ ਕੋਈ ਨਾ ਕੋਈ ਕਹਾਣੀ ਜਾਂ ਨਾਵਲ ਦਾ ਭਾਗ ਉੱਕਰਿਆ ਪਿਆ ਹੈ। ਕਿੰਨੇ ਕੁ ਲੇਖਕ ਉਸ ਨੂੰ ਚੰਗੀ ਤਰ੍ਹਾਂ ਪੜ੍ਹ ਸੁਣ ਕੇ ਉਸ ਬਾਰੇ ਲਿਖਦੇ ਨੇ ? ਉਨ੍ਹਾਂ ਨੂੰ ਨਿਰਾ ਪੜ੍ਹਿਆ ਸੁਣਿਆ ਹੀ ਨਹੀਂ, ਘੋਖਿਆ ਵੀਚਾਰਿਆ ਮਸਾਲਾ ਵੀ ਨਾਲ ਹੀ ਰਲਾ ਕੇ ਦੇਣਾ ਚਾਹੀਦਾ ਹੈ ਤਾਂ ਜੋ ਜੇਹੜਾ ਵੀ ਪਾਠਕ ਪੈਸੇ ਖਰਚ ਕੇ, ਜਾਂ ਸਮਾਂ ਖਰਚ ਕੇ ਕੋਈ ਪਰਚਾ ਪੜ੍ਹੇ ਉਸ ਨੂੰ ਕੁਝ "ਹਾਸਲ" ਵੀ ਹੋਵੇ।

ਤੁਸੀਂ ਆਪ ਮੇਰੀ ਥਾਂ ਉਤੇ, ਪਾਠਕ ਬਣ ਕੇ ਆਪਣਾ ਲਿਖਿਆ ਜਾਂ ਆਪਣੇ ਸਾਥੀ ਦਾ ਲਿਖਿਆ, ਪੜ੍ਹਿਆ ਕਰੋ ਅਤੇ ਆਪਣੇ ਆਪ ਨੂੰ ਪੁੱਛਿਆ ਕਰੋ—

ਕੁਝ ਸਮਝ ਆਈ ? ਜਿੱਥੋਂ ਸਮਝ ਨਹੀਂ ਆਉਂਦੀ, ਉਸ ਹਿੱਸੇ ਨੂੰ ਠੀਕ ਕਰੋ ਅਤੇ ਜੇ ਫਾਲਤੂ ਜਾਪੇ ਤਾਂ ਕੱਢ ਦੇਵੋ।

ਦਿਲ ਦੀਆਂ ਤਾਰਾਂ ਹਿੱਲੀਆਂ ? ਜੇ ਤਾਰਾਂ ਹਿੱਲੀਆਂ ਨੇ ਤਾਂ ਸਮਝੋ ਤੁਸਾਂ ਆਪਣੇ ਪਾਤਰਾਂ ਨੂੰ ਠੀਕ ਪੜ੍ਹਿਆ ਸੁਣਿਆ ਹੈ।

ਮਨ ਨੂੰ ਹੁਲਾਰਾ ਆਇਆ ? ਜੇ ਨਹੀਂ ਆਇਆ ਤਾਂ ਤੁਸਾਂ ਘੱਟ ਘੋਖਿਆ ਵੀਚਾਰਿਆ ਹੈ।

ਕੋਈ ਐਸੀ ਚੀਜ਼ ਹੱਥ ਵਿਚ ਆਈ ਜੋ ਪਾਠਕਾਂ ਵਿਚ ਵੰਡੀ ਜਾਣੀ ਚਾਹੀਦੀ ਹੈ ? ਕੀਹ ਇਕ ਸਧਾਰਨ ਪਾਠਕ ਉਸ ਨੂੰ ਪੜ੍ਹ ਕੇ ਕੋਈ ਪ੍ਰੇਰਨਾ ਜਾਂ ਉਤਸ਼ਾਹ ਲੈ ਸਕੇਗਾ ?

ਜੇ ਇਨ੍ਹਾਂ ਸਵਾਲਾਂ ਦਾ ਜਵਾਬ ਹਾਂ ਵਿਚ ਹੈ ਤਾਂ ਤੁਸੀਂ ਆਪਣੀ ਕਹਾਣੀ ਬਾਰੇ ਆਪੇ ਹੀ ਫ਼ੈਸਲਾ ਕਰ ਸਕਦੇ ਹੋ। ਕਿ ਉਹ ਸਫਲ ਹੈ। ਇਸ ਫੈਸਲੇ ਲਈ ਕਿਸੇ ਆਲੋਚਕ ਦੀ ਟੀਕਾ-ਟਿਪਣੀ ਜਾਂ ਕਿਸੇ ਮਿੱਤਰ ਦੀ ਹੱਲਾ-ਸ਼ੇਰੀ ਦੀ ਲੋੜ ਨਹੀਂ ਹੋਣੀ ਚਾਹੀਦੀ।

ਤੁਸੀਂ ਸਾਹਿਤਕਾਰ ਲੋਕ ਹੋ। ਜੇ ਮੇਰੇ ਕੋਲੋਂ ਕੁਝ ਵਧ ਘੱਟ ਲਿਖਿਆ ਗਿਆ ਹੋਵੇ ਤਾਂ ਖਿਮਾਂ ਕਰਨਾ।

—ਦ: ਸ: ਸਿੱਧਰਾ, ਅੰਮ੍ਰਿਤਸਰ

—o—

ਐਡੀਟਰ, ਪ੍ਰਿੰਟਰ ਤੇ ਪਬਲਿਸ਼ਰ ਸ: ਹਰਬੰਸ ਸਿੰਘ ਜੌਲੀ ਦੀ ਨਿਗਰਾਨੀ ਹੇਠ ਤੇਜ ਪ੍ਰਿੰਟਿੰਗ ਪ੍ਰੈੱਸ,
ਕਟੜਾ ਸ਼ੇਰ ਸਿੰਘ, ਅੰਮ੍ਰਿਤਸਰ ਵਿਚ ਛਪਿਆ। ੧—੧੧—੭੨